# ਗੁਰੂ ਗੋਬਿੰਦ ਸਿੰਘ ਜੀ
# (੧੬੬੬-੧੭੦੮; ਗੁਰਗੱਦੀ ੧੬੭੫-੧੭੦੮)

ਇਥੇ ਇਹ ਕਹਿਣਾ ਕੁਥਾਂ ਨਹੀਂ ਹੋਏਗਾ ਕਿ ਸਾਰੇ ਮਨੁੱਖੀ ਇਤਿਹਾਸ ਵਿੱਚ ਕੋਈ ਐਸਾ ਵਿਅਕਤੀ ਨਹੀਂ ਹੋਇਆ ਜੋ ਗੁਰੂ ਗੋਬਿੰਦ ਸਿੰਘ ਜੀ ਨਾਲੋਂ ਵਧੇਰੇ ਉਤਸ਼ਾਹਤ ਕਰ ਸਕਣ ਵਾਲੀ ਸ਼ਖ਼ਸੀਅਤ ਦਾ ਮਾਲਕ ਹੋਵੇ। ਦਸਵੇਂ ਗੁਰ ਨਾਨਕ ਜੀ ਦਾ ਕਮਾਲ ਸੀ ਕਿ ਉਨ੍ਹਾਂ ਨੇ ਅਪਾਣੇ ਸਿੱਖਾਂ ਦੇ ਮਨਾਂ ਅਤੇ ਹਿਰਦਿਆਂ ਵਿੱਚ ਸੰਤਤਾਈ ਅਤੇ ਨਿਧੜਕਤਾ ਦੋਹਾਂ ਦੀ ਰੂਹ ਫੂਕ ਦਿਤੀ, ਨਿਆਂ ਅਤੇ ਧਰਮ ਨੂੰ ਮੁੜ ਬਹਾਲ ਕਰਨ ਅਤੇ ਸੰਸਾਰ ਵਿੱਚ ਲਤਾੜੇ ਹੋਏ ਲੋਕਾਂ ਨੂੰ ਉਚੇ ਚੁਕਣ ਲਈ, ਜਬਰ ਵਿਰੁੱਧ ਲੜਨ ਵਾਸਤੇ ਮਨੁਖਤਾ ਨੂੰ ਸਹਾਰਾ ਦੇ ਕੇ ਵੰਗਾਰਿਆ। ਕਿਹਾ ਜਾਂਦਾ ਹੈ ਕਿ ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ ਪਿਛੋਂ ਦਸਵੇਂ ਗੁਰੂ ਜੀ ਨੇ ਐਲਾਨ ਕੀਤਾ ਕਿ ਉਹ ਇੱਕ ਅਜੇਹਾ ਪੰਥ ਸਾਜਣਗੇ ਜੋ ਜਾਬਰ ਸ਼ਾਸਕਾਂ ਅਗੇ ਡਰ ਕੇ ਝੁਕੇਗਾ ਨਹੀਂ ਸਗੋਂਜੀਵਨ ਦੇ ਹਰੇਕ ਖੇਤਰ ਵਿੱਚ ਜ਼ੁਲਮ ਕਰਨ ਵਾਲਿਆਂ ਨੂੰ ਵੰਗਾਰਨਗੇ, ਮਨੁੱਖ ਜਾਤੀ ਲਈ ਨਿਆਂ, ਬਰਾਬਰਤਾ ਅਤੇ ਸ਼ਾਂਤੀ ਬਹਾਲ ਕਰਨ ਲਈ। ਗੁਰੂ ਜੀ ਨੇ ਇਹ ਵੀ ਪ੍ਰਤੀਗਿਆ ਕੀਤੀ ਕਿ ਉਹ ਗੋਬਿੰਦ ਸਿੰਘ ਤਦ ਹੀ ਕਹਾਉਣਗੇ ਜਦ ਉਨ੍ਹਾਂ ਨੇ ਖਾਲਸਾ ਪੰਥ ਦਾ ਇੱਕ ਇੱਕ ਸਿੰਘ ਨਿਧੜਕਤਾ ਅਤੇ ਸਫਲਤਾ ਨਾਲ ਰਣ ਖੇਤਰ ਵਿੱਚ ਵੈਰੀ ਦੀ ਸਵਾ ਸਵਾ ਲੱਖ ਫੌਜ ਦਾ ਟਕਰਾ ਕਰੇਗਾ। ਇਹ ਪ੍ਰਤੀਗਿਆ ਠੀਕ ਸਾਬਤ ਹੋਈ ਜਦ ਚਮਕੌਰ ਸਾਹਿਬ ਵਿੱਚ ਸਾਹਿਬਜ਼ਾਦਾ ਅਜੀਤ ਸਿੰਘ (ਗੁਰੂ ਜੀ ਦਾ ਸਭ ਤੋਂ ਵੱਡਾ ੧੮ ਵਰ੍ਹੇ ਦੀ ਆਯੂ ਦਾ ਸਪੁੱਤਰ) ਨੇ ਮੁਗਲ ਫੌਜਾਂ ਅਤੇ ਉਨ੍ਹਾਂ ਦੇ ਸਾਥੀ ਪਹਾੜੀ ਰਾਜਿਆਂ ਦੀਆਂ ਫੌਜਾਂ ਦਾ ਟਾਕਰਾ ਕੀਤਾ।

"ਹਮ ਇਹ ਕਾਜ ਜਗਤ ਮੋ ਆਏ।
ਧਰਮ ਹੇਤ ਗੁਰਦੇਵ ਪਠਾਏ।
ਜਹਾਂ ਤਹਾਂ ਤੁਮ ਧਰਮ ਬਿਥਾਰੋ।
ਦੁਸਟ ਦੋਖੀਅਨਿ ਪਕਰਿ ਪਛਾਰੋ।
ਯਹੀ ਕਾਜ ਧਰਾ ਹਮ ਜਨਮੰ।
ਸਮਝ ਲੇਹੁ ਸਾਧੂ ਸਭ ਮਨਮੰ।
ਧਰਮ ਚਲਾਵਨ ਸੰਤ ਉਬਾਰਨ।
ਦੁਸਟ ਸਭਨ ਕੋ ਮੂਲ ਉਪਾਰਨ"

(ਗੁਰੂ ਗੋਬਿੰਦ ਸਿੰਘ ਜੀ—ਚੌਪਈ, ਬਚਿਤ੍ਰ ਨਾਟਕ)

ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ ਹੀ ਮੁਗਲ ਰਾਜ ਦੇ ਜ਼ੁਲਮ ਦਾ ਟਾਕਰਾ, ਇੱਕ ਨਵਾਂ ਸਮਾਜ ਘੜਨ ਲਈ, ਕਰਨ ਦੀ ਨਿਸ਼ਾਨੀ ਸੀ। ਜਦ ਬਦੀ ਸਿਰ ਚੁਕਦੀ ਹੈ ਤਾਂ ਇੱਕ ਧਰਮਾਤਮਾ ਪੁਰਸ਼ ਇਸਦੇ ਅੱਗੇ ਦਬ ਜਾਵੇ ਜਾਂ ਹਥਿਆਰ ਚੁਕ ਕੇ ਇਸ ਨਾਲ ਲੜੇ ਅਤੇ ਇਸ ਨੂੰ ਤਬਾਹ ਕਰੇ ? ਜਵਾਨ ਗੁਰੂ ਗੋਬਿੰਦ ਰਾਇ ਜੀ ਨੇ ਦੂਜਾ ਰਾਹ ਚੁਣਿਆ, ਧਰਮ ਉਭਾਰਨ ਲਈ। ਉਨ੍ਹਾਂ ਨੇ ਇਯਤਰ੍ਹਾਂ ਆਪਣੇ ਸਿੱਖਾਂ ਨੂੰ ਆਦੇਸ਼ ਦਿਤਾ ਕਿ ਦੁਸ਼ਟਾਂ ਅਤੇ ਉਹਨਾਂ ਦੀ ਦੁਸ਼ਟਤਾ ਨੂੰ ਮਿਟਾਉਣ ਲਈ ਜਦ ਸਾਰੇ ਹੀਲੇ ਸਫਲ ਨ ਹੋਣ ਤਾਂ ਤਲਵਾਰ ਦੀ ਵਰਤੋਂ ਕੀਤੀ ਜਾਏ। ਇਸ ਆਦੇਸ਼ ਦੀ ਪੂਰਤੀ ਪ੍ਰਾਪਤ ਕਰਨ ਹਿਤ ਗੁਰੂ ਜੀ ਨੇ ਸਿੱਖਾਂ ਨੂੰ ਹੁਕਮਨਾਮੇ ਜਾਰੀ ਕੀਤੇ ਕਿ ਵੱਖ ਵੱਖ ਪ੍ਰਕਾਰ ਦੇ ਸ਼ਸਤਰ ਭੇਟਾ ਕਰਿਆ ਕਰਨ। ਗੁਰੂ ਜੀ ਦਾ ਹੁਕਮ ਬੜੇ ਜੋਸ਼ ਅਤੇ ਸ਼ਰਧਾ ਨਾਲ ਮੰਨਿਆ ਗਿਆ। ਉਨ੍ਹਾਂ ਨੇ ਆਪ ਅਜੇਹੀ ਵਰਦੀ ਪਹਿਨ ਲਹੀ ਅਤੇ ਸ਼ਸਤਰ ਧਾਰਨ ਕਰ ਲਏ ਅਤੇ ਸਿੱਖਾਂ ਨੂੰ ਪ੍ਰੇਰਨਾ ਕੀਤੀ ਕਿ ਤੀਰ ਅੰਦਾਜ਼ੀ ਅਤੇ ਬੰਦੂਕ ਚਲਾਉਣ ਦਾ ਅਭਿਆਸ ਕਰਨ। ਉਨ੍ਹਾਂ ਨੇ ਸਰੀਰਕ ਤਕੜਾਈ ਲਈ ਕਈ ਪੱਠੇ ਮਜ਼ਬੂਤ ਕਰਨ ਅਤੇ ਮੁਸ਼ੱਕਤ ਵਾਲੀਆਂ ਖੇਡਾਂ ਲਈ ਹੌਸਲਾ ਵਧਾਇਆ। ਬਹੁਤ ਸਾਰੇ ਸੁਭਾਵਕ ਜਗੀ ਰੁਚੀ ਵਾਲੇ ਸ਼ਰਧਾਲੂ ਜਿਹਨਾਂ ਦੇ ਵਡੇਰਿਆਂ ਨੇ ਗੁਰੂ ਜੀ ਦੇ ਪਿਤਾ ਜੀ ਅਤੇ ਦਾਦਾ ਜੀ ਦੀ ਸੇਵਾ ਕੀਤੀ ਸੀ, ਗੁਰੂ ਜੀ ਕੋਲ ਆਏ। ਉਸ ਸਮੇਂ ਗੁਰੂ ਜੀ ਦੇ ਮੁਖੀ ਸਾਥੀ ਉਨ੍ਹਾਂ ਦੀ ਭੂਆ ਬੀਬੀ ਵੀਰੋ ਜੀ (ਗੁਰੂ ਹਰਿਗੋਬਿੰਦ ਸਾਹਿਬ ਦੀ ਸਪੁੱਤਰੀ) ਦੇ ਪੰਜ ਸਪੁੱਤਰ, ਸਾਂਗੋ ਸ਼ਾਹ, ਜੀਤ ਮੱਲ, ਗੋਪਾਲ ਚੰਦ, ਗੰਗਾਰਾਮ, ਅਤੇ ਮੋਹਰੀ ਚੰਦ) ਗੁਰੂ ਜੀ ਦੇ ਚਾਚਾ ਜੀ ਦੇ ਦੋ ਸਪੱਤਰ, ਗੁਲਾਬ ਰਾਇ ਅਤੇ ਸ਼ਾਮਦਾਸ, ਗੁਰੂ ਜੀ ਦੇ ਮਾਮਾ, ਕ੍ਰਿਪਾਲ ਚੰਦ ਜੀ, ਗੁਰੂ ਜੀ ਦੇ ਛੋਟੀ ਉਮਰ ਦੇ ਮਿਤੱਰ ਭਾਈ ਦਇਆ ਰਾਮ ਜੀ, ਅਤੇ ਗੁਰੂ ਜੀ ਦਾ ਇੱਕ ਪਿਆਰਾ ਮਸੰਦ, ਭਾਈ ਨੰਦ ਚੰਦ ਸਨ।

ਗੁਰੂ ਜੀ ਨੇ ਆਪਣੇ ਸਿੱਖਾਂ ਨੂੰ ਉਪਦੇਸ਼ ਦਿਤਾ ਕਿ ਆਸ਼ਾਵਾਦੀ ਤੇ ਨਿਯਮਬਧ ਜੀਵਨ ਗੁਜਾਰਨ। ਗੁਰੂ ਜੀ ਆਪ ਪਿਤਾ ਪੁਰਖੀ ਮਰਿਆਦਾ ਅਨੁਸਾਰ ਸਵੇਰੇ ਅੰਮ੍ਰਿਤ ਵੇਲੇ ਉਠਦੇ ਅਤੇ ਉਪਾਸ਼ਨਾ ਕਰਦੇ। ਉਨ੍ਹਾਂ ਨੂੰ ਆਸਾ ਦੀ

ਵਾਰ ਸੁਣਕੇ ਵਿਸ਼ੇਸ਼ ਤੌਰ ਤੇ ਖੁਸ਼ੀ ਹੁੰਦੀ ਸੀ। ਦਿਨ ਚੜ੍ਹੇ ਉਹ ਆਪਣੇ ਸਿੱਖਾਂ ਨੂੰ ਧਰਮ ਉਪਦੇਸ਼ ਦਿੰਦੇ ਅਤੇ ਫਿਰ ਫੌਜੀ ਕਾਰਜਾਂ ਦਾ ਅਭਿਆਸ ਕਰਦੇ। ਦੁਪਹਿਰ ਪਿਛੋਂ ਉਹ ਆਪਣੇ ਸਿੱਖਾਂ ਨੂੰ ਮਿਲਦੇ, ਸ਼ਿਕਾਰ ਖੇਡਣ ਜਾਂਦੇ, ਜਾਂ ਘੋੜ-ਦੌੜ ਕਰਾਉਂਦੇ; ਅਤੇ ਸ਼ਾਮ ਨੂੰ ਰਹਿਰਾਸ ਦੇ ਪਾਠ ਦਾ ਦੀਵਾਨ ਸਜਾਉਂਦੇ।

ਗੁਰੂ ਜੀ ਦੀ ਸੁੰਦਰ ਡੀਲ ਡੌਲ ਦੀ ਸਾਰੇ ਪੁਰਸ਼ ਅਤੇ ਇਸਤਰੀਆਂ ਬੜੀ ਸ਼ੋਭਾ ਕਰਦੇ। ਲਾਹੌਰ ਤੋਂ ਇੱਕ ਸਿੱਖ, ਭਾਈ ਭਿਖੀਆ, ਗੁਰੂ ਜੀ ਦੇ ਦਰਸ਼ਨ ਕਰਨ ਆਇਆ। ਸੁੰਦਰ ਜਵਾਨ ਗੁਰੂ ਜੀ ਨੂੰ ਵੇਖਦਿਆਂ ਉਸ ਨੇ ਆਪਣੀ ਸਪੁੱਤਰੀ ਜੀਤੋ ਦੇ ਗੁਰੂ ਜੀ ਨਾਲ ਵਿਆਹੁਣ ਬਾਰੇ ਬੇਨਤੀ ਕੀਤੀ। ਬੇਨਤੀ ਪ੍ਰਵਾਨ ਹੋ ਗਈ ਅਤੇ ਕੁੜਮਾਈ ਦੀ ਰਸਮ ਦੇ ਮੌਕੇ ਤੇ ਅਨੰਦਪੁਰ ਬੜੀਆਂ ਖੁਸ਼ੀਆਂ ਹੋਈਆਂ। ਵਿਆਹ ਲਈ ੨੩ ਹਾੜ ਸੰਮਤ ੧੭੩੪ (ਸੰਨ ੧੬੭੭) ਈ.) ਨੀਯਤ ਹੋਈ। ਗੁਰੂ ਜੀ ਨੇ ਸਭ ਪਾਸੇ ਇਸ ਮੌਕੇ ਲਈ ਹੁਕਮ ਭੇਜੇ ਅਤੇ ਵੱਖ ਵੱਖ ਥਾਵਾਂ ਤੋਂ, ਲਾਹੌਰ ਸਣੇ, ਸਿੱਖ ਹੁੰਮ ਹੁਮਾ ਕੇ ਪੁੱਜੇ। ਅਨੰਦਪੁਰ ਨੇੜੇ ਇੱਕ ਸਥਾਨ ਚੁਣਿਆ ਗਿਆ, ਜਿਸਦਾ ਨਾਮ 'ਗੁਰੂ ਕੀ ਲਾਹੌਰ' ਰੱਖਿਆ, ਜਿਥੇ ਵਿਆਹ ਦੀ ਰਮਸ ਕੀਤੀ ਗਈ।[੧]

## ਦੁਨੀਚੰਦ ਅਤੇ ਰਾਜਾ ਰਤਨ ਰਾਇ ਦਾ ਆਉਣਾ :

ਅਥਾਹ ਪ੍ਰੇਮ ਅਤੇ ਸ਼ਰਧਾ ਭਰੇ ਹਿਰਦਿਆਂ ਨਾਲ ਭੀੜਾਂ ਦੀਆਂ ਭੀੜਾਂ ਗੁਰੂ ਜੀ ਦੇ ਦਰਸ਼ਨ ਕਰਨ ਆਉਣ ਲੱਗੀਆਂ। ਕੁਝ ਸ਼ਧਾਲੂ ਕਾਬਲ, ਕੰਧਾਰ, ਗਜ਼ਨੀ, ਬਲਖ ਅਤੇ ਬੁਖਾਰਾ ਤੋਂ ਆਏ। ਇਹ ਲੋਕ ਆਪਣੇ ਪਾਤਸ਼ਾਹ ਨੂੰ ਸ਼ਰਧਾਂਜਲੀ ਭੇਟ ਕਰਨ ਆਏ ਆਪਣੇ ਨਾਲ ਅਮੋਲਕ ਭੇਟਾਵਾਂ—ਨਮਜੇ, ਦਰੀਆਂ, ਸ਼ਾਲਾਂ ਅਤੇ ਹੋਰ ਕੀਮਤੀ ਵਸਤਾਂ—ਅਰਪਨ ਕਰਨ ਲਈ ਲਿਆਏ। ਇੱਕ ਸ਼ਰਧਾਲੂ, ਦੁਨੀਚੰਦ, ੧੬੮੧ ਵਿੱਚ ਅਨੰਦਪੁਰ ਆਇਆ ਗੁਰੂ ਜੀ ਨੂੰ ਇੱਕ ਊਨੀ ਚੰਦੋਆ ਭੇਟਾ ਕਰ ਗਿਆ। ਇਹ ਕਮਾਲ ਦਾ ਵੱਧੀਆ, ਸੋਨੇ ਅਤੇ ਚਾਂਦੀ ਨਾਲ ਕਢਾਈ ਕੀਤਾ, ਮੋਤੀਆਂ ਨਾਲ ਜੜਿਆ ਹੋਇਆ ਸੀ। ਕਿਹਾ ਜਾਂਦਾ ਹੈ ਕਿ ਇਹ ਮੁਗਲ ਬਾਦਸ਼ਾਹ ਦੇ ਚੰਦੋਏ ਨਾਲੋਂ ਵੀ ਵੱਧ ਸ਼ਾਨਦਾਰ ਸੀ।

ਗੁਰੂ ਤੇਗ ਬਹਾਦਰ ਸਾਹਿਬ ਦੀ ਬਖਸ਼ਿਸ਼ ਸਦਕਾ ਆਸਾਮ ਦੇ ਰਾਜਾ ਰਾਮ ਦੇ ਗ੍ਰਹਿ ਇੱਕ ਪੁੱਤਰ, ਰਤਨ ਚੰਦ, ਨੇ ਜਨਮ ਲਿਆ। ਰਾਜਾ ਪੁੱਤਰ ਨੂੰ ਗੁਰੂ ਜੀ ਕੋਲ ਲਿਜਾਣਾ ਚਾਹੁੰਦਾ ਸੀ ਪਰ ਮੌਤ ਹੋ ਜੌਣ ਕਾਰਨ ਉਹ ਅਨੰਦਪੁਰ ਨਾ ਜਾ ਸਕਿਆ। ਉਸ ਦੀ ਆਪਣੀ ਰਾਣੀ ਨੂੰ ਅਖੀਰ ਵੇਲੇ ਹਿਦਾਇਤ ਸੀ ਕਿ ਸ਼ਹਿਜ਼ਾਦੇ ਦੀ ਪਾਲਣਾ ਇੱਕ ਸ਼ਰਧਾਲੂ ਸਿੱਖ ਦੇ ਤੌਰ ਤੇ ਕੀਤੀ ਜਾਵੇ। ਰਾਣੀ ਨੇ ਆਪਣੇ ਪਤੀ ਦੀਆਂ ਇਛਾਵਾਂ ਦੀ ਪੂਰੀ ਤਰ੍ਹਾਂ ਪਾਲਣਾ ਕੀਤੀ ਅਤੇ ਵੱਡੇ ਹੋ ਰਹੇ ਸ਼ਹਿਜ਼ਾਦੇ ਨੂੰ ਗੁਰੂ ਸਾਹਿਬਾਨ ਦੇ ਜੀਵਨ ਅਤੇ ਉਪਦੇਸ਼ਾਂ ਬਾਰੇ ਪੂਰੀ ਜਣਕਾਰੀ ਦਿੱਤੀ। ਜਦ ਰਤਨ ਰਾਇ ਬਾਰਾਂ ਵਰ੍ਹੇ ਦਾ ਹਇਆ, ਉਸ ਦੇ ਮਨ ਵਿੱਚ ਗੁਰੂ ਜੀ ਦੇ ਦਰਸ਼ਨ ਕਰਨ ਲਈ ਇਛਾ ਹੋਈ। ਸੋ ਆਪਣੀ ਮਾਤਾ ਅਤੇ ਆਪਣੇ ਕਈ ਮੰਤਰੀਆਂ ਨਾਲ ਉਹ ਅਨੰਦਪੁਰ ਆਇਆ। ਗੁਰੂ ਜੀ ਨੂੰ ਭੇਟਾ ਕਰਨ ਲਈ ਉਹ ਪੰਜ ਘੋੜੇ, ਸੋਨੇ ਦੇ ਸਾਜ ਸਾਮਾਨ ਨਾਲ ਇੱਕ ਬੜਾ ਛੋਟਾ ਹਾਥੀ, ਇੱਕ ਸ਼ਸਤਰ ਜਿਸ ਵਿਚੋਂ ਪੰਜ ਸ਼ਸਤਰ ਬਣ ਜਾਂਦੇ ਸਨ, ਇੱਕ ਪਸਤੌਲ, ਇੱਕ ਤਲਵਾਰ, ਇੱਕ ਨੇਜ਼ਾ, ਇੱਕ ਖੰਜਰ ਅਤੇ ਇੱਕ ਗਦਾ (ਗੁਰਜ) ਲਿਆਇਆ।

ਰਾਜਾ ਰਤਨ ਰਾਇ ਦਾ ਬਹੁਤ ਸਾਰਾ ਆਦਰ ਸਵਾਗਤ ਕੀਤਾ ਗਿਆ। ਉਸ ਨੇ ਗੁਰੂ ਜੀ ਨੂੰ ਯੋਗ ਭੇਟਾਵਾਂ ਅਰਪਨ ਕੀਤੀਆਂ ਅਤੇ ਸਿੱਖ ਧਰਮ ਵਿੱਚ ਪ੍ਰਵੇਸ਼ ਕਰਾਉਣ ਲਈ ਬੇਨਤੀ ਕੀਤੀ। ਉਸ ਨੇ ਭੇਟਾ ਲਈ ਲਿਆਂਦੀਆਂ ਵਸਤਾਂ ਸਬੰਧੀ ਦਸਿਆ। ਹਾਥੀ ਨੂੰ ਹੁਕਮ ਦੇ ਕੇ ਉਸ ਤੋਂ ਗੁਰੂ ਜੀ ਦਾ ਜੋੜਾ ਸਾਫ ਕਰਵਾਇਆ ਅਤੇ ਠੀਕ ਥਾਂ ਤੇ ਰਖਵਾਇਆ। ਫਿਰ ਹੁਕਮ ਮਿਲਣ ਤੇ ਹਾਥੀ ਨੇ ਇੱਕ ਚੌਰੀ ਲੈ ਕੇ ਗੁਰੂ ਜੀ ਉਪਰ ਝੁਲਾਈ। ਰਾਜੇ ਨੇ ਗੁਰੂ ਜੀ ਜੋਗ ਬੇਨਤੀ ਕੀਤੀ ਕਿ ਹਾਥੀ ਨੂੰ ਉਹ ਸਦਾ ਆਪਣੇ ਕੋਲ ਹੀ ਰੱਖਣ।

ਰਤਨ ਰਾਇ ਆਪਣੇ ਸਾਥ ਨਾਲ ਪੰਜ ਮਹੀਨੇ ਅਨੰਦਪੁਰ ਰਿਹਾ ਅਤੇ ਇਸ ਸਮੇਂ ਕੀਰਤਨ ਦਾ ਅਨੰਦ ਮਾਣਿਆ ਅਤੇ ਗੁਰੂ ਜੀ ਦੇ ਉਪਦੇਸ਼ ਸੁਣ ਕੇ ਆਪਣੇ ਅੰਦਰ ਸੁਧਾਰ ਅਨੁਭਵ ਕੀਤਾ। ਅਨੰਦਪੁਰ ਤੋਂ ਵਾਪਸ ਜਾਣ ਵੇਲੇ ਗੁਰੂ ਜੀ ਕੁਝ ਰਸਤਾ ਨਾਲ ਆਏ ਤੇ ਫਿਰ ਉਨ੍ਹਾਂ ਨੂੰ ਵਿਦਾਇਗੀ ਕਹੀ। ਗੁਰੂ ਜੀ ਨੇ ਉਹਨਾਂ ਨੂੰ ਤੁਰਨ ਵੇਲੇ ਤੋਹਫੇ ਦਿੱਤੇ। ਇਹਨਾਂ ਸਥੂਲ ਤੋਹਫਿਆਂ ਦੇ ਨਾਲ ਗੁਰੂ ਜੀ ਨੇ ਰਤਨ ਰਾਇ ਨੂੰ ਨਾਮ ਦਾ ਰਤਨ ਵੀ ਬਖਸ਼ਿਸ਼ਆ ਜੋ ਜੀਵਨ ਦਾ ਪਰਮ ਤੋਹਫਾ ਹੈ।

"ਨਾਮੁ ਅਮੋਲਕੁ ਰਤਨੁ ਹੈ ਪੂਰੇ ਸਤਿਗੁਰ ਪਾਸਿ।
ਸਤਿਗੁਰ ਸੇਵੈ ਲਗਿਆ ਕਢਿ ਰਤਨੁ ਦੇਵੈ ਪਰਗਾਸਿ।
ਧੰਨ ਵਡਭਾਗੀ ਵਡਭਾਗੀਆ ਜੋ ਆਇ ਮਿਲੇ ਗੁਰ ਪਾਸਿ।

(ਸ੍ਰੀ ਰਾਗ ਮਹਲਾ ੪, ਪੰਨਾ ੪੦)

## ਰਣਜੀਤ ਨਗਾਰਾ :

ਗੁਰੂ ਜੀ ਦੀ ਫੌਜ ਦਿਨੋ ਦਿਨ ਵੱਧਦੀ ਜਾ ਰਹੀ ਸੀ ਅਤੇ ਹੁਣ ਉਹ ਇੱਕ ਵੱਡਾ ਨਗਾਰਾ ਬਨਾਉਣ ਦੀ ਵਿਚਾਰ ਕਰ ਰਹੇ ਸੀ ਜੋ ਫੌਜ ਨੂੰ ਉਤਸ਼ਾਹ ਦੇਣ ਲਈ ਜਰੂਰੀ ਸਮਝਿਆ ਜਾਂਦਾ ਸੀ ਅਤੇ ਜਿਸ ਦੇ ਬਿਨਾਂ ਗੁਰੂ ਜੀ ਆਪਣਾ ਫੌਜੀ ਸਾਮਾਨ ਅਧੂਰਾ ਸਮਝਦੇ ਸੀ। ਨਗਾਰਾ ਬਨਵਾਉਣ ਦਾ ਕੰਮ ਗੁਰੂ ਜੀ ਨੇ ਆਪਣੇ ਦੀਵਾਨ, ਨੰਦ ਚੰਦ, ਨੂੰ ਸੌਂਪਿਆ। ਉਸ ਸਮੇਂ ਕੇਵਲ ਇੱਕ ਸੁਤੰਤਰ ਰਾਜਾ ਹੀ ਇਹੋ ਜਿਹਾ ਨਗਾਰਾ ਆਪਣੇ ਇਲਾਕੇ ਦੀਆਂ ਹੱਦਾਂ ਅੰਦਰ ਵਰਤ ਸਕਦਾ ਸੀ। ਦੂਜੇ ਰਾਜੇ ਦੇ ਇਲਾਕੇ ਦੀ ਹੱਦ ਅੰਦਰ ਨਗਾਰਾ ਵਜਾਉਣਾ ਦੁਸ਼ਮਨੀ ਵਾਲਾ ਕੰਮ ਅਤੇ ਜੰਗ ਲਈ ਖੁਲ੍ਹਾ ਸੱਦਾ ਸਮਝਿਆ ਜਾਂਦਾ ਸੀ। ਨਗਾਰਾ ਪੂਰਾ ਬਣ ਗਿਆ ਤਾਂ ਅਰਦਾਸ ਕਰਕੇ ਕੜਾਹ ਪ੍ਰਸ਼ਾਦਿ ਵਰਤਾਇਆ ਗਿਆ। ਇਸ ਦਾ ਨਾਮ 'ਰਣਜੀਤ ਨਗਾਰਾ' ਰੱਖਿਆ। ਜਦ ਇਸ ਨੂੰ ਵਜਾਇਆ ਤਾਂ ਸ਼ਹਿਰ ਵਿਚੋਂ ਪੁਰਸ਼ ਅਤੇ ਇਸਤਰੀਆਂ ਸਭ ਸੰਗਤਾਂ ਵੇਖਣ ਆਈਆਂ ਅਤੇ ਬੜੀਆਂ ਖੁਸ਼ੀਆਂ ਮਨਾਈਆਂ ਗਈਆਂ।

ਉਸੇ ਦਿਨ ਗੁਰੂ ਜੀ ਆਪਣੇ ਸਿੱਖਾਂ ਨਾਲ ਸ਼ਿਕਾਰ ਖੇਡਣ ਗਏ। ਜਦ ਉਹ ਕਹਿਲੂਰ ਰਿਆਸਤ ਦੀ ਰਾਜਧਾਨੀ, ਬਿਲਾਸਪੁਰ ਨੇੜੇ ਪੁੱਜੇ ਤਾਂ ਨਗਾਰਾ ਵਜਾਇਆ ਗਿਆ। ਇਸ ਦੀ ਗਰਜ ਸੁਣ ਕੇ ਪਹਾੜੀ ਲੋਕਾਂ ਨੂੰ ਡਰਕੇ ਕਿਸੇ ਆਉਣ ਵਾਲੇ ਖਤਰੇ ਦਾ ਅਨੁਭਵ ਹੋਇਆ। ਕਹਿਲੂਰ ਦੇ ਰਾਜੇ ਭੀਮਚੰਦ ਨੇ ਆਪਣੇ ਪ੍ਰਧਾਨ ਮੰਤਰੀ ਦੀ ਸਲਾਹ ਪੁੱਛੀ ਜਿਸ ਨੇ ਕਿਹਾ ਕਿ ਇਹ ਨਗਾਰਾ ਗੁਰੂ ਜੀ ਦਾ ਹੈ ਜੋ ਪੂਜਨ ਯੋਗ ਹਨ ਅਤੇ ਦੂਜੀ ਗੱਲ ਇਹ ਕਿ ਗੁਰੂ ਜੀ ਨੇ ਬਹੁਤ ਵੱਡੀ ਫੌਜ ਰੱਖੀ ਹੋਈ ਹੈ ਜਿਸ ਤੋਂ ਬਹੁਤ ਲੋਕ ਡਰਦੇ ਹਨ; ਅਤੇ ਤੀਜੀ ਗੱਲ, ਗੁਰੂ ਜੀ ਇੱਕ ਮਹਾਨ ਯੋਧਾ ਹਨ ਜੋ ਕਦੇ ਕਦੇ ਮਿਤਰ ਦੇ ਤੌਰ ਤੇ ਲਾਭਵੰਦ ਹੁੰਦੇ ਹਨ। ਇਹ ਸੁਣ ਕੇ ਰਾਜਾ ਭੀਮਚੰਦ ਨੇ ਗੁਰੂ ਜੀ ਨੂੰ ਮਿਲਣ ਦੀ ਇੱਛਾ ਕੀਤੀ ਅਤੇ ਆਪਣੇ ਪ੍ਰਧਾਨ ਮੰਤਰੀ ਨੂੰ ਭੇਜਿਆ ਗੁਰੂ ਜੀ ਨਾਲ ਮੁਲਾਕਾਤ ਲਈ ਬੇਨਤੀ ਕਰਨ ਲਈ। ਗੁਰੂ ਜੀ ਨੇ ਪ੍ਰਵਾਨ ਕਰ ਲਈ ਅਤੇ ਰਾਜਾ ਭੀਮਚੰਦ ਆਪਣੇ ਦਰਬਾਰੀਆਂ ਨੂੰ ਨਾਲ ਲੈ ਕੇ ਅਨੰਦਪੁਰ ਆਇਆ।

## ਰਾਜਾ ਭੀਮ ਚੰਦ ਅਤੇ ਗੁਰੂ ਜੀ :

ਰਾਜਾ ਭੀਮ ਚੰਦ ਦਾ ਗੁਰੂ ਜੀ ਦੇ ਦਰਬਾਰ ਵਿੱਚ ਬੜੇ ਆਦਰ ਨਾਲ ਸਵਾਗਤ ਕੀਤਾ ਗਿਆ। ਉਸ ਨੇ ਗੁਰੂ ਜੀ ਨੂੰ ਆਸਾਮ ਦੇ ਰਾਜੇ ਵਲੋਂ ਆਏ ਤੋਹਫੇ ਵਿਖਾਉਣ ਲਈ ਬੇਨਤੀ ਕੀਤੀ। ਭੀਮ ਚੰਦ ਅਤੀ ਸੁੰਦਰ ਕਾਬਲੀ ਚੰਦੋਆ ਵੇਖ ਕੇ ਹੈਰਾਨ ਰਹਿ ਗਿਆ। ਉਸ ਨੂੰ ਦੱਸਿਆ ਗਿਆ ਕਿ ਇਹ ਚੰਦੋਆ ਕਾਬਲ ਦੇ ਇੱਕ ਧਰਮਾਤਮਾ ਸਿੱਖ ਵਲੋਂ ਭੇਟਾ ਹੈ। ਭੀਮ ਚੰਦ ਨੂੰ ਸਾਰੇ ਤੋਹਫੇ ਵਿਖਾਏ ਗਏ। ਗੱਲਾਂ ਬਾਤਾਂ ਕਰਦਿਆਂ ਜਦ ਸੋਹਣੀ ਤਰ੍ਹਾਂ ਸ਼ਿੰਗਾਰਿਆ ਹਾਥੀ ਅੱਗੇ ਆਇਆ ਤਾਂ ਰਾਜਾ ਹੱਕਾ ਬੱਕਾ ਰਹਿ ਗਿਆ ਅਤੇ ਸਾਰੀਆਂ ਭੇਟਾਵਾਂ, ਜੋ ਉਸ ਨੇ ਵੇਖੀਆਂ, ਦੀ ਬੇਅੰਤ ਸ਼ਲਾਘਾ ਕਰਨ ਲੱਗਾ। ਆਪਣੀ ਰਿਆਸਤ ਵੱਲ ਮੁੜਦਿਆਂ ਰਾਜੇ ਦਾ ਮਨ ਗੁਰੂ ਜੀ ਦੀ ਪਦਵੀ ਅਤੇ ਦੌਲਤ ਬਾਰੇ ਈਰਖਾ ਨਾਲ ਸੜ ਰਿਹਾ ਸੀ ਅਤੇ ਉਸ ਨੇ ਇਰਾਦਾ ਕੀਤਾ ਕਿ ਘੱਟੋ ਘੱਟ ਹਾਥੀ ਜ਼ਰੂਰ ਲੈ ਲੈਣਾ ਹੈ।

ਆਪਣੀ ਰਾਜਧਾਨੀ ਵਾਪਸ ਪੁੱਜਣ ਤੇ ਭੀਮ ਚੰਦ ਨੇ ਆਪਣੇ ਮਨ ਦੀ ਗੱਲ ਦਰਬਾਰੀਆਂ ਨੂੰ ਦੱਸੀ। ਫੈਸਲਾ ਹੋਇਆ ਕਿ ਗੁਰੂ ਜੀ ਨੂੰ ਇੱਕ ਸੰਦੇਸ਼ ਭੇਜਣਾ ਚਾਹੀਦਾ ਹੈ ਕਿ ਗੜਵਾਲ ਦਾ ਰਾਜਾ ਫਤਹਿ ਚੰਦ ਆਪਣੀ ਧੀ ਦੀ ਮੰਗਣੀ ਭੀਮ ਚੰਦ ਦੇ ਪੁੱਤਰ ਨਾਲ ਕਰਨ ਨਈ ਮੇਲ ਲੈ ਕੇ ਆ ਰਿਹਾ ਹੈ ਅਤੇ ਭੀਮ ਚੰਦ ਦੀ ਇੱਛਾ ਹੈ ਕਿ ਗੁਰੂ ਜੀ ਆਪਣਾ ਹਾਥੀ ਇਸ ਮੌਕੇ ਲਈ ਮਾਂਗਵਾਂ ਦੇ ਦੇਣ ਤਾਂ ਜੁ ਰਾਜਾ ਆਪਣੇ ਪ੍ਰਾਹੁਣਿਆਂ ਨੂੰ ਆਪਣੀ ਦੌਲਤ ਦਾ ਵਿਖਾਵਾ ਕਰ ਸਕੇ। ਜਦ ਗੁਰੂ ਜੀ ਨੂੰ ਸੰਦੇਸ਼ ਮਿਲਿਆ ਤਾਂ ਉਹ ਜਾਣੀ-ਜਾਣ ਸਨ ਕਿ ਇਹ ਇੱਕ ਚਾਲ ਹੈ ਹਾਥੀ ਨੂੰ ਪੱਕੀ ਤਰ੍ਹਾਂ ਲੈ ਲੈਣ ਲਈ। ਗੁਰੂ ਜੀ ਨੇ ਭੀਮਚੰਦ ਨੂੰ ਉਤਰ ਭੇਜਿਆ, "ਜਿਸ ਰਾਜੇ ਨੇ ਇਹ ਹਾਥੀ ਭੇਟਾ ਕੀਤਾ ਸੀ, ਉਸ ਨੇ ਮੈਨੂੰ ਬੇਨਤੀ ਕੀਤੀ ਸੀ ਕਿ ਮੈਂ ਇਹ ਹਾਥੀ ਕਦੇ ਵੀ ਆਪਣੇ ਕੋਲੋਂ ਕਿਸੇ ਕੋਲ ਨ ਜਾਣ ਦਿਆਂ। ਇਹ ਗੁਰੂ ਘਰ ਦਾ ਅਸੂਲ ਹੈ ਕਿ ਇਹੋ ਜੇਹੀਆਂ ਬੇਨਤੀਆਂ ਨੂੰ ਪ੍ਰਵਾਨ ਕਰਕੇ ਇਹਨਾਂ ਉਤੇ ਕਾਇਮ ਰਿਹਾ ਜਾਏ।" ਕਿਹਾ ਜਾਂਦਾ ਹੈ ਕਿ ਰਾਜੇ ਨੇ ਤਿੰਨ ਵਾਰ ਆਪਣੇ ਏਲਚੀ ਭੇਜੇ ਜਿਨ੍ਹਾਂ ਵਿੱਚ ਅਖੀਰਲਾ ਜਸਵਾਲ ਦਾ ਰਾਜਾ ਕੇਸਰੀ ਚੰਦ ਸੀ। ਪਰ ਗੁਰੂ ਜੀ ਨਾ ਮੰਨੇ। ਸੋ ਭੀਮਚੰਦ ਨੇ ਗੁੱਸਾ ਕੀਤਾ ਅਤੇ ਬਦਲਾ ਲੈਣਾ ਚਾਹਿਆ।

ਮਸੰਦਾਂ ਦੀ ਬਹੁਗਿਣਤੀ ਗੁਰੂ ਜੀ ਦੀਆਂ ਫੌਜੀ ਤਿਆਰੀਆਂ ਕਾਰਨ ਭੜਕ ਗਈ ਅਤੇ ਉਹਨਾਂ ਗੁਰੂ ਜੀ ਦੀ ਮਾਤਾ ਜੀ ਕੋਲ ਬੇਨਤੀ ਕੀਤੀ ਕਿ ਉਹ ਗੁਰੂ ਜੀ ਨੂੰ ਅਜੇਹੀਆਂ ਕਾਰਵਾਈਆਂ ਤੋਂ ਹਟਾਉਣ ਤਾਂ ਜੁ ਇਨ੍ਹਾਂ ਕਾਰਨ ਗੁਰੂ ਜੀ ਉਤੇ ਕੋਈ ਕਸ਼ਟ ਨਾ ਆ ਸਕੇ। ਜਦ ਗੁਰੂ ਜੀ ਨਾਲ ਮਾਤਾ ਜੀ ਨੇ ਇਸ ਸਬੰਧੀ ਗੱਲ ਕੀਤੀ ਤਾਂ ਗੁਰੂ ਜੀ ਨੇ ਉਤਰ ਦਿਤਾ, "ਪਿਆਰੀ ਮਾਤਾ ਜੀਉ, ਮੈਨੂੰ ਅਕਾਲ ਪੁਰਖ ਨੇ ਇਸ ਸੰਸਾਰ ਵਿੱਚ ਭੇਜਿਆ ਹੈ। ਜੋ ਉਸ ਦੀ ਅਰਾਧਨਾ ਕਰੇਗਾ, ਪ੍ਰਸੰਨ ਰਹੇਗਾ; ਪਰ ਜੋ ਬਦ-ਦਿਆਨਤਦਾਰੀ ਕਰੇਗਾ ਅਤੇ ਪੱਥਰਾਂ ਦੀ ਪੂਜਾ ਕਰੇਗਾ ਉਸ ਨੂੰ ਉਸੇ ਤਰ੍ਹਾਂ ਦਾ ਯੋਗ ਬਦਲਾ ਮਿਲੇਗਾ। ਮੈਨੂੰ ਅਕਾਲ ਪੁਰਖ ਵਲੋਂ ਇਹ ਆਦੇਸ਼ ਮਿਲਿਆ ਹੈ। ਜੇ ਅੱਜ ਮੈਂ ਰਾਜਾ ਭੀਮਚੰਦ ਨੂੰ ਹਾਥੀ ਦੇ ਦੇਵਾਂ ਤਾਂ ਕੱਲ ਮੈਨੂੰ ਉਸ ਨੂੰ ਖਿਰਾਜ ਦੇਣਾ ਪਵੇਗਾ।" ਤਦ ਨੰਦ ਚੰਦ ਗੱਲਬਾਤ ਵਿੱਚ ਆ ਰਲਿਆ ਅਤੇ ਉਸ ਨੇ ਕਿਹਾ, "ਮਾਤਾ ਜੀ, ਕਦੀ ਇੱਕ ਸ਼ੇਰ ਗਿੱਦੜਾਂ ਤੋਂ ਡਰਿਆ ਹੈ ? ਕਦੀ ਸੂਰਜ ਦੇ ਚਮਕਦੇ ਚਾਨਣੇ ਵਿੱਚ ਕਿਸੇ ਨੇ ਟਟਹਿਣੇ ਦਾ ਚਾਨਣ ਵੇਖਿਆ ਹੈ ? ਸਾਗਰ ਦੇ ਮੁਕਾਬਲੇ ਤੇ ਇੱਕ ਪਾਣੀ ਦੇ ਤੁਬਕੇ ਦਾ ਕੀਹ ਮੁਕਾਬਲਾ ? ਗੁਰੂ ਜੀ ਇੱਕ ਬਹਾਦਰ ਸ਼ੇਰ ਅਤੇ ਸੂਰਜ ਵਾਂਗ ਮਹਾਨ ਹਨ। ਕੀਹ ਉਹ ਭੀਮਚੰਦ ਤੋਂ ਡਰ ਜਾਣਗੇ ?" ਗੁਰੂ ਜੀ ਨੇ ਵਾਰਤਾਲਾਪ ਸਮਾਪਤ ਕਰਦੇ ਹੋਏ ਕਿਹਾ, "ਪਿਆਰੇ ਮਾਤਾ ਜੀਉ, ਮਸੰਦਾਂ ਦੀਆਂ ਮੰਦੀਆਂ ਸਲਾਹਾਂ ਨਾ ਸੁਣੋ। ਇਹ ਦੁਸ਼ਟ ਸਿੱਖਾਂ ਦੀਆਂ ਭੇਟਾਵਾਂ ਚੋਰੀ ਖਾ ਕੇ ਕਾਇਰ ਬਣ ਗਏ ਹਨ।"

ਗੁਰੂ ਜੀ ਅਤੇ ਉਨ੍ਹਾਂ ਦੇ ਸੈਨਿਕ ਤੀਰ-ਅੰਦਾਜ਼ੀ ਦਾ ਅਭਿਆਸ ਕਰਦੇ ਰਹੇ ਅਤੇ ਸ਼ਿਕਾਰ ਖੇਡਣ ਵਿੱਚ ਵੀ ਰੁਝੇ ਰਹੇ। ਗੁਰਸਿੱਖ ਲਗਾਤਾਰ ਦਰਸ਼ਨਾਂ ਲਈ ਆਉਂਦੇ ਅਤੇ ਸ਼ਸਤਰ ਭੇਟਾ ਕਰਦੇ ਰਹੇ। ਜੋ ਫੌਜ ਵਿੱਚ ਭਰਤੀ ਹੋਣ ਆਉਂਦੇ, ਖੁਸ਼ੀ ਨਾਲ ਸਵੀਕਾਰ ਕੀਤੇ ਜਾਂਦੇ ਅਤੇ ਸ਼ਸਤਰ ਵਿਦਿਆ ਦੀ ਸਿਖਲਾਈ ਤੇ ਲਾ ਦਿੱਤੇ ਜਾਂਦੇ। ਇਸਤਰ੍ਹਾਂ ਗੁਰੂ ਜੀ ਨੇ ਬਹੁਤ ਸਾਰੀ ਫੌਜ ਇਕੱਠੀ ਕਰ ਲਈ।

## ਗੁਰੂ ਜੀ ਪਾਉਂਟਾ ਸਾਹਿਬ ਗਏ :

ਇਸ ਸਮੇਂ ਵਿੱਚ ਨਾਹਨ ਦੇ ਰਾਜਾ ਮੇਦਨੀ ਪ੍ਰਕਾਸ਼ ਨੇ ਗੁਰੂ ਜੀ ਨੂੰ ਆਉਣ ਲਈ ਨਿਮੰਤ੍ਰਣ ਕੀਤਾ। ਪ੍ਰਵਾਨ ਕਰਕੇ ਗੁਰੂ ਜੀ ਨਾਹਨ ਵੱਲ ਚਲ ਪਏ। ਅਨੰਦਪੁਰ ਦੀ ਰੱਖਿਆ ਗੁਲਾਬ ਰਾਇ ਅਤੇ ਸ਼ਾਮਦਾਸ ਦੇ ਸਪੁਰਦ ਕਰ ਦਿੱਤੀ। ਰਾਜਾ ਗੁਰੂ ਜੀ ਨੂੰ ਅੱਗੋਂ ਲੈਣ ਅਤੇ ਜੀ ਆਇਆਂ ਨੂੰ ਕਹਿਣ ਆਇਆ ਅਤੇ ਆਪਣੇ ਮਹਲ ਵਿੱਚ ਲੈ ਗਿਆ। ਇੱਕ ਦਿਨ ਗੁਰੂ ਜੀ ਨੂੰ ਸ਼ਿਕਾਰ ਖੇਡਣ ਲੈ ਗਿਆ ਅਤੇ ਉਥੇ ਸ਼ਿਕਾਇਤ ਕੀਤੀ ਕਿ ਗੜ੍ਹਵਾਲ ਦਾ ਰਾਜਾ ਫਤਹਿ ਸ਼ਾਹ ਉਸ ਨਾਲ ਕਈ ਵੇਰ ਝਗੜਾ ਕਰ ਚੁੱਕਾ ਹੈ ਕਿ, ਜਿਥੇ ਗੁਰੂ ਜੀ ਨਾਲ ਖੜਾ ਸੀ, ਇਹ ਜ਼ਮੀਨ ਫਤਹਿ ਚੰਦ ਦੀ ਹੈ। ਰਾਜਾ ਨੇ ਗੁਰੂ ਜੀ ਨੂੰ ਤਜਵੀਜ਼ ਕੀਤੀ, ਕਿ ਜੇ ਇਸ ਥਾਂ ਗੁਰੂ ਜੀ ਇੱਕ ਕਿਲ੍ਹਾ ਬਣਵਾ ਲੈਣ ਤਾਂ ਉਸ ਨੂੰ ਬੜੀ ਖੁਸ਼ੀ ਹੋਵੇਗੀ ਕਿ ਦੁਸ਼ਮਨ ਤੋਂ ਬਚਾ ਹੋ ਜਾਵੇਗਾ। ਗੁਰੂ ਜੀ ਨੇ ਉਥੇ ਇੱਕ ਤੰਬੂ ਲਵਾ ਕੇ ਦਰਬਾਰ ਲਾਇਆ। ਉਨ੍ਹਾਂਨੇ ਕਿਲੇ ਦਾ ਨੀਂਹ ਪੱਥਰ ਰੱਖ ਦਿਤਾ। ਰਾਜਾ ਮੇਦਨੀ ਪ੍ਰਕਾਸ਼ ਦੀ ਫੌਜ ਦੀ ਸਹਾਇਤਾਂ ਅਤੇ ਕਾਰੀਗਰਾਂ ਦੇ ਜੋਸ਼ ਅਤੇ ਹਿੰਮਤ ਨਾਲ ਕਿਲਾ ਥੋੜੇ ਕੁ ਸਮੇਂ ਵਿੱਚ ਤਿਆਰ ਹੋ ਗਿਆ। ਗੁਰੂ ਜੀ ਨੇ ਇਸ ਦਾ ਨਾਮ ਪਾਉਂਟਾ ਰੱਖਿਆ ਅਤੇ ਇਸ ਵਿੱਚ ਨਿਵਾਸ ਸ਼ੁਰੂ ਕਰ ਦਿੱਤਾ। ਨਾਲ ਹੀ ਆਪਣੀ ਫੌਜ ਵਧਾਉਣਾ ਵੀ ਜਾਰੀ ਰਿਹਾ।

ਰਾਜਾ ਫਤਹਿ ਚੰਦ ਗੜ੍ਹਵਾਲ ਨੇ ਇਹ ਸਿੱਟਾ ਕੱਢਿਆ ਕਿ ਗੁਰੂ ਜੀ ਨੇ ਉਸ ਦੇ ਇਲਾਕੇ ਦੇ ਨੇੜੇ ਰਹਿਣਾ ਸ਼ੁਰੂ ਕਰ ਦਿਤਾ ਸੀ, ਸੋ ਇਹ ਸਿਆਣਪ ਵਾਲੀ ਗੱਲ ਹੋਵੇਗੀ ਕਿ ਉਨ੍ਹਾਂ ਨਾਲ ਚੰਗੇ ਸਬੰਧ ਰੱਖੇ ਜਾਣ। ਇਸਤਰ੍ਹਾਂ ਉਸ ਨੇ ਗੁਰੂ ਜੀ ਨੂੰ ਮਿਲਣ ਦਾ ਫੈਸਲਾ ਕੀਤਾ। ਆਉਣ ਤੇ ਉਸ ਦੀ ਗੁਰੂ ਦਰਬਾਰ ਵਿੱਚ ਬੜੀ ਚੰਗੀ ਆਉ-ਭਗਤ ਹੋਈ। ਇਸ ਮੌਕੇ ਤੇ ਗੁਰੂ ਜੀ ਨੇ ਅਪਣੇ ਮਾਮਾ ਕ੍ਰਿਪਾਲ ਚੰਦ ਜੀ ਨੂੰ ਰਾਜਾ ਫਤਹਿ ਚੰਦ ਵੱਲ ਭੇਜਿਆ ਇਹ ਸਲਾਹ ਦੇਣ ਲਈ ਕਿ ਚੰਗਾ ਹੋਵੇਗਾ ਜੇ ਰਾਜਾ ਫਤਹਿ ਸ਼ਾਹ ਅਤੇ ਨਾਹਨ ਦਾ ਰਾਜਾ ਆਪਸ ਵਿੱਚ ਚੰਗੇ ਸੰਬੰਧ ਕਾਇਮ ਕਰ ਲੈਣ। ਰਾਜਾ ਫਤਹਿ ਸ਼ਾਹ ਇਕਦਮ ਮੰਨ ਗਿਆ। ਗੁਰੂ ਜੀ ਨੇ ਤਦ ਨਾਹਨ ਦੇ ਰਾਜੇ ਨੂੰ ਸੱਦ ਭੇਜਿਆ। ਉਨ੍ਹਾਂ ਨੇ ਖੁੱਲ੍ਹੇ ਦਰਬਾਰ ਵਿੱਚ ਦੋਹਾਂ ਨੂੰ ਮਿਲਾ ਦਿਤਾ, ਦੋਹਾਂ ਨੇ ਇੱਕ ਦੂਜੇ ਨੂੰ ਛਾਤੀ ਨਾਲ ਲਾਇਆ ਅਤੇ ਇਸਤਰ੍ਹਾਂ ਗੁਰੂ ਜੀ ਨੇ ਦੋਹਾਂ ਰਾਜਿਆਂ ਦੀ ਮਿੱਤਰਤਾ ਬਣਾ ਦਿਤੀ।

ਇਸ ਸਮੇਂ ਇੱਕ ਪਹਾੜੀਆ ਖਬਰ ਲੈ ਕੇ ਆਇਆ ਕਿ ਇੱਕ ਭਿਆਨਕ ਸ਼ੇਰ, ਨਾਲ ਲਗਦੇ ਇਲਾਕੇ ਵਿੱਚ ਪਸ਼ੂਆਂ ਨੂੰ ਮਾਰੀ ਜਾ ਰਿਹਾ ਸੀ। ਉਸ ਨੇ ਗੁਰੂ ਜੀ ਅੱਗੇ ਬੇਨਤੀ ਕੀਤੀ ਕਿ ਇਸ ਜੰਗਲੀ ਪਸ਼ੂ ਤੋਂ ਇਸ ਇਲਾਕੇ ਨੂੰ ਛੁਡਾਉ। ਉਹ ਗੁਰੂ ਜੀ, ਦੋਹਾਂ ਰਾਜਿਆਂ ਅਤੇ ਹੋਰਨਾਂ ਨੂੰ ਉਸ ਥਾਂ ਲੇ ਗਿਆ ਜਿਥੇ ਉਹ ਸ਼ੇਰ ਰਹਿੰਦਾ ਸੁਣੀਂਦਾ ਸੀ। ਸ਼ਿਕਾਰੀਆਂ ਦੇ ਪੈਰਾਂ ਦੀ ਆਵਾਜ਼ ਸੁਣ ਕੇ ਸ਼ੇਰ ਆਪਣੇ ਪਿਛਲੇ ਪੈਰਾਂ ਭਰ ਬੈਠ ਗਿਆ ਅਤੇ ਪਿੱਛਾ ਕਰਨ ਵਾਲਿਆਂ ਵਲ ਵੇਖਣ ਲੱਗਾ। ਗੁਰੂ ਜੀ ਨੇ ਆਵਾਜ਼ ਦਿਤੀ ਕਿ ਹੈ ਕੋਈ ਜੋ ਤਲਵਾਰ ਅਤੇ ਢਾਲ ਨਾਲ ਸ਼ੇਰ ਦਾ ਟਾਕਰਾ ਕਰੇ ? ਕੋਈ ਵੀ ਅੱਗੇ ਨਾ ਆਇਆ। ਤਦ ਗੁਰੂ ਜੀ ਨੇ ਆਪਣੀ ਤਲਵਾਰ ਅਤੇ

ਢਾਲ ਫੜ ਕੇ ਸ਼ੇਰ ਨੂੰ ਵੰਗਾਰਿਆ। ਸ਼ੇਰ ਗਰਜ ਕੇ ਉਠਿਆ ਅਤੇ ਗੁਰੂ ਜੀ ਉਤੇ ਝਪਟਿਆ ਜਿਸ ਨੂੰ ਗੁਰੂ ਜੀ ਨੇ ਆਪਣੀ ਢਾਲ ਉਤੇ ਰੋਕਿਆ ਅਤੇ ਆਪਣੀ ਤਲਵਾਰ ਨਾਲ ਸ਼ੇਰ ਦੇ ਪਾਸੇ ਵੱਲ ਵਾਰ ਕਰਕੇ ਉਸ ਦੇ ਦੋ ਟੁਕੜੇ ਕਰ ਦਿਤੇ। ਰਾਜੇ ਅਤੇ ਸ਼ਿਕਾਰੀ ਸਾਥੀ ਬੜੇ ਹੈਰਾਨ ਅਤੇ ਗੁਰੂ ਜੀ ਦੀ ਤਾਕਤ ਅਤੇ ਬਹਾਦਰੀ ਵੇਖ ਕੇ ਖੁਸ਼ ਵੀ ਹੋਏ।

## ਰਾਮਰਾਇ ਦਾ ਉਧਾਰ :

ਗੁਰੂ ਹਰਿਰਾਇ ਸਾਹਿਬ ਦੇ ਵੱਡੇ ਸਪੁੱਤਰ ਰਾਮਰਾਇ ਨੂੰ ਜਦ ਉਨ੍ਹਾਂ ਦੇ ਪ੍ਰਤੀਨਿਧ ਦੇ ਤੌਰ ਤੇ ਦਿੱਲੀ ਭੇਜਿਆ ਗਿਆ ਸੀ ਤਾਂ ਉਸ ਨੇ ਬਾਦਸ਼ਾਹ ਨੂੰ ਖੁਸ਼ ਕਰਨ ਲਈ, ਔਰੰਗਜ਼ੇਬ ਦੇ ਦਰਬਾਰ ਵਿੱਚ ਗੁਰੂ ਨਾਨਕ ਦੇਵ ਜੀ ਦੀ ਬਾਣੀ ਨੂੰ ਬਦਲ ਕੇ ਪੇਸ਼ ਕੀਤਾ ਸੀ। ਇਸ ਕਾਰਨ ਗੁਰੂ ਹਰਿਰਾਇ ਜੀ ਨੇ ਉਸ ਨੂੰ ਤਿਆਗ ਦਿਤਾ ਸੀ ਅਤੇ ਸਿਖੀ ਵਿਚੋਂ ਖਾਰਜ ਕਰ ਦਿਤਾ ਸੀ। ਬਾਦਸ਼ਾਹ ਨੇ ਉਸ ਨੂੰ ਇੱਕ ਜਾਗੀਰ ਦੇ ਦਿਤੀ ਜਿਥੇ ਉਸ ਨੇ ਡੇਹਰਾਦੂਨ ਨਗਰ ਵਸਾਇਆ ਅਤੇ ਉਥੇ ਰਹਿੰਦਾ ਰਿਹਾ। ਰਾਮਰਾਇ ਆਪਣੇ ਆਪ ਨੂੰ ਅਸਲੀ ਗੁਰੂ ਕਹਾਉਣ ਲੱਗ ਪਿਆ। ਮੁਗਲ ਬਾਦਸ਼ਾਹ ਦਾ ਅਪਣੇ ਆਪ ਬਣਿਆ ਹੱਥਠੋਕਾ ਹੋਣ ਕਾਰਨ ਉਹ ਲਗਾਤਾਰ ਸਿੱਖਾਂ ਦੇ ਪੱਖ ਨੂੰ ਨੁਕਸਾਨ ਪੁਚਾਉਣ ਦੀ ਕੋਸ਼ਿਸ਼ ਕਰਦਾ ਰਹਿੰਦਾ। ਹੁਣ ਕਿਉਂਕਿ ਗੁਰੂ ਗੋਬਿੰਦ ਸਿੰਘ ਜੀ ਪਾਉਂਟਾ ਆ ਗਏ ਸਨ ਜੋ ਡੇਹਰਾਦੂਨ ਤੋਂ ਕੇਵਲ ਤੀਹ ਮੀਲ ਦੂਰ ਸੀ, ਰਾਮਰਾਇ ਨੂੰ ਉਨ੍ਹਾਂ ਤੋਂ ਡਰ ਲਗਣ ਲੱਗ ਪਿਆ, ਅਤੇ ਉਸ ਦਾ ਹੌਸਲਾ ਨਹੀਂ ਪੈਂਦਾ ਸੀ ਕਿ ਗੁਰੂ ਜੀ ਦੇ ਸਾਹਮਣੇ ਹੋਵੇ। ਰਾਮਰਾਇ ਦੀ ਸੰਗਤ ਵਿੱਚ ਇਸ ਸਾਰੀ ਸਥਿਤੀ ਦੀ ਚਰਚਾ ਹੋਈ। ਰਾਮਰਾਇ ਦੀ ਚਿੰਤਾ ਸਾਰੇ ਸੁਣਕੇ ਗੁਰੂ ਜੀ ਨੇ ਭਾਈ ਨੰਦ ਚੰਦ ਅਤੇ ਦਇਆ ਰਾਮ ਨੂੰ ਭੇਜਿਆ ਰਾਮਰਾਇ ਦੀ ਤਸੱਲੀ ਕਰਾਉਣ ਲਈ ਕਿ ਉਸ ਨੂੰ ਕੋਈ ਨੁਕਸਾਨ ਨਹੀਂ ਪਹੁੰਚਾਇਆ ਜਾਏਗਾ। ਰਾਮਰਾਇ ਗੁਰੂ ਜੀ ਦਾ ਸੰਦੇਸ਼ ਮਿਲਣ ਤੇ ਬਹੁਤ ਹੀ ਖੁਸ਼ ਹੋਇਆ। ਉਸ ਨੇ ਨੰਦ ਚੰਦ ਅਤੇ ਦਇਆ ਰਾਮ ਨੂੰ ਸਿਰੋਪਾ ਦਿਤੇ ਅਤੇ ਗੁਰੂ ਜੀ ਨਾਲ ਮਿਤਰਤਾਨਾ ਸੰਬੰਧੀ ਰੱਖਣ ਦਾ ਫੈਸਲਾ ਕੀਤਾ।

ਕਿਹਾ ਜਾਂਦਾ ਹੈ ਕਿ ਗੁਰੂ ਜੀ ਅਤੇ ਰਾਮਰਾਇ ਦਾ ਅੱਧ ਦਰਿਆ ਵਿੱਚ ਇੱਕ ਕਿਸ਼ਤੀ ਤੇ ਮੇਲ ਹੋਇਆ। ਰਾਮਰਾਇ ਨੇ ਗੁਰੂ ਜੀ ਦੇ ਚਰਨ ਛੋਹ ਕੇ ਪ੍ਰਣਾਮ ਕੀਤੀ ਅਤੇ ਕਿਹਾ, "ਮੇਰੇ ਚੰਗੇ ਭਾਗ ਹਨ ਕਿ ਮੈਨੂੰ ਆਪ ਦੇ ਦਰਸ਼ਨ ਹੋਏ ਹਨ। ਜਦ ਮੇਰੀ ਮਿਰਤੂ ਹੋ ਜਾਵੇਗੀ ਤਾਂ ਪਿਛੋਂ ਮੇਰੇ ਪਰਵਾਰ ਦੀ ਰੱਖਿਆ ਕਰਨ ਦੀ ਕਿਰਪਾ ਕਰਨੀ।... ਮੇਰੇ ਪਿਤਾ ਗੁਰੂ ਹਰਿਰਾਇ ਸਾਹਿਬ ਕਿਹਾ ਕਰਦੇ ਸਨ ਕਿ ਕੋਈ ਸਾਡੇ ਪਰਵਾਰ ਵਿੱਚ ਜਨਮ ਲਵੇਗਾ ਜੋ ਆਤਮਾਵਾਂ ਨੂੰ ਸਹੀ ਸਲਾਮਤ ਲਿਜਾਣ ਲਈ ਜਹਾਜ਼ ਨੂੰ ਬਹਾਲ ਕਰਕੇ ਮੁਰੰਮਤ ਕਰੇਗਾ।" ਉਸ ਨੇ ਗੁਰੂ ਜੀ ਜੋਗ ਖਿਮਾ ਬਖਸ਼ਣ ਲਈ ਬੇਨਤੀ ਕੀਤੀ। ਰਾਮਰਾਇ, ਜਦ ਉਹ ਸਮਾਧੀ ਵਿੱਚ ਬੈਠਾ ਸੀ, ਤਾਂ ਉਸ ਦੇ ਮਸੰਦਾਂ ਨੇ, ਰਾਮਰਾਇ ਦੀ ਪਤਨੀ ਪੰਜਾਬ ਕੌਰ, ਦੀਆਂ ਵਿਲਕਣੀਆਂ ਅਤੇ ਬੇਨਤੀਆਂ ਦੇ ਬਾਵਜੂਦ ਸਸਕਾਰ ਕਰ ਦਿੱਤਾ। ਗੁਰੂ ਜੀ ਨੇ ਪੰਜਾਬ ਕੌਰ ਦੀ ਬੇਨਤੀ ਤੇ ਦੋਸ਼ੀ ਮਸੰਦਾਂ ਨੂੰ ਕਰਨੀ ਦੀ ਸਜ਼ਾ ਦਿਤੀ ਅਤੇ ਜੋ ਮਸੰਦ ਪੰਜਾਬ ਕੌਰ ਦੇ ਸ਼ਰਧਾਵਾਨ ਰਹੇ ਉਨ੍ਹਾਂ ਨੂੰ ਇਨਾਮ ਦਿੱਤੇ।

## ਪੀਰ ਬੁਧੂ ਸ਼ਾਹ :

ਪੀਰ ਬੁਧੂ ਸ਼ਾਹ ਇੱਕ ਮੁਸਲਮਾਨ ਫਕੀਰ ਸੀ ਜੋ ਪਾਉਂਟਾ ਸਾਹਿਬ ਤੋਂ ੧੦ ਜਾਂ ੧੫ ਮੀਲ ਦੂਰ ਸਧੌਰਾ ਦਾ ਵਾਸੀ ਸੀ। ਉਹ ਆਪਣੀ ਰੱਬ ਦੀ ਭਗਤੀ ਵਜੋਂ ਬੜਾ ਪ੍ਰਸਿਧ ਸੀ ਅਤੇ ਉਸ ਦੇ ਬਹੁਤ ਸਾਰੇ ਸ਼ਰਧਾਲੂ ਸਨ। ਉਸ ਨੇ ਗੁਰੂ ਨਾਨਕ ਦੇਵ ਜੀ ਅਤੇ ਉਨ੍ਹਾਂ ਦੇ ਉਦੇਸ਼ ਬਾਰੇ ਸੁਣਿਆ ਹੋਇਆ ਸੀ। ਉਸ ਨੂੰ ਇਹ ਵੀ ਪਤਾ ਲੱਗਾ ਸੀ ਕਿ ਗੁਰੂ ਨਾਨਕ ਸਾਹਿਬ ਦੀ ਗੱਦੀ ਤੇ ਹੁਣ ਗੁਰੂ ਗੋਬਿੰਦ ਸਿੰਘ ਜੀ ਹਨ ਜੋ ਉਥੇ ਨੇੜੇ ਹੀ ਰਹਿ ਰਹੇ ਹਨ। ਅਖੀਰ ਉਸ ਨੇ ਗੁਰੂ ਸਾਹਿਬ ਕੋਲ ਦਰਸ਼ਨ ਕਰਨ ਜਾਣ ਲਈ ਮਨ ਬਣਾਇਆ। ਗੁਰੂ ਜੀ ਨੇ ਆਦਰ ਨਾਲ ਪੀਰ ਨੂੰ ਅਪਾਣੇ ਕੋਲ ਬਿਠਾਇਆ ਜਿਸ ਨੇ ਬੇਨਤੀ ਕੀਤੀ, "ਕਿਰਪਾ ਕਰਕੇ ਸਾਨੂੰ ਦੱਸੋ ਕਿ ਕੋਈ ਕਿਵੇਂ ਸਰਬ ਸ਼ਥਤੀਮਾਨ ਪ੍ਰਮਾਤਮਾ ਨੂੰ ਮਿਲੀਦਾ ਹੈ।" ਚਰਚਾ ਸਮੇਂ ਪੀਰ ਨਿਰਮਾਣਤਾ ਨਾਲ ਗੁਰੂ ਜੀ ਦੀ ਸ਼ਰਨ ਵਿੱਚ ਬੈਠਾ ਸੀ। ਗੁਰੂ ਜੀ ਦੇ ਨੇਤਰਾਂ ਵਿੱਚ ਚਮਕ ਸੀ ਜਿਨਾਂ ਵਿਚੋਂ ਦੈਵੀ ਪ੍ਰਕਾਸ਼ ਆ ਰਿਹਾ ਸੀ ਅਤੇ ਪੀਰ ਇਕਦਮ ਖੁਸ਼ੀ ਨਾਲ ਪੁਕਾਰ ਉਠਿਆ, "ਅੱਲਾ ਹੂ ਅਕਬਰ" (ਸਰਬ ਸ਼ਥਤੀਮਾਨ ਅਕਾਲ ਪੁਰਖ ਮਹਾਨ ਹੈ !) ਪਲ ਭਰ ਪਿਛੋਂ ਪੀਰ ਨੇ ਇਕਬਾਲ ਕੀਤਾ, "ਪਾਤਸ਼ਾਹ, ਮੈਂ ਰੂਹਾਨੀ ਤੌਰ ਤੇ ਅੰਨ੍ਹਾ ਸੀ ਅਤੇ ਆਪ ਨੇ ਮੈਨੂੰ ਰੌਸ਼ਨੀ ਦਿੱਤੀ ਹੈ।" ਧੰਨ ਹਨ ਉਹ ਲੋਕ ਜਿਹਨਾਂ ਉਤੇ ਗੁਰੂ ਜੀ ਦੈਵੀ ਮਿਹਰ ਦੀ ਬਖਸ਼ਿਸ਼ ਕਰਦੇ ਹਨ।

## ਭੰਗਾਣੀ ਦਾ ਯੁੱਧ :

ਇੱਕ ਦਿਨ ਗੁਰੂ ਜੀ ਨੂੰ ਗੜ੍ਹਵਾਲ ਦੇ ਰਾਜਾ ਫਤਹਿ ਸ਼ਾਹ ਵਲੋਂ ਉਸ ਦੀ ਧੀ ਦੇ ਵਿਆਹ ਸਮੇਂ ਆਉਣ ਲਈ ਨਿਮੰਤ੍ਰਣ ਆਇਆ। ਇਸ ਲੜਕੀ ਦਾ ਵਿਆਹ ਕਹਿਲੂਰ ਦੇ ਰਾਜਾ ਭੀਮਚੰਦ ਦੇ ਪੁਤਰ ਨਾਲ ਹੋਣਾ ਸੀ ਜੋ ਗੁਰੂ ਜੀ ਨਾਲ ਵੈਰ-ਭਾਵ ਰਖਦਾ ਸੀ। ਗੁਰੂ ਜੀ ਆਪ ਨ ਜਾਣ ਦਾ ਫੈਸਲਾ ਕੀਤਾ ਅਤੇ ਆਪਣੀ ਥਾਂ ਆਪਣੇ ਦੀਵਾਨ ਨੰਦ ਚੰਦ, ਅਤੇ ਦਇਆ ਰਾਮ ਨੂੰ ਕੰਵਰਾਨੀ ਵਾਸਤੇ ਤੋਹਫੇ ਦੇ ਕੇ ਭੇਜ ਦਿੱਤਾ। ਜੰਞ ਲਈ ਸਭ ਤੋਂ ਛੋਟਾ ਰਾਹ ਜਾਣ ਲਈ ਪਾਉਂਟਾ ਸਾਹਿਬ ਵਿਚੋਂ ਸੀ ਪਰ ਗੁਰੂ ਜੀ ਨੇ ਲੰਘਣ ਲਈ ਰਾਹ ਦੇਣ ਤੋਂ ਇਨਕਾਰ ਕਰ ਦਿੱਤਾ ਕਿਉਂਕਿ ਉਨ੍ਹਾਂ ਨੂੰ ਭੀਮਚੰਦ ਉਤੇ ਕੋਈ ਭਰੋਸਾ ਨਹੀਂ ਸੀ। ਭੀਮਚੰਦ ਆਪਣੇ ਨਾਲ ਵੱਡੀ ਗਿਣਤੀ ਵਿੱਚ ਫੌਜ ਲਿਆ ਰਿਹਾ ਸੀ। ਬਹੁਤ ਸਾਰੀ ਗੱਲਬਾਤ ਪਿਛੋਂ ਗੁਰੂ ਜੀ ਨੇ ਲਾੜੇ ਅਤੇ ਉਸ ਨਾਲ ਥੋੜੇ ਕੁ ਸਾਥੀਆਂ ਨੂੰ ਪਾਉਂਟਾ ਸਾਹਿਬ ਨੇੜੇ ਬੇੜੀ ਰਾਹੀਂ ਪਾਰ ਆਉਣ ਦਿਤਾ। ਬਾਕੀ ਜੰਞ, ਭੀਮਚੰਦ ਸਮੇਤ, ਨੂੰ ਵਲ ਪਾ ਕੇ ਦੂਜੇ ਰਸਤੇ ਗੜ੍ਹਵਾਲ ਦੀ ਰਾਜਧਾਨੀ, ਸ੍ਰੀਨਗਰ, ਜਾਣਾ ਪਿਆ। ਇਸ ਘਟਨਾ ਤੋਂ ਭੀਮਚੰਦ ਗੁੱਸੇ ਨਾਲ ਭੜਕ ਉਠਿਆ ਅਤੇ ਆਪਣਾ ਗੁੱਸਾ ਕੱਢਣ ਲਈ ਮੌਕਾ ਵੇਖਣ ਲੱਗ ਗਿਆ। ਉਸ ਨੂੰ ਹੋਰ ਵੀ ਗੁੱਸਾ ਇਸ ਗੱਲ ਦਾ ਚੜ੍ਹਿਆ ਕਿ ਗੁਰੂ ਜੀ ਦੇ ਪ੍ਰਤੀਨਿਧੀ ਵਿਆਹ ਦੇ ਸਮਾਗਮ ਵਿੱਚ ਸ਼ਾਮਲ ਹੋਣ ਲਈ ਲੜਕੀ ਦੇ ਘਰ ਆਏ ਹੋਏ ਸਨ।ਸੋ ਭੀਮਚੰਦ ਨੇ ਫਤਹਿ ਸ਼ਾਹ ਦੀ ਧੀ ਦਾ ਰਿਸ਼ਤਾ ਆਪਣੇ ਪੁੱਤਰ ਵਾਸਤੇ ਲੈਣ ਤੋਂ ਨਾਂਹ ਕਰ ਦਿਤੀ ਜਦ ਤਕ ਫਤਹਿ ਸ਼ਾਹ ਗੁਰੂ ਜੀ ਨਾਲ ਮਿਤੱਰਤਾ ਬਣਾਈ ਰਖਦਾ ਹੈ। ਇਸ ਕਰਕੇ ਭੀਮਚੰਦ ਨੇ ਫਤਹਿ ਸ਼ਾਹ ਨੂੰ ਕਿਹਾ ਕਿ ਉਹ ਉਸ ਨੂੰ ਅਤੇ ਗੁਰੂ ਜੀ ਦੋਹਾਂ ਵਿੱਚ ਇੱਕ ਨੂੰ ਚੁਣ ਲਵੇ। ਫਤਹਿ ਸ਼ਾਹ ਬੇਵਸੀ ਕਾਰਨ ਨਿਉਂ ਗਿਆ। ਫਲਸਰੂਪ ਨੰਦ ਚੰਦ ਅਤੇ ਦਇਆ ਰਾਮ ਨੂੰ ਤੋਹਫੇ ਵਾਪਸ ਲੈ ਕੇ ਆਉਣਾ ਪਿਆ। ਵਾਪਸੀ ਰਾਹ ਵਿੱਚ ਭੀਮੰਚਦ ਦੇ ਫੌਜੀਆਂ ਨੇ ਨੰਦ ਚੰਦ ਅਤੇ ਉਸ ਦੇ ਸਾਥੀਆਂ ਉਤੇ ਹੱਲਾ ਕਰ ਦਿੱਤਾ ਪਰ ਉਹ ਸਹੀ ਸਲਾਮਤ ਵਾਪਸ ਪੁੱਜਣ ਵਿੱਚ ਸਫਲ ਹੋ ਗਏ। ਵਿਆਹ ਦਾ ਕਾਰਜ ਪੂਰਾ ਹੋ ਜਾਣ ਪਿਛੋਂ ਭੀਮਚੰਦ ਨੇ ਫਤਹਿ ਸ਼ਾਹ ਅਤੇ ਦੂਜੇ ਪਹਾੜੀ ਰਾਜਿਆਂ—ਕਟੋਚ ਦੇ ਕਿਰਪਾਲ, ਗੁਲੇਰ ਦੇ ਗੋਪਾਲ, ਹਦੂਰ ਦੇ ਹਰੀਚੰਦ ਅਤੇ ਜਸਵਾਲ ਦੇ ਰਾਜਾ—ਜੋ ਵਿਆਹ ਤੇ ਆਏ ਹੋਏ ਸਨ, ਨਾਲ ਬੈਠ ਕੇ ਗੱਲਬਾਤ ਕੀਤੀ। ਉਹਨਾਂ ਸਾਰਿਆਂ ਨੇ ਫੈਸਲਾ ਕੀਤਾ ਕਿ ਵਾਪਸ ਜਾਂਦਿਆਂ ਗੁਰੂ ਜੀ ਉਤੇ ਹਮਲਾ ਕੀਤਾ ਜਾਏ।

ਪਹਾੜੀ ਰਾਜਿਆਂ ਨੇ ਆਪਣੀਆਂ ਫੌਜਾ ਨੂੰ ਪਾਉਂਟਾ ਸਾਹਿਬ ਉਤੇ ਚੜ੍ਹਾਈ ਕਰਨ ਦਾ ਹੁਕਮ ਦੇ ਦਿੱਤਾ। ਆਉਣ ਵਾਲੇ ਹਮਲੇ ਦੀ ਖਬਰ ਤੇਜ਼ੀ ਨਾਲ, ਫੌਜਾਂ ਦੇ ਤੁਰਨ ਤੋਂ ਪਹਿਲਾਂ,ਗੁਰੂ ਜੀ ਨੂੰ ਮਿਲ ਗਈ ਅਤੇ ਉਨ੍ਹਾਂ ਨੂੰ ਇਸ ਹਮਲੇ ਦੀ ਹੈਰਾਨੀ ਨਾ ਹੋਈ।

ਪੀਰ ਬੁਧੂ ਸ਼ਾਹ ਦੀ ਸਿਫਾਰਸ਼ ਤੇ ੫੦੦ ਪਠਾਨ ਗੁਰੂ ਜੀ ਦੀ ਫੌਜ ਵਿੱਚ ਭਰਤੀ ਕੀਤੇ ਗਏ ਜਿਨ੍ਹਾਂ ਦੀ ਕਮਾਨ ਪੰਜ ਮੁਖੀਆਂ—ਕਾਲੇ ਖਾਨ, ਭੀਕਨ ਖਾਨ, ਨਿਜਾਬਤ ਖਾਨ, ਹਯਾਤ ਖਾਨ ਅਤੇ ਉਮਰ ਖਾਨ—ਦੇ ਹੱਥਾਂ ਵਿੱਚ ਸੀ। ਪਠਾਨ ਇਸ ਡਰ ਤੋਂ ਕਿ ਗੁਰੂ ਜੀ ਕੋਲ ਬਹੁਤ ਥੋੜੇ ਵਸੀਲੇ ਹਨ, ਐਨ ਵਕਤ ਆਉਣ ਤੇ ਛੱਡ ਕੇ ਚਲੇ ਗਏ, ਸਿਵਾ ਕਾਲੇ ਖਾਨ ਅਤੇ ਉਸਦੇ ਇੱਕ ਸੌ ਆਦਮੀਆਂ ਤੋਂ, ਅਤੇ ਪਹਾੜੀ ਰਾਜਿਆਂ ਨਾਲ ਜਾ ਮਿਲੇ। ਉਦਾਸੀ ਸਾਧੂ, ਸਿਵਾ ਉਨ੍ਹਾਂ ਦੇ ਮੁਖੀ, ਮਹੰਤ ਕ੍ਰਿਪਾਲ ਤੋਂ ਵੀ ਭੱਜ ਗਏ। ਗੁਰੂ ਜੀ ਨੇ ਬੁਧੂ ਸ਼ਾਹ ਨੂੰ ਪਠਾਨ ਫੌਜੀਆਂ ਦਾ ਧੋਖਾ ਦੇ ਕੇ ਭਜ ਜਾਣ ਦੀ ਖਬਰ ਦਿਤੀ ਅਤੇ ਪੀਰ ਨੇ ਇਸ ਨੂੰ ਆਪਣਾ ਨਿਰਾਦਰ ਸਮਝਿਆ। ਪਠਾਨਾਂ ਦੇ ਇਸ ਮੰਦੇ ਵਰਤਾਉ ਦੇ ਹਰਜਾਨੇ ਵਜੋਂ ਬੁਧੂ ਸ਼ਾਹ ਨੇ ਆਪਣੇ ਆਪ ਨੂੰ, ਅਪਣੇ ਭਰਾਤਾ, ਅਤੇ ਚਾਰ ਪੁੱਤਰਾਂ ਅਤੇ ਸਤ ਸੌ ਚੇਲਿਆਂ ਨੂੰ ਗੁਰੂ ਜੀ ਦੀ ਸੇਵਾ ਵਿੱਚ ਪੇਸ਼ ਕੀਤਾ।

ਗੁਰੂ ਜੀ ਨੇ ਪਾਉਂਟਾ ਸਾਹਿਬ ਤੋਂ ਛੇ ਕੁ ਮੀਲ ਦੂਰ ਭੰਗਾਣੀ ਪਿੰਡ ਦੇ ਨੇੜੇ ਇੱਕ ਉਚੀ ਚੋਟੀ ਤੇ ਆਪਣੀਆਂ ਫੌਜਾਂ ਤਾਇਨਾਤ ਕਰ ਦਿੱਤੀਆਂ।ਬੀਬੀ ਵੀਰੋ ਜੀ ਦੇ ਪੰਜ ਸਪੁੱਤਰਾਂ—ਸੰਗੋ ਸ਼ਾਹ, ਜੀਤ ਮੱਲ, ਗੋਪਾਲ ਚੰਦ, ਗੰਗਾ ਰਾਮ ਅਤੇ ਮੋਹਰੀ ਚੰਦ ਨੇ ਗੁਰੂ ਜੀ ਦੀਆਂ ਫੌਜਾਂ ਵਲੋਂ ਹਮਲੇ ਦੀ ਵਿਉਂਤ ਬਣਾਈ ਅਤੇ ਉਨ੍ਹਾਂ ਦੀ ਸਹਾਇਤਾ ਲਈ ਭਾਈ ਦਇਆ ਰਾਮ, ਦੀਵਾਨ ਨੰਦ ਚੰਦ, ਗੁਰੂ ਜੀ ਦੇ ਮਾਮਾ ਕ੍ਰਿਪਾਲ ਜੀ ਅਤੇ ਮਹੰਤ ਕਿਰਪਾਲ ਅਗੇ ਆਏ। ਆਪਣੇ ਹੁਕਮ ਦੁਹਰਉਂਦਿਆਂ ਗੁਰੂ ਜੀ ਨੇ ਆਪ ਆਪਣੀ ਤਲਵਾਰ ਕੱਸ ਲਈ, ਤੀਰਾਂ ਦਾ ਤਰਕਸ਼ ਮੋਢੇ ਤੇ ਲਮਕਾ, ਤੀਰ ਕਮਾਨ ਹੱਥ ਵਿੱਚ ਲਿਆ,ਆਪਣੇ ਘੋੜੇ ਉਤੇ ਚੜ੍ਹ ਕੇ ਸਭ ਤੋਂ ਉਚੀ ਅਵਾਜ਼ ਵਿੱਚ 'ਸਤਿ ਸ੍ਰੀ ਅਕਾਲ' ਦਾ ਜੈਕਾਰਾ ਛੱਡਦੇ ਆਪਣੇ ਵੈਰੀਆਂ ਦਾ ਟਾਕਰਾ ਕਰਨ ਚੱਲ ਪਏ। ਇਤਹਾਸ ਵਿੱਚ ਲਿਖਿਆ ਹੈ ਕਿ ਗੁਰੂ ਜੀ ਦੇ ਘੋੜੇ ਦੇ ਖੁਰ ਤੇਜ਼ੀ ਨਾਲ ਚਲਦੇ ਐਨਾ ਘੱਟਾ ਉਡਾਈ ਜਾ ਰਹੇ ਸਨ ਜਿਸ ਨਾਲ ਸੂਰਜ ਵੀ ਕੱਜਿਆ ਗਿਆ ਅਤੇ ਗੁਰੂ ਜੀ ਦੇ ਫੌਜੀਆਂ ਦੇ ਖੁਸ਼ੀ ਦੇ ਜੈਕਾਰਿਆਂ ਦੀ ਗਰਜ ਐਉਂ ਸੀ ਜਿਵੇਂ ਬਰਸਾਤ ਰੁੱਤੇ ਤੂਫਾਨ ਦੀ ਹੁੰਦੀ ਹੈ। ਜਿਵੇਂ ਪਿਛੇ ਜ਼ਿਕਰ ਕੀਤਾ ਹੈ, ਗੁਰੂ ਜੀ ਦੀਆਂ ਫੌਜਾਂ ਨਾਲ ਪੀਰ ਬੁਧੂ ਸ਼ਾਹ ਦੇ ਆਦਮੀ ਅਤੇ ਕਾਲੇ ਖਾਨ ਦੀ ਕਮਾਨ ਹੇਠ ਇੱਕ ਸੌ ਪਠਾਨ ਸਾਥ ਦੇ ਰਹੇ ਸਨ।

ਵੈਰੀ ਫੌਜਾਂ ਦੀ ਅਗਵਾਈ ਰਾਜਾ ਫਤਹਿ ਸ਼ਾਹ ਕਰ ਰਿਹਾ ਸੀ ਜਿਸ ਦੇ ਨਾਲ ਹਦੂਰ ਦਾ ਰਾਜਾ ਹਰੀਚੰਦ, ਗੁਲੇਰ ਦਾ ਰਾਜਾ ਗੋਪਾਲ, ਚੰਦੇਲ, ਡਢਵਾਲ ਅਤੇ ਜਸਵਾਲ ਦੇ ਰਾਜੇ ਅਤੇ ਚਾਰ ਸੌ ਪਠਾਨ ਜੋ ਗੁਰੂ ਜੀ ਪਾਸਿਉਂ ਧੋਖਾ ਦੇ ਕੇ ਭੱਜ ਆਏ ਸਨ, ਸ਼ਾਮਲ ਸਨ। ਇੱਕ ਸਖ਼ਤ ਅਤੇ ਲਹੂ-ਲੁਹਾਨ ਯੁਧ ਹੋਇਆ। ਦੋਹੀਂ ਪਾਸੀ ਬਹੁਤ ਸਾਰੇ ਬਹਾਦਰ ਜਵਾਨ ਮਾਰੇ ਗਏ। ਭਾਵੇਂ ਵੈਰੀਆਂ ਦੀ ਫੌਜ ਗੁਰੂ ਜੀ ਦੇ ਆਦਮੀਆਂ ਨਾਲੋਂ ਗਿਣਤੀ ਵਿੱਚ ਬਹੁਤ ਵਧ ਸੀ ਪਰ ਉਹਨਾਂ ਵਿੱਚ ਨ ਉਹ ਕੁਰਬਾਨੀ ਦਾ ਸਾਹਸ ਸੀ, ਨਾ ਹੀ ਉਹਨਾਂ ਦੀ ਆਪਣੇ ਮੁਖੀਆਂ ਵਾਸਤੇ ਸ਼ਰਧਾ ਸੀ, ਜੋ ਸਿੱਖਾਂ ਦੀ ਸੀ।

ਮਹੰਤ ਕਿਰਪਾਲ ਨੇ ਧਰੋਹੀ ਪਠਾਨ ਮੁਖੀ ਹਯਾਤ ਖਾਨ ਨੂੰ ਮਾਰ ਦਿਤਾ। ਜੀਤ ਮੱਲ ਅਤੇ ਰਾਜਾ ਹਰੀਚੰਦ ਵਿਚਕਾਰ ਇਕੱਲੇ ਹੱਥੀਂ ਲੜਾਈ ਹੋਈ। ਦੋਹਾਂ ਦੇ ਘੋੜਿਆਂ ਦੇ ਮੱਥਿਆਂ ਵਿੱਚ ਤੀਰ ਆ ਵੱਜੇ ਅਤੇ ਦੋਵੇਂ ਡਿਗ ਪਏ। ਇੱਕ ਛਿੰਨ ਪਿਛੋਂ ਦੋਹਾਂ ਦੀਆਂ ਤਲਵਾਰਾਂ ਖੜਕੀਆਂ, ਹਰੀਚੰਦ ਬੇਹੋਸ਼ ਹੋ ਕੇ ਧਰਤੀ ਤੇ ਡਿਗ ਪਿਆ ਅਤੇ ਜੀਤ ਮੱਲ ਮਰ ਕੇ ਢਹਿ ਪਿਆ। ਸਾਂਗੋ ਸ਼ਾਹ, ਗੁਰੂ ਜੀ ਦੇ ਭਰਾਤਾ ਅਤੇ ਪਠਾਨ ਮੁਖੀ ਨਿਜਾਬਤ ਖਾਨ ਦਾ ਟਾਕਰਾ ਹੋਇਆ ਅਤੇ ਦੋਵੇਂ ਮਾਰੇ ਗਏ। ਇਸ ਤੇ ਗੁਰੂ ਆਪਣੇ ਜੰਗੀ ਘੋੜੇ ਉਤੇ ਸਵਾਰ ਹੋਏ ਅਤੇ ਘਮਸਾਣ ਯੁਧ ਵਿੱਚ ਜਾ ਜੂਝੇ। ਉਨ੍ਹਾਂ ਨੇ ਪਠਾਨ ਮੁਖੀ ਭੀਕਨ ਖਾਨ ਉਤੇ ਇੱਕ ਤੀਰ ਛੱਡਿਆ। ਉਹ ਆਪ ਤਾਂ ਬਚ ਗਿਆ ਪਰ ਤੀਰ ਉਸ ਦੇ ਘੋੜੇ ਨੂੰ ਲੱਗਾ ਅਤੇ ਉਸ ਨੂੰ ਮਾਰ ਦਿੱਤਾ। ਭੀਕਨ ਖਾਨ ਨੱਸ ਗਿਆ। ਇਸ ਵੇਲੇ ਨੰਦ ਚੰਦ ਅਤੇ ਦਇਆ ਰਾਮ ਨੇ ਬੇਦਿਲ ਹੋਏ ਪਠਾਨਾਂ ਉਤੇ ਕਰੜਾ ਹਮਲਾ ਕੀਤਾ ਅਤੇ ਧੋਖੇਬਾਜ਼ ਪਠਾਨਾਂ ਦੇ ਆਹੂ ਲਾਹ ਦਿਤੇ। ਜਦ ਪਹਾੜੀਆਂ ਨੇ ਪਠਾਨਾਂ ਨੂੰ ਹਾਰਦਿਆਂ ਵੇਖਿਆ ਤਾਂ ਉਹਨਾਂ ਰਣ ਖੇਤਰ ਵਿਚੋਂ ਭੱਜਣਾ ਸ਼ੁਰੂ ਕਰ ਦਿਤਾ। ਇਸ ਸਮੇਂ ਤਕ ਹਰੀਚੰਦ ਹੋਸ਼ ਵਿੱਚ ਆ ਗਿਆ ਅਤੇ ਉਸ ਨੇ ਰਣ ਖੇਤਰ ਵਿੱਚ ਆ ਕੇ ਆਪਣੇ ਤੀਰਾਂ ਨਾਲ ਬਹੁਤ ਸਾਰੇ ਬਹਾਦਰ ਆਦਮੀ ਮਾਰ ਦਿਤੇ। ਇਹ ਵੇਖ ਕੇ ਗੁਰੂ ਜੀ ਹਰੀਚੰਦ ਸਾਹਮਣੇ ਆਏ ਅਤੇ ਇਸ ਦਾ ਵਰਨਣ ਗੁਰੂ ਜੀ ਨੇ ਬਚਿਤ੍ਰ ਨਾਟਕ ਵਿੱਚ ਇਉਂ ਕੀਤਾ ਹੈ :

"ਪਹਾੜੀਆਂ ਰਾਜਿਆਂ ਵਿਚੋਂ ਇੱਕ, ਹਰੀਚੰਦ ਨੇ ਗੁੱਸੇ ਵਿੱਚ ਆ ਕੇ ਤੀਰਾਂ ਦੀ ਬੁਛਾੜ ਕਰ ਦਿਤੀ। ਉਸ ਦਾ ਇੱਕ ਤੀਰ ਮੇਰੇ ਘੋੜੇ ਨੂੰ ਲੱਗਾ ਅਤੇ ਦੂਜਾ ਉਸ ਨੇ ਮੇਰੇ ਉਤੇ ਚਲਾਇਆ ਪਰ ਅਕਾਲ ਪੁਰਖ ਨੇ ਮੇਰੀ ਰੱਖਿਆ ਕੀਤੀ ਅਤੇ ਇਹ ਤੀਰ ਮੇਰੇ ਕੰਨ ਨੂੰ ਛੂੰਹਦਾ ਲੰਘ ਗਿਆ। ਉਸ ਦਾ ਤੀਜਾ ਤੀਰ ਮੇਰੀ ਕਮਰਬੰਦ ਨੂੰ ਲੱਗਾ ਅਤੇ ਮੇਰੇ ਸਰੀਰ ਨੂੰ ਛੁਹਿਆ ਪਰ ਕੋਈ ਜ਼ਖ਼ਮ ਨਾ ਹੋਇਆ। ਕੇਵਲ ਅਕਾਲ ਪੁਰਖ ਹੀ ਮੇਰੀ ਆਪਣੇ ਸੇਵਕ ਦੀ, ਰਖਿਆ ਕਰ ਰਹੇ ਸਨ। ਜਦ ਮੈਨੂੰ ਤੀਰ ਦੀ ਛੋਹ ਭਾਸੀ ਤਾਂ ਮੇਰੀ ਰੂਹ ਉਜਾਗਰ ਹੋਈ। ਮੈਂ ਆਪਣਾ ਤੀਰ ਕਮਾਨ ਫੜਿਆ ਅਤੇ ਨਿਸ਼ਾਨਾ ਬੰਨ੍ਹ ਕੇ ਜਵਾਨ ਰਾਜਾ ਹਰੀਚੰਦ ਨੂੰ ਆਪਣੇ ਪਹਿਲੇ ਤੀਰ ਨਾਲ ਹੀ ਮਾਰ ਦਿੱਤਾ। ਮੈਂ ਬਹੁਤ ਹੀ ਤੀਰ ਛੱਡੇ। ਇਸ ਤੇ ਮੇਰੇ ਵੈਰੀ ਭੱਜਣ ਲਗੇ। ਕੋਰਾਰੀ ਦਾ ਰਾਜਾ ਵੀ ਮੌਤ ਦੇ ਮੂੰਹ ਆ ਗਿਆ। ਇਹ ਵੇਖ ਪਹਾੜੀਏ ਹਫੜਾ ਦਫੜੀ ਭੱਜ ਗਏ ਅਤੇ ਸਰਬ ਸ਼ਕਤੀਮਾਨ ਅਕਾਲ ਪੁਰਖ ਦੀ ਮਿਹਰ ਨਾਲ ਮੈਨੂੰ ਫਤਹਿ ਪ੍ਰਾਪਤ ਹੋਈ।"

ਗੁਰੂ ਜੀ ਉਸ ਥਾਂ ਤੇ ਗਏ ਜਿਥੇ ਸਾਂਗੋ ਸ਼ਾਹ, ਜੀਤ ਮੱਲ ਅਤੇ ਹੋਰ ਬਹਾਦਰ ਸਿੱਖਾਂ ਦੇ ਮਿਤ੍ਰਕ ਸਰੀਰ ਪਏ ਸਨ। ਬੁਧੂ ਸ਼ਾਹ ਦੇ ਦੋ ਪੁੱਤਰ ਵੀ ਮਾਰੇ ਗਏ ਸਨ। ਗੁਰੂ ਜੀ ਨੇ ਹੁਕਮ ਦਿਤਾ ਕਿ ਦੋਹਾਂ ਧਿਰਾਂ ਦੇ ਮਾਰੇ ਗਏ ਸਰੀਰਾਂ ਦਾ ਬੜੇ ਸਤਿਕਾਰ ਨਾਲ ਅੰਤਮ ਸਸਕਾਰ ਕੀਤਾ ਜਾਵੇ। ਸਿੱਖਾਂ ਦੇ ਸਰੀਰਾਂ ਦਾ ਸਸਕਾਰ ਕੀਤਾ ਗਿਆ, ਹਿੰਦੂਆਂ ਦੇ ਸਰੀਰਾਂ ਨੂੰ ਦਰਿਆ ਵਿੱਚ ਜਲ ਪਰਵਾਹ ਕਰ ਦਿਤਾ ਅਤੇ ਮੁਸਲਮਾਨਾਂ ਦੇ ਸਰੀਰਾਂ ਨੂੰ ਪੂਰੀ ਸੰਜੀਦਗੀ ਨਾਲ ਦਫਨਾਇਆ ਗਿਆ। ਪੀਰ ਬੁਧੂ ਸ਼ਾਹ ਆਪਣੇ ਦੋ ਬਚ ਰਹੇ ਪੁੱਤਰਾਂ ਨਾਲ ਗੁਰੂ ਜੀ ਕੋਲ ਆਇਆ। ਗੁਰੂ ਜੀ ਉਸ ਵੇਲੇ ਆਪਣੇ ਕੇਸ ਕੰਘੇ ਨਾਲ ਸਾਫ ਕਰ ਰਹੇ ਸਨ। ਬੁਧੂ ਸ਼ਾਹ ਨੇ ਗੁਰੂ ਜੀ ਅੱਗੇ ਬੇਨਤੀ ਕੀਤੀ ਕਿ ਉਹ ਕੰਘਾ ਉਸ ਵਿੱਚ ਲੱਥੇ ਕੇਸਾਂ ਸਣੇ ਆਪਣੀ ਇੱਕ ਪਵਿੱਤਰ ਯਾਦ ਦੇ ਤੌਰ ਤੇ ਬਖਸ਼ ਦੇਣ। ਗੁਰੂ ਜੀ ਨੇ ਪੀਰ ਨੂੰ ਆਪਣੀ ਦਸਤਾਰ, ਕੰਘਾ ਕੇਸਾਂ ਸਣੇ, ਅਤੇ ਇੱਕ ਕ੍ਰਿਪਾਨ ਬਖਸ਼ੀ। ਸਭ ਤੋਂ ਵੱਡੀ ਦਾਤ, ਗੁਰੂ ਜੀ ਨੇ ਉਸ ਨੂੰ ਨਾਮ ਦੀ ਬਖਸ਼ਿਸ਼ ਵੀ ਕੀਤੀ।

## ਭੰਗਾਣੀ ਦੇ ਯੁੱਧ ਦੀ ਮਹੱਤਤਾ :

ਭੰਗਾਣੀ ਦੇ ਯੁੱਧ ਵਿੱਚ ਜਿਤ ਦੂਰਗਾਮੀ ਮਹੱਤਤਾ ਵਾਲੀ ਸੀ। ਇਸ ਨੇ ਸਿੱਖਾਂ ਦੇ ਉਤਸ਼ਾਹ ਵਧਾ ਦਿਤੇ ਅਤੇ ਉਨ੍ਹਾਂ ਦੇ ਸਦਾਚਾਰ ਨੂੰ ਹੋਰ ਤਕੜਿਆਂ ਕੀਤਾ। ਕਿਉਂਕਿ ਗੁਰੂ ਜੀ ਇੱਕ ਇੰਚ ਧਰਤੀ ਵੀ ਗ੍ਰਹਿਣ ਨਹੀਂ ਕੀਤੀ ਜਾਂ ਕੋਈ ਪਦਾਰਥਕ ਲਾਭ ਨਹੀਂ ਉਠਾਇਆ, ਉਸ ਨਾਲ ਉਸ ਉਦੇਸ਼ ਨੂੰ ਵਧੇਰੇ ਤਕੜਾਈ ਮਿਲੀ ਜਿਸ ਉਦੇਸ਼ ਦੇ ਉਹ ਸਮਰਥਕ ਸਨ। ਗੁਰੂ ਜੀ ਦੀ ਸ਼ੋਭਾ ਦੂਰ ਦੂਰ ਤਕ ਫੈਲ ਗਈ ਜਿਸ ਦੇ ਫਲਸਰੂਪ ਗੁਰੂ ਜੀ ਨੂੰ ਸ਼ਸਤਰਾਂ ਅਤੇ ਘੋੜਿਆਂ ਦੀਆਂ ਭੇਟਾਵਾਂ ਅਤਿਆ ਵਧ ਆਉਣ ਲਗੀਆਂ ਅਤੇ ਸੈਂਕੜੇ ਲੋਕਾਂ ਨੇ ਗੁਰੂ ਜੀ ਦੀ ਫੌਜ ਵਿੱਚ ਭਰਤੀ ਹੋਣ ਲਈ ਆਉਣਾ ਸ਼ੁਰੂ ਕਰ ਦਿਤਾ। ਗੁਰੂ ਜੀ ਦੀ ਫਤਹਿ ਨੇ ਦਿੱਲੀ ਦੇ ਮੁਗਲ ਰਾਜ ਨੂੰ

ਵੀ ਚੌਕੰਨਿਆਂ ਕੀਤਾ। ਪਹਾੜੀ ਰਾਜਿਆਂ ਨੇ ਵੀ ਸਾਰੇ ਮਾਮਲੇ ਦੀ ਮੁੜ ਘੋਖ ਕੀਤੀ। ਭਾਵੇਂ ਪਹਾੜੀ ਰਾਜਿਆਂ ਅਤੇ ਗੁਰੂ ਜੀ ਦੇ ਆਦਰਸ਼ ਇੱਕ ਦੂਜੇ ਤੋਂ ਬਿਲਕੁਲ ਉਲਟ ਸਨ, ਪਰ ਰਾਜੇ ਆਪਣੇ ਸਵਾਰਥ ਦੇ ਜੋਰ, ਕਿ ਮੁਗਲਾਂ ਦੀ ਸਵਾਮੀਅਤ ਨੂੰ ਰੋਕ ਕੇ ਇਸ ਨਾਲ ਮੁਗਲ ਬਾਦਸ਼ਾਹ ਨੂੰ ਵਾਰਸ਼ਕ ਖਿਰਾਜ ਤੋਂ ਮੁਕਤ ਹੋਣ, ਗੁਰੂ ਜੀ ਨਾਲ ਮਿਤਰਤਾ ਦੇ ਸੰਬੰਧ ਬਣਾਉਣਾ ਚਾਹੁੰਦੇ ਸਨ। ਇਸ ਲਈ ਉਹਨਾਂ ਦੇ ਮੁਖੀ ਰਾਜਾ ਭੀਮਚੰਦ ਨੇ ਗੁਰੂ ਜੀ ਨਾਲ ਸਮਝੌਤਾ ਕਰ ਲਿਆ।

## ਅਨੰਦਪੁਰ ਵਾਪਸੀ :

ਗੁਰੂ ਜੀ ਤਿੰਨ ਕੁ ਵਰ੍ਹੇ ਪਾਉਂਟਾ ਸਾਹਿਬ ਰਹੇ ਅਤੇ ਉਨ੍ਹਾਂ ਦੀ ਪ੍ਰਸਿਧੀ ਕਵੀਆਂ, ਗਵਈਆਂ ਅਤੇ ਵਿਦਵਾਨਾਂ ਨੂੰ ਗੁਰੂ ਜੀ ਦੇ ਦਰਬਾਰ ਵਿੱਚ ਖਿਚ ਲਿਆਈ। ਇਸ ਸਮੇਂ ਦੌਰਾਨ ਗੁਰੂ ਜੀ ਨੇ ਜਾਪੁ ਸਾਹਿਬ, ਸਵੱਈਏ ਅਤੇ ਅਕਾਲ ਉਸਤਤ ਬਾਣੀਆਂ ਦੀ ਰਚਨਾ ਕੀਤੀ।

ਗੁਰੂ ਜੀ ਨੇ ਆਪਣੀ ਫੌਜ ਨੂੰ ਆਨੰਦਪੁਰ ਵਾਪਸ ਔਣ ਲਈ ਹੁਕਮ ਦਿਤਾ ਅਤੇ ਆਪ ਸਧੌਰਾ ਰਸਤੇ ਵਾਪਸ ਆਏ। ਫਿਰ ਥੋੜੇ ਕੁ ਦਿਨਾਂ ਲਈ ਲਹਿਰਪੁਰ ਟਿਕਾਣਾ ਕੀਤਾ। ਨਾਹਨ ਦੇ ਰਾਜਾ ਨੇ ਆਪਣਾ ਇੱਕ ਏਲਚੀ ਭੇਜਿਆ ਗਰੂ ਜੀ ਨੂੰ ਬੇਨਤੀ ਕਰਨ ਲਹੀ ਕਿ ਰਾਜਾ ਗੁਰੂ ਜੀ ਦੇ ਦਰਸ਼ਨ ਕਰਨੇ ਚਾਹੁੰਦੇ ਹੈ। ਪਰ ਉਹ ਕਦੇ ਵੀ ਨਾ ਕਰ ਸਕਿਆ। ਗੁਰੂ ਜੀ ਨਾਹਨ ਛੱਡ ਕੇ ਰਾਮਗੜ੍ਹ ਰਿਆਸਤ ਵਿੱਚ ਆਏ ਅਤੇ ਇੱਕ ਹਫਤੇ ਤੋਂ ਵਧ ਤਬਰਾ ਮਕਾਮ ਵਿੱਚ ਠਹਿਰੇ। ਉਹ ਫਿਰ ਰਾਇਪੁਰ[੨], ਉਥੋਂ ਦੀ ਰਾਣੀ ਦੇ ਨਿਮੰਤ੍ਰਣ ਤੇ ਗਏ। ਰਾਣੀ ਨੇ ਗੁਰੂ ਜੀ ਦੀ ਸਭ ਤੋਂ ਵਧ ਸ਼ਾਨਦਾਰ ਆਉ-ਭਗਤ ਕੀਤੀ ਅਤੇ ਇੱਕ ਸੁੰਦਰ ਘੋੜਾ, ਕੀਮਤੀ ਸਾਜ-ਸਾਮਾਨ ਨਾਲ, ਅਤੇ ਰੁਪਿਆਂ ਦੀ ਇੱਕ ਥੈਲੀ ਭੇਟਾ ਕੀਤੀ। ਗੁਰੂ ਜੀ ਨੇ ਉਸ ਦੇ ਪੁੱਤਰ ਨੂੰ ਇੱਕ ਤਲਵਾਰ ਅਤੇ ਇੱਕ ਢਾਲ ਦਿਤੀ। ਇਸ ਪਿਛੋਂ ਗੁਰੂ ਜੀ ਅਨੰਦਪੁਰ ਵਲ ਚੱਲ ਪਏ। ਟੋੜਾ, ਹਾਡਾ, ਢਕੌਲੀ, ਕੋਟਲਾ, ਘਨੌਲਾ, ਬੰਗਾ ਵਿਚੋਂ ਲੰਘਦੇ ਹੋਏ ਗੁਰੂ ਜੀ ਕੀਰਤਪੁਰ ਪੁੱਜੇ। ਉਥੋਂ ਗੁਰੂ ਜੀ ਅਕਤੂਬਰ ੧੬੮੭ ਵਿੱਚ ਅਨੰਦਪੁਰ ਆ ਗਏ। ਵੱਡੇ ਸਾਹਿਬਜ਼ਾਦੇ ਅਜੀਤ ਸਿੰਘ ਦਾ ਜਨਮ ਮਾਘ ਸੁਦੀ ਚਾਰ, ਸੰਮਤ ੧੭੪੩ (ਸੰਨ ੧੬੮੭ ਈ.) ਨੂੰ ਹੋਇਆ।

## ਅਲਿਫ ਖਾਨ ਦੀ ਚੜ੍ਹਾਈ :

ਦਖਣੀ ਭਾਰਤ ਮੁਗਲ ਰਾਜ ਤੋਂ ਬਾਗੀ ਹੋ ਗਿਆ ਸੀ। ਇਸ ਲਈ, ਬਾਦਸ਼ਾਹ ਔਰੰਗਜ਼ੇਬ ਦੱਖਣੀ ਭਾਰਤ ਵਿੱਚ ਬਗਾਵਤ ਦਬਾਉਣ ਲਈ ਬਹਤੁ ਵਰ੍ਹੇ ਰੁਝਾ ਰਿਹਾ। ਇੱਕ ਲੰਮੇ ਸਮੇਂ ਦੀ ਇਹੋ ਜੇਹੀ ਲੜਾਈ ਦਾ ਸਾਰਾ ਖਰਚ ਉਤਰੀ ਅਤੇ ਪੂਰਬੀ ਸੂਬਿਆਂ ਉਤੇ ਭਾਰੀ ਟੈਕਸ ਲਗਾ ਕੇ ਕੀਤਾ ਜਾਂਦਾ ਸੀ। ਉਸ ਸਮੇਂ ਮੀਆਂ ਖਾਨ ਜੰਮੂ ਦਾ ਸੂਬੇਦਾਰ ਸੀ। ਉਸ ਨੇ ਆਪਣੇ ਮੁਖੀ ਸੈਨਾਪਤੀ ਅਲਿਫ ਖਾਨ ਨੂੰ ਪਹਾੜੀ ਰਾਜਿਆਂ ਤੋਂ ਖਿਰਾਜ ਉਗਰਾਹੁਣ ਲਈ ਭੇਜਿਆ। ਅਲਿਫ ਖਾਨ ਨੇ ਪਹਿਲਾਂ ਕਾਂਗੜੇ ਦੇ ਰਾਜਾ ਕਿਰਪਾਲ ਨੂੰ ਕਿਹਾ, ''ਜਾਂ ਖਿਰਾਜ ਦਿਉ ਜਾਂ ਮੇਰੇ ਨਾਲ ਲੜਾਈ ਕਰੋ।" ਰਾਜਾ ਕਿਰਪਾਲ ਨੇ ਉਸ ਨੂੰ ਕੁਝ ਤੋਹਫੇ ਦਿਤੇ ਅਤੇ ਕਿਹਾ ਕਿ ਪਹਾੜੀ ਰਾਜਿਆਂ ਵਿੱਚ ਸਭ ਤੋਂ ਵੱਡਾ ਰਾਜਾ ਭੀਮਚੰਦ ਹੈ। ਜੇ ਉਹ ਪਹਿਲਾਂ ਖਿਰਾਜ ਦੇਵੇ ਤਾਂ ਬਾਕੀ ਸਾਰੇ ਰਾਜੇ ਉਸ ਦੇ ਪਿਛੇ ਚਲਣਗੇ। ਜੇ ਭੀਮਚੰਦ ਇਨਕਾਰ ਕਰੇਗਾ ਤਾਂ ਉਹ (ਕਿਰਪਾਲ) ਉਸ ਦਾ ਸਾਥ ਦੇਵੇਗਾ। ਬਿਜਰਵਾਲ ਦੇ ਰਾਜਾ ਦਯਾਲ ਨੂੰ ਰਾਜਾ ਕਿਰਪਾਲ ਨੇ ਅਲਿਫ ਖਾਨ ਦੀਆਂ ਮੰਗਾਂ ਮੰਨ ਲੈਣ ਲਈ ਮਨਾ ਲਿਆ।

ਆਲਿਫ ਖਾਨ ਰਾਜਾ ਕਿਰਪਾਲ ਦੀ ਤਜਵੀਜ਼ ਅਨੁਸਾਰ ਭੀਮਚੰਦ ਦੀ ਰਿਆਸਤ ਦੀ ਰਾਜਧਾਨੀ ਵੱਲ ਗਿਆ। ਆਪ ਉਹ ਨਦੌਣ ਠਹਿਰ ਗਿਆ ਅਤੇ ਆਪਣਾ ਏਲਚੀ ਭੀਮਚੰਦ ਕੋਲ ਭੇਜਿਆ ਆਪਣੀਆਂ ਮੰਗਾਂ ਲਈ। ਭੀਮਚੰਦ ਨੇ ਉਤਰ ਦਿਤਾ ਕਿ ਉਹ ਖਿਰਾਜ ਦੇਣ ਦੀ ਥਾਂ ਲੜਾਈ ਦਾ ਸਾਹਮਣਾ ਕਰੇਗਾ। ਪਰ ਉਸ ਦੇ ਪ੍ਰਧਾਨ ਮੰਤਰੀ ਨੇ ਸਲਾਹ ਦਿਤੀ ਕਿ ਉਹ ਫਤਹਿ ਚਾਹੁੰਦਾ ਹੈ ਤਾਂ ਇਸ ਨੂੰ ਯਕੀਨ ਬਨਾਉਣਾ ਕੇਵਲ ਗੁਰੂ ਜੀ ਵਲੋਂ ਸਹਾਇਤਾ ਨਾਲ ਹੀ ਹੋਵੇਗਾ। ਸੋ ਭੀਮਚੰਦ ਨੇ ਪ੍ਰਧਾਨ ਮੰਤਰੀ ਨੂੰ ਗੁਰੂ ਜੀ ਕੋਲ ਲੜਾਈ ਵਿੱਚ ਸਹਾਇਤਾ ਲਈ ਭੇਜਿਆ। ਗੁਰੂ ਜੀ ਨੇ ਖਿਰਾਜ ਨ ਦੇਣ ਦੇ ਅੰਦੋਲਨ ਦੀ ਹਿਮਾਇਤ ਕਰਨਾ ਸਵੀਕਾਰ ਕਰ ਲਿਆ ਜਿਸ ਦਾ ਭਾਵ ਸੀ ਮੁਗਲ ਸਾਮਰਾਜਵਾਦ ਵਿਰੋਧੀ ਹਿੰਮਤ। ਗੁਰੂ ਜੀ ਆਪ ਇੱਕ ਤਕੜਾ ਸੈਨਾ ਦਲ ਲੈ ਕੇ ਆਏ। ਜਸਵਾਲ, ਡਢਵਾਲ ਅਤੇ ਜਸਰੋਟ ਦੇ ਰਾਜੇ ਵੀ ਇਸ ਲੜਾਈ ਵਿੱਚ ਸ਼ਾਮਲ ਹੋਣ ਲਈ ਆ ਗਏ।

ਭੀਮਚੰਦ ਨੇ ਤੀਰਾਂ ਦੀ ਬੁਛਾੜ ਨਾਲ ਪਹਿਲਾ ਹਮਲਾ ਕੀਤਾ ਪਰ ਵੈਰੀ ਉਤੇ ਇਸ ਦਾ ਪ੍ਰਭਾਵ ਨਾ ਪਿਆ, ਕਿਉਂਕਿ ਵੈਰੀ ਦਾ ਸਥਾਨ ਅਜੇਹਾ ਸੀ ਕਿ ਤੀਰ ਉਸ ਦੀ ਗੜ੍ਹੀ ਦੀਆਂ ਬੱਲੀਆਂ ਨੂੰ ਹੀ ਲੱਗੇ। ਭੀਮਚੰਦ ਦੀਆਂ ਫੌਜਾਂ ਨੇ ਦਿਲ ਛਡਣਾ ਸ਼ੁਰੂ ਕਰ ਦਿੱਤਾ। ਇਸ ਨਾਜ਼ਕ ਮੌਕੇ ਤੇ ਗੁਰੂ ਜੀ ਨੇ ਸਭ ਤੋਂ ਵਧ ਅਸਰਦਾਰ ਹਿੱਸਾ

ਪਾਇਆ। ਗੁਰੂ ਜੀ ਨੇ ਆਪਣੀ ਬੰਦੂਕ ਫੜੀ ਅਤੇ ਰਾਜਾ ਦਿਆਲ ਵੱਲ ਸੇਧ ਦਿਤੀ। ਬਹਾਦਰੀ ਨਾਲ ਲੜਦਿਆਂ ਰਾਜਾ ਧਰਤੀ ਤੇ ਆ ਡਿਗਾ। ਗੁਰੂ ਜੀ ਨੇ ਵੈਰੀ ਫੌਜਾਂ ਉਤੇ ਤੀਰਾਂ ਦੀ ਬੁਛਾੜ ਲਾ ਦਿਤੀ। ਤੀਰਾਂ ਅਤੇ ਗੋਲੀਆਂ ਦੀ ਭਰਮਾਰ ਹੋ ਗਈ ਅਤੇ ਲੜਾਈ ਦਾ ਰੁਖ ਇਹਨਾਂ ਦੇ ਪੱਖ ਵਿੱਚ ਹੋ ਗਿਆ। ਆਲਿਫ ਖਾਨ ਅਤੇ ਉਸ ਦੀ ਫੌਜ ਭੱਜ ਗਈ ਅਤੇ ਫਤਹਿ ਚੰਦ ਦੀ ਜਿੱਤ ਹੋ ਗਈ। ਉਹ ਕੁਝ ਸਮਾਂ ਨਦੌਨ ਹੀ ਰਿਹਾ ਜਿਥੇ ਉਸ ਨੇ ਰਾਜਾ ਕਿਰਪਾਲ ਨੂੰ ਵਿਚੋਲਾ ਬਣਾ ਕੇ ਆਲਿਫ ਖਾਨ ਨਾਲ ਇੱਕ ਸਮਝੌਤਾ ਕਰ ਲਿਆ।

ਗੁਰੂ ਜੀ ਹਫਤਾ ਕੁ ਉਥੇ ਰਹਿ ਕੇ ਅਨੰਦਪੁਰ ਵਾਪਸ ਆ ਗਏ। ਆਪ ਜੀ ਦੇ ਦੂਸਰੇ ਸਾਹਿਬਜ਼ਾਦੇ ਜੁਝਾਰ ਸਿੰਘ ਦਾ ਜਨਮ ੭ ਚੇਤਰ ਸੰਮਤ ੧੭੪੭ (ਸੰਨ ੧੬੯੧ ਈ.) ਨੂੰ ਹੋਇਆ।

## ਦਿਲਾਵਰ ਖਾਨ ਵਲੋਂ ਗੁਰੂ ਜੀ ਦੀ ਤਾਕਤ ਕਮਜ਼ੋਰ ਕਰਨ ਦੀ ਕੋਸ਼ਿਸ਼ :

ਦਿਲਾਵਰ ਖਾਨ ਜਿਸ ਨੇ, ਔਰੰਗਜ਼ੇਬ ਦੇ ਦੱਖਣ ਵਿੱਚ ਹੋਣ ਕਰਕੇ ਪੰਜਾਬ ਵਿੱਚ ਤਾਕਤ ਫੜ ਲਈ, ਗੁਰੂ ਜੀ ਦੀ ਸ਼ੋਭਾ ਅਤੇ ਸਫਲਤਾ ਬਾਰੇ ਈਰਖਾ ਕਰਨ ਲੱਗਾ। ਉਸ ਨੇ ਆਪਣੇ ਪੁੱਤਰ ਖਾਨਜ਼ਾਦਾ ਨੂੰ ਇੱਕ ਹਜ਼ਾਰ ਫੌਜੀਆਂ ਨਾਲ ਅਨੰਦਪੁਰ ਗੁਰੂ ਜੀ ਦੀ ਤਾਕਤ ਨੂੰ ਠੱਲ ਪਾਉਣ ਲਈ ਭੇਜਿਆ। ਖਾਨਜ਼ਾਦਾ ਨੇ ਦਰਿਆ ਸਤਿਲੁਜ ਅੱਧੀ ਕੁ ਰਾਤ ਵੇਲੇ ਹਨੇਰੇ ਹਨੇਰੇ ਪਾਰ ਕੀਤਾ ਜਦ ਗੁਰੂ ਜੀ ਦੇ ਮੁਖਬਰ ਆਲਮ ਖਾਨ ਨੇ ਛੇਤੀ ਛੇਤੀ ਆ ਕੇ ਗੁਰੂ ਜੀ ਨੂੰ ਇਸ ਆ ਰਹੇ ਵੈਰੀ ਦਲ ਦੀ ਖਬਰ ਦਿੱਤੀ। ਉਸੇ ਪਲ ਰਣਜੀਤ ਨਗਾਰੇ ਨੂੰ ਚੋਟ ਲਾਈ ਗਈ ਅਤੇ ਗੁਰੂ ਜੀ ਦੇ ਸੈਨਿਕ ਤੁਰਤ ਹੀ ਦਰਿਆ ਵੱਲ ਚਲ ਪਏ। ਸਿੱਖਾਂ ਦੀ ਐਨੀ ਛੇਤੀ ਤਿਆਰ ਹੋ ਕੇ ਆਈ ਸੈਨਾ ਵੇਖ ਕੇ ਵਿਰੋਧੀ ਘਬਰਾ ਗਏ ਅਤੇ ਗੋਲੀਆਂ ਦੀ ਬੁਛਾੜ ਨੇ ਖਾਨਜ਼ਾਦੇ ਦੀ ਸੈਨਾ ਨੂੰ ਐਨਾ ਭੈਭੀਤ ਕਰ ਦਿਤਾ ਕਿ ਉਹ ਪਿਛਾਂਹ ਭੱਜਣ ਲਈ ਮਜਬੂਰ ਹੋ ਗਏ। ਪਰ ਉਹਨਾਂ ਨੇ ਵਾਪਸੀ ਰਾਹ ਵਿੱਚ ਬਰਵਾ ਪਿੰਡ ਲੁਟ ਲਿਆ। ਖਾਨਜ਼ਾਦਾ ਸ਼ਰਮ ਦਾ ਮਾਰਿਆ ਆਪਣੇ ਬਾਪ ਨੂੰ ਕੋਈ ਉਤਰ ਨਾ ਦੇ ਸਕਿਆ ਜਦ ਉਸ ਨੂੰ ਉਸ ਦੀ ਬੁਜ਼ਦਿਲੀ ਬਾਰੇ ਝਾੜ ਪਈ,। ਇਹ ਘਟਨਾ ਸੰਨ ੧੬੯੪ ਦੇ ਅੰਤ ਵਿੱਚ ਵਾਪਰੀ।

## ਹੁਸੈਨ ਖਾਨ ਦਾ ਧਾਵਾ :

ਦਿਲਾਵਰ ਖਾਨ ਦਾ ਇੱਕ ਹੁਸੈਨ ਨਾਮ ਦਾ ਗੁਲਾਮ ਸੀ ਜੋ ਸ਼ੇਖੀ ਮਾਰਦਾ ਸੀ ਕਿ ਜੇ ਉਸ ਨੂੰ ਇੱਕ ਕਮਾਂਡਰ ਬਣਾਇਆ ਜਾਵੇ ਤਾਂ ਉਹ ਅਨੰਦਪੁਰ ਸ਼ਹਿਰ ਤਬਾਹ ਕਰ ਦੇਵੇਗਾ ਅਤੇ ਭੀਮਚੰਦ ਅਤੇ ਹੋਰ ਪਹਾੜੀ ਰਾਜਿਆਂ ਤੋਂ ਖਿਰਾਜ ਵਸੂਲ ਕਰ ਲਿਆਵੇਗਾ। ਖਾਨਜ਼ਾਦੇ ਦੀ ਅਸਫਲਤਾ ਨੇ ਦਿਲਾਵਰ ਖਾਨ ਨੂੰ ਗੁਰੂ ਜੀ ਉਤੇ ਇੱਕ ਵਧੇਰੇ ਭਾਰੀ ਹਮਲਾ ਕਰਨ ਦੀ ਵਿਉਂਤ ਕਰਨ ਲਈ ਉਕਸਾਇਆ। ਸੋ ਉਸ ਨੇ ਹੁਸੈਨ ਖਾਨ ਨੂੰ ਦੋ ਹਜ਼ਾਰ ਦੀ ਸੈਨਾ ਨਾਲ ਭੇਜਿਆ। ਹੁਸੈਨ ਨੇ ਡਢਵਾਲ ਦੇ ਰਾਜਾ ਨੂੰ ਆਪਣੇ ਵੱਲ ਕਰ ਲਿਆ ਅਤੇ ਦੂਨ ਵਾਦੀ ਨੂੰ ਲੁੱਟ ਲਿਆ। ਕਾਂਗੜੇ ਦਾ ਰਾਜਾ ਕਿਰਪਾਲ ਵੀ ਉਸ ਨਾਲ ਆ ਰਲਿਆ। ਭੀਮਚੰਦ ਨੇ ਵੀ ਆਪਣਾ ਨੌਗਾ ਹੁਸੈਨ ਵਲ ਪਾ ਲਿਆ। ਉਸ ਨੇ ਤਦ ਕਿਰਪਾਲ ਅਤੇ ਭੀਮਚੰਦ ਦੀ ਸਹਾਇਤਾ ਨਾਲ ਅਨੰਦਪੁਰ ਵਲ ਚਾਲੇ ਪਾਉਣ ਦੀ ਵਿਉਂਤ ਬਣਾਈ। ਗੁਰੂ ਜੀ ਨੇ ਕਿਸੇ ਵੱਡੇ ਹਮਲੇ ਲਈ ਆਪਣੀਆਂ ਫੌਜਾਂ ਤਿਆਰ ਰੱਖੀਆਂ ਹੋਈਆਂ ਸਨ।

ਜਦ ਹੁਸੈਨ ਅਨੰਦਪੁਰ ਵੱਲ ਧਾਵਾ ਕਰਨ ਜਾਣ ਦੀਆਂ ਤਿਆਰੀਆਂ ਕਰ ਰਿਹਾ ਸੀ, ਗੁਲੇਰ ਦੇ ਰਾਜਾ ਗੋਪਾਲ ਨੇ ਉਸ ਵਲ ਸੁਲਾਹ ਕਰਨ ਲਈ ਆਪਣਾ ਏਲਚੀ ਭੇਜਿਆ। ਹੁਸੈਨ ਨੇ ਉਤਰ ਦਿਤਾ ਕਿ ਜੇ ਉਹ ਹੋਰ ਰਾਜਿਆਂ ਵਾਂਗ ਮਾਲੀ ਸਹਾਇਤਾ ਦੇਵੇ ਤਾਂ ਉਹ ਰਾਜਾ ਗੋਪਾਲ ਨੂੰ ਮਿਲ ਕੇ ਖੁਸ਼ ਹੋਏਗਾ। ਗੋਪਾਲ ਕੁਝ ਰਕਮ ਲੈ ਕੇ ਆਇਆ ਪਰ ਹੁਸੈਨ ਦੀ ਏਨੀ ਰਕਮ ਨਾਲ ਤਸੱਲੀ ਨਾ ਹੋਈ। ਹੁਸੈਨ ਦੀ ਸ਼ਰਤ ਸੀ ਕਿ ਦਸ ਹਜ਼ਾਰ ਰੁਪਏ ਮਿਲਣ ਨਹੀਂ ਤਾਂ ਉਹ ਗੋਪਾਲ ਅਤੇ ਉਸ ਦੀ ਸੈਨਾ ਨੂੰ ਮੌਤ ਤੇ ਘਾਟ ਉਤਾਰ ਦੇਵੇਗਾ। ਗੋਪਾਲ ਨੇ ਏਨੀ ਰਕਮ ਨ ਦੇ ਸਕਣ ਦੀ ਦਲੀਲ ਪੇਸ਼ ਕੀਤੀ ਅਤੇ ਵਾਪਸ ਆ ਗਿਆ। ਹੁਣ ਰਾਜਾ ਗੋਪਾਲ ਨੇ ਗੁਰੂ ਜੀ ਕੋਲ ਆਪਣਾ ਏਲਚੀ ਭੇਜਿਆ ਬੇਨਤੀ ਕਰਨ ਲਈ ਕਿ ਹੁਸੈਨ ਨਾਲ ਗੱਲਬਾਤ ਰਾਹੀਂ ਸਮਝੌਤਾ ਕਰਵਾ ਦੇਣ। ਗੁਰੂ ਜੀ ਨੇ ਆਪਣਾ ਪ੍ਰਤੀਨਿਧ, ਸੱਤ ਫੌਜੀ ਰਖਿਅਕਾਂ ਨਾਲ, ਸੰਗਤੀਆ ਭੇਜਿਆ, ਗੋਪਾਲ ਅਤੇ ਹੁਸੈਨ ਵਿਚਕਾਰ ਗੱਲਬਾਤ ਰਾਹੀਂ ਸੁਲਾਹ ਸਫਾਈ ਕਰਵਾ ਦੇਵੇ। ਦੋਵੇਂ ਧਿਰਾਂ ਕਿਸੇ ਸਮਝੌਤੇ ਤੇ ਨ ਪਹੁੰਚ ਸਕੀਆਂ ਜਿਸ ਦੇ ਕਾਰਨ ਹੁਸੈਨ, ਕਿਰਪਾਲ ਅਤੇ ਭੀਮਚੰਦ ਇੱਕ ਪਾਸੇ ਅਤੇ ਰਾਜਾ ਗੋਪਾਲ ਅਤੇ ਰਾਜਾ ਰਾਮ ਸਿੰਘ ਦੂਜੇ ਪਾਸੇ ਵਿਚਕਾਰ ਲੜਾਈ ਛਿੜ ਪਈ। ਬੜੀ ਬਹਾਦਰੀ ਨਾਲ ਲੜਦਿਆਂ ਹੁਸੈਨ ਰਣ ਖੇਤਰ ਵਿੱਚ ਮਾਰਿਆ ਗਿਆ। ਕਾਂਗੜੇ ਦਾ ਰਾਜਾ ਕਿਰਪਾਲ ਵੀ ਕਤਲ ਹੋ ਗਿਆ। ਹੁਸੈਨ ਖਾਨ ਦੇ ਦੋ ਅਫਸਰ ਹਿੰਮਤ ਅਤੇ ਕਿੰਮਤ ਵੀ ਮਾਰੇ ਗਏ। ਦੂਜੇ ਪਾਸੇ

ਗੁਰੂ ਜੀ ਦਾ ਏਲਚੀ ਸੰਗਤੀਆ ਅਤੇ ਉਸ ਦੇ ਸੱਤ ਸੈਨਿਕ ਵੀ ਮਾਰੇ ਗਏ। ਇਹ ਵੇਖ ਕੇ ਭੀਮਚੰਦ ਆਪਣੀ ਫੌਜ ਨਾਲ ਭੱਜ ਗਿਆ। ਇਸ ਫਤਹਿ ਪਿਛੋਂ ਰਾਜਾ ਗੋਪਾਲ ਗੁਰੂ ਜੀ ਕੋਲ ਬਹੁਤ ਸਾਰੀਆਂ ਭੇਟਾਵਾਂ ਲੈ ਕੇ ਹਾਜ਼ਰ ਹੋਇਆ ਅਤੇ ਗੁਰੂ ਜੀ ਦੀ ਮਿਹਰ ਲਈ ਧੰਨਵਾਦ ਕੀਤਾ ਜਿਸ ਸਦਕਾ ਉਸ ਨੂੰ ਰਣ ਖੇਤਰ ਵਿੱਚ ਸਫਲਤਾ ਮਿਲੀ।

ਗੁਰੂ ਜੀ ਦੇ ਤੀਜੇ ਸਪੁੱਤਰ ਸਾਹਿਬਜ਼ਾਦਾ ਜ਼ੋਰਾਵਰ ਸਿੰਘ ਦਾ ਜਨਮ ਸੰਮਤ ੧੭੫੩ (ਸੰਨ ੧੬੯੭ ਈ.) ਵਿੱਚ ਮਾਘ ਮਹੀਨੇ ਦੇ ਅੱਧ ਵਿੱਚ ਹੋਇਆ।

ਹਾਰ ਹੋ ਜਾਣ ਕਰਕੇ ਦਿਲਾਵਰ ਖਾਨ ਬੜਾ ਤੰਗ ਹੋਇਆ। ਉਸ ਨੇ ਜੁਝਾਰ ਸਿੰਘ ਅਤੇ ਚੰਡੇਲ ਰਾਇ ਨੂੰ ਜਸਵਾਲ ਭੇਜਿਆ ਪਰ ਉਹ ਆਪਣਾ ਮਨੋਰਥ ਪੂਰਾ ਨਾ ਕਰ ਸਕੇ। ਪਰ ਉਹਨਾਂ ਨੇ ਉਸ ਰਿਆਸਤ ਵਿੱਚ ਇੱਕ ਫੌਜੀ ਮਹੱਤਵ ਵਾਲਾ ਸਥਾਨ, ਭੱਲਨ, ਕਬਜ਼ੇ ਵਿੱਚ ਲੇ ਲਿਆ। ਇਸ ਤੋਂ ਪਹਿਲਾਂ ਕਿ ਉਹ ਅੱਗੇ ਵਧ ਸਕਦੇ, ਜਸਵਾਲ ਦੇ ਰਾਜ ਸਿੰਘ ਨੇ ਉਹਨਾਂ ਉਤੇ ਧਾਵਾ ਬੋਲ ਦਿਤਾ। ਜੁਝਾਰ ਸਿੰਘ ਅਤੇ ਚੰਡੇਲ ਰਾਇ ਦੋਵੇਂ ਸ਼ੇਰਾਂ ਵਾਂਗ ਲੜੇ ਪਰ ਜੁਝਾਰ ਸਿੰਘ ਮਾਰਿਆ ਗਿਆ ਅਤੇ ਚੰਡੇਲ ਰਾਇ ਭੱਜ ਗਿਆ।

ਸ਼ਾਹੀ ਫੌਜਾਂ ਦੀ ਹਾਰ ਨੇ ਔਰੰਗਜ਼ੇਬ ਨੂੰ ਚਿੰਤਾ ਵਿੱਚ ਪਾ ਦਿਤਾ ਅਤੇ ਉਸ ਨੇ ਆਪਣੇ ਪੁੱਤਰ, ਸ਼ਹਿਜ਼ਾਦਾ ਮੁਅੱਜ਼ਮ ਜਿਸ ਦਾ ਪਿਛੋਂ ਬਹਾਦਰ ਸ਼ਾਹ ਨਾਮ ਹੋਇਆ, ਨੂੰ ਭੇਜਿਆ ਪਹਾੜੀ ਇਲਾਕੇ ਵਿੱਚ ਸ਼ਾਹੀ ਨਜ਼ਾਮ ਮੁੜ ਕਾਇਮ ਕਰਨ ਲਈ। ਸ਼ਹਿਜ਼ਾਦੇ ਨੇ ਅਗਸਤ ੧੬੯੬ ਵਿੱਚ ਅਧਿਕਾਰ ਸੰਭਾਲਿਆ ਅਤੇ ਮਿਰਜ਼ਾ ਬੇਗ ਨੂੰ ਪਹਾੜੀ ਰਾਜਿਆਂ ਨੂੰ ਸਬਕ ਸਿਖਾਉਣ ਲਈ ਨਿਯੁਕਤ ਕੀਤਾ। ਮਿਰਜ਼ਾ ਨੇ ਹਾਰ ਉਤੇ ਹਾਰ ਦਿਤੀ, ਪਿੰਡ ਸਾੜ ਦਿਤੇ, ਇਲਾਕੇ ਵਿੱਚ ਲੁੱਟ ਮਚਾ ਦਿਤੀ। ਮਿਰਜ਼ਾ ਬੇਗ ਪਿਛੋਂ ਸ਼ਹਿਜ਼ਾਦੇ ਨੇ ਚਾਰ ਹੋਰ ਅਫਸਰ ਭੇਜੇ ਜਿਹਨਾਂ ਨੇ, ਨਾਲੋ ਨਾਲ, ਪਹਾੜੀ ਰਾਜਿਆਂ ਨੂੰ ਸਜ਼ਾਵਾਂ ਦਿਤੀਆਂ ਅਤੇ ਜੋ ਕਾਫਰ ਮਿਰਜ਼ਾ ਬੇਗ ਹੱਥੋਂ ਬਰਬਾਦੀ ਤੋਂ ਬਚ ਗਏ ਸਨ ਉਹਨਾਂ ਦੇ ਘਰ ਲੁੱਟ ਲਏ।

ਸਮਾਂ ਪੈਣ ਤੇ ਗੁਰੂ ਜੀ ਦੇ ਚੌਥੇ ਸਾਹਿਬਜ਼ਾਦੇ ਫਤਹਿ ਸਿੰਘ ਨੇ ਬੁਧਵਾਰ ੧੧ ਫੱਗਣ ਸੰਮਤ ੧੭੫੫ (ਸੰਨ ੧੬੯੯ ਈ.) ਨੂੰ ਜਨਮ ਲਿਆ। ਪਹਾੜਾਂ ਦੀ ਇਕਾਂਤ ਅਤੇ ਸ਼ਾਂਤਮਈ ਵਾਤਾਵਰਣ ਵਿੱਚ ਗੁਰੂ ਜੀ ਨੇ ਸੰਸਕ੍ਰਿਤ ਗ੍ਰੰਥਾਂ ਦਾ ਅਨੁਵਾਦ ਸੰਮਤ ੧੭੫੫ (ਸੰਨ ੧੬੯੮ ਈ.) ਵਿੱਚ ਕੀਤਾ। ਗੁਰੂ ਜੀ ਵਲੋਂ ਦੱਸੇ ਅਨੁਸਾਰ, ਉਨ੍ਹਾਂ ਨੇ 'ਰਾਮ ਅਵਤਾਰ' ਦਾ ਸੰਸਕ੍ਰਿਤ ਤੋਂ ਹਿੰਦੀ ਵਿੱਚ ਅਨੁਵਾਦ ਪੂਰਾ ਕੀਤਾ। ਬਹੁਤ ਸਾਰੀਆਂ ਰਚਨਾਵਾਂ ਜੋ ਗੁਰੂ ਜੀ ਦੀਆਂ ਕਹੀਆਂ ਜਾਂਦੀਆਂ ਹਨ, ਉਹਨਾਂ ਦੀਆਂ ਨਹੀਂ ਹਨ। ਮੈਕਾਲਿਫ ਲਿਖਦਾ ਹੈ :

"ਜੋ ਰਚਨਾ ਦਸਮ ਗ੍ਰੰਥ ਨਾਮ ਦੀ ਹੈ ਉਸ ਵਿੱਚ ਕੇਵਲ ਕੁਝ ਹਿੱਸੇ ਹੀ ਗੁਰੂ ਜੀ ਕ੍ਰਿਤ ਹਨ। ਇਸ ਦਾ ਵਧੇਰੇ ਹਿੱਸਾ ਪੁਰਾਤਨ ਕਵੀਆਂ ਦਾ ਲਿਖਿਆ ਹੋਇਆ ਹੈ ਜੋ ਗੁਰੂ ਜੀ ਦੀ ਨੌਕਰੀ ਵਿੱਚ ਸਨ। ਦੋ ਕ੍ਰਿਤਾਂ, 'ਚੰਡੀ ਚਰਿਤ੍ਰ' ਅਤੇ 'ਭਗਉਤੀ ਕੀ ਵਾਰ' ਵੱਖ ਵੱਖ ਹੱਥਾ ਦੇ ਕੀਤੇ ਹੋਏ "ਦੁਰਗਾ ਸਪਤ ਸ਼ਤੀ" ਦੇ ਸੰਛਿਪਤ ਅਨੁਵਾਦ ਹਲ। ਇਹ ਸਤ ਸੌ ਸਲੋਕ ਦੁਰਗਾ ਬਾਰੇ 'ਮਾਰਕੰਡੇ ਪੁਰਾਨ' ਵਿਚੋਂ ਇੱਕ ਕਥਾ ਹੈ, ਦੁਰਗਾ ਦੇਵੀ ਦੀਆਂ ਰਾਕਸ਼ਾਂ ਨਾਲ ਲੜਾਈਆਂ ਦਾ ਵਰਨਣ ਹੈ, ਜਿਹੜੇ ਰਾਕਸ਼ਾਂ ਨੇ ਦੇਵਤਿਆਂ ਨਾਲ ਜੰਗ ਲੜਦੇ ਅਰੰਭ ਹੋਏ ਸਨ। ਜੋ ਵੀ ਕੋਈ ਹਿੰਦੀ ਦੀ ਮੋਟੀ ਮੋਟੀ ਜਾਣਕਾਰੀ ਰਖਦਾ ਹੈ ਉਹ ਇਹਨਾਂ ਅਨੁਵਾਦਾਂ ਦੀ ਸ਼ੈਲੀ ਤੋਂ ਦਸ ਸਕਦਾ ਹੈ ਕਿ ਇਹ ਅਨੁਵਾਦ ਵੱਖ ਵੱਖ ਵਿਅਕਤੀਆਂ ਦੇ ਕੀਤੇ ਹੋਏ ਹਨ।"

ਗੁਰੂ ਜੀ ਦੇ ਦਰਬਾਰ ਵਿੱਚ ੫੨[੩] ਕਵੀ ਸਨ, ਮਹਾਂਭਾਰਤ, ਰਾਮਾਇਣ ਅਤੇ ਰਾਮ, ਕ੍ਰਿਸ਼ਨ, ਚੰਡੀ ਅਤੇ ਹੋਰਨਾਂ ਦੇ ਬਹਾਦਰੀ ਦੇ ਕਾਰਨਾਮਿਆਂ ਦਾ ਅਨੁਵਾਦ ਕਰਨ ਲਈ। ਇਸ ਤੋਂ ਇਹ ਮਤਲਬ ਨਹੀਂ ਕਿ ਗੁਰੂ ਜੀ ਉਹਨਾਂ ਸ਼ੋਭਨੀਕ ਕਾਰਨਾਮੇ ਕਰਨ ਵਾਲਿਆਂ ਦੀ ਪੂਜਾ ਕਰਦੇ ਸਨ। ਇਹ ਅਨੁਵਾਦ ਕੇਵਲ ਆਪਣੇ ਧਰਮ ਦੀ ਰਖਿਆ ਕਰਨ ਵਾਲੇ ਸੈਨਿਕਾਂ ਦੇ ਹਿਰਦੇ ਦਲੇਰੀ ਨਾਲ ਭਰਨ, ਬੀਰਤਾ ਲਈ ਉਤਸ਼ਾਹਤ ਕਰਨ ਅਤੇ ਕਾਇਰਤਾ ਦੂਰ ਕਰਨ ਲਈ ਕੀਤੇ ਸਨ। ਇਸ ਦੀ ਗੁਰੂ ਜੀ ਨੇ ਆਪ, ਭਾਗਵਤ ਤੇ ਦਸਵੇਂ ਅਧਿਆਇ ਦਾ ਅਨੁਵਾਦ ਕਰਦਿਆਂ ਪੁਸ਼ਟੀ ਕੀਤੀ ਹੈ : "ਮੈਂ ਭਾਗਵਤ ਦੇ ਦਸਵੇਂ ਅਧਿਆਇ ਨੂੰ ਅਸ਼ੀਲੀ ਉਪਭਾਸ਼ਾ ਵਿੱਚ ਅੰਕਿਤ ਕੀਤਾ ਹੈ ਕੇਵਲ ਧਰਮ ਯੁੱਧ ਲਈ ਤੀਬਰਤਾ ਉਭਾਰਨ ਲਈ।"

ਗੁਰੂ ਜੀ ਨੇ ਕਦੀ ਵੀ ਇੱਕ ਅਕਾਲ ਪੁਰਖ ਤੋਂ ਸਿਵਾ ਕਿਸੇ ਤੇ ਸ਼ਰਧਾ ਨਹੀਂ ਰਖੀ ਅਤੇ ਨਾ ਹੀ ਕਿਸੇ ਦੀ ਪੂਜਾ ਕੀਤੀ। ਗੁਰੂ ਜੀ "ਅਕਾਲ ਉਸਤਤ" ਵਿੱਚ ਬਚਨ ਕਰਦੇ ਹਨ :

"ਤੁਮਹਿ ਛਾਡਿ ਕੋਈ ਅਵਰ ਨ ਧਿਆਉ।
ਜੋ ਬਰ ਚਹੋਂ ਸੁ ਤੁਮ ਤੇ ਪਾਉ।"

ਗੁਰੂ ਜੀ ਨੇ ਇਸ ਨੂੰ ਆਪਣੇ ਤੇਤੀ ਸਵੱਯਾ ਵਿੱਚ ਵੀ ਇਸਤਰ੍ਹਾਂ ਸਪਸ਼ਟ ਕੀਤਾ ਹੈ :

"ਕਾਹੂ ਲੈ ਠੋਕ ਬਧੇ ਉਰ ਠਾਕਰ, ਕਾਹੂੰ ਮਹੇਸ ਕੋ ਏਸ ਬਖਾਨਿਯੋ।
ਕਾਹੂ ਕਹਯੋ ਹਰਿ ਮੰਦਰਿ ਮੈਂ, ਹਰਿ ਕਾਹੂੰ ਮਸੀਤ ਕੇ ਬੀਚ ਪ੍ਰਮਾਨਿਯੋ।
ਕਾਹੂੰ ਨੇ ਰਾਮ ਕਹਿਯੋ ਕ੍ਰਿਸਨਾ ਕਾਹੂੰ, ਕਾਹੂੰ ਮਨੇ ਅਵਤਾਰਨ ਮਾਨਿਯੋ।

ਫੋਕਟ ਧਰਮ ਬਿਸਾਰ ਸਭੈ, ਕਰਤਾਰ ਹੀ ਕਉ ਕਰਤਾ ਜੀਅ ਜਾਨਿਯੋ।।੨।।"
(ਸਵੈਯਾ ੧੨)

"ਕਾਹੇ ਕੋ ਏਸ ਮਹੇਸਹਿ ਭਾਖਤ, ਕਾਹੇ ਦਿਜੇਸ ਕੋ ਏਸ ਬਖਨਿਯੋ।
ਹੈ ਨ ਰਘ੍ਵੇਸ ਜਦ੍ਵੇਸ ਰਮਾਪਤਿ, ਤੈ ਜਿਨਕੋ ਬਿਸਵਨਾਥ ਪਛਾਨਿਯੋ।
ਏਕ ਕੋ ਛਾਡ ਅਨੇਕ ਭਜੈ ਸੁਕਦੇਵ, ਪਰਾਸਰ ਬਿਯਾਸ ਝੁਠਾਨਿਯੋ।
ਫੋਕਟ ਧਰਮ ਸਜੈ ਸਬ ਹੀ, ਹਮ ਏਕ ਹੀ ਕੋ ਬਿਧ ਨੇਕ ਪ੍ਰਮਾਨਿਯੋ।"
(ਸਵੱਯਾ ੧੫)

## ਖਾਲਸੇ ਦੀ ਸਾਜਨਾ :

ਗੁਰੂ ਜੀ ਨੇ ਦੇਸ ਭਰ ਵਿੱਚ ਆਪਣੇ ਸ਼ਰਧਾਲੂਆਂ ਨੂੰ ਸੰਮਤ ੧੭੫੬ (ਸੰਨ ੧੬੯੯ ਈ.) ਵਿੱਚ ਆਉਣ ਵਾਲੇ ਵਿਸਾਖੀ ਦੇ ਉਤਸਵ ਤੇ ਅਨੰਦਪੁਰ ਆਉਣ ਲਈ ਹੁਕਮਨਾਮੇ ਭੇਜੇ। ਜਾਪਦਾ ਸੀ ਕਿ ਸਾਰਾ ਪੰਜਾਬ ਹੀ ਤੁਰ ਪਿਆ ਹੈ; ਅਤੇ ਗੁਰਸਿੱਖ ਦੇਸ ਦੇ ਸਭ ਪਾਸਿਆਂ ਤੋਂ ਆਏ।

ਇੱਕ ਛੋਟੀ ਜੇਹੀ ਪਹਾੜੀ, ਜਿਸ ਦਾ ਨਾਮ ਅਨੰਦਪੁਰ ਵਿੱਚ ਕੇਸਗੜ੍ਹ ਸਾਹਿਬ ਹੈ, ਉਤੇ ਇੱਕ ਤੰਬੂ ਲਾਇਆ ਗਿਆ ਅਤੇ ਖੁਲ੍ਹੀ ਥਾਂ ਤੇ ਦੀਵਾਨ ਸਜਿਆ। ਗੁਰੂ ਜੀ ਨੇ ਖੜੇ ਹੋ ਕੇ ਆਪਣੀ ਤਲਵਾਰ ਹੱਥ ਵਿੱਚ ਲਈ ਅਤੇ ਸੰਗਤ ਨੂੰ ਸੰਬੋਧਨ ਕਰਕੇ ਗਰਜਵੀਂ ਆਵਾਜ਼ ਵਿੱਚ ਕਿਹਾ, "ਮੈਨੂੰ ਇੱਕ ਸਿਰ ਦੀ ਲੋੜ ਹੈ, ਹੈ ਕੋਈ ਜੋ ਆਪਣਾ ਸਿਰ ਮੈਨੂੰ ਭੇਟਾ ਕਰ ਸਕਦਾ ਹੈ ?" ਇਸ ਸਭ ਤੋਂ ਵਧ ਅਨੋਖੀ ਮੰਗ ਨੇ ਸੰਗਤ ਨੂੰ ਭੈਭੀਤ ਕਰ ਦਿਤਾ ਅਤੇ ਲੋਕ ਘਬਰਾ ਗਏ। ਘੋਰ ਚੁੱਪ ਛਾ ਗਈ। ਗੁਰੂ ਜੀ ਨੇ ਦੁਬਾਰਾ ਮੰਗ ਕੀਤੀ। ਕੋਈ ਅੱਗੇ ਨ ਆਇਆ। ਪਹਿਲਾਂ ਤੋਂ ਵੀ ਵਧ ਚੁੱਪ ਛਾ ਗਈ। ਤੀਜੀ ਵਾਰ ਮੰਗਣ ਤੇ ਲਾਹੌਰ ਦਾ ਇੱਕ ਖਤਰੀ, ਦਇਆ ਰਾਮ ਉਠਿਆ ਅਤੇ ਹੱਥ ਜੋੜ ਕੇ ਕਿਹਾ, "ਸੱਚੇ ਪਾਤਸ਼ਾਹ, ਮੇਰਾ ਸਿਰ ਆਪ ਦੀ ਸੇਵਾ ਵਿੱਚ ਹਾਜ਼ਰ ਹੈ।" ਗੁਰੂ ਜੀ ਦਇਆ ਰਾਮ ਦੀ ਬਾਂਹ ਫੜਕੇ ਉਸ ਨੂੰ ਤੰਬੂ ਵਿੱਚ ਲੈ ਗਏ। ਇੱਕ ਝਟਕੇ ਅਤੇ ਧੜੰਮ ਕਰਕੇ ਕੁਝ ਡਿਗਣ ਦੀ ਆਵਾਜ਼ ਤੰਬੂ ਵਿਚੋਂ ਆਈ। ਫਿਰ ਗੁਰੂ ਜੀ ਆਪਣੀ ਲਹੂ ਨਾਲ ਤ੍ਰਿਪ ਤ੍ਰਿਪ ਕਰਦੀ ਤਲਵਾਰ ਹੱਥ ਵਿੱਚ ਫੜੀ ਬਾਹਰ ਆਏ ਅਤੇ ਲਲਕਾਰ ਕੇ ਆਖਿਆ, "ਮੈਨੂੰ ਇੱਕ ਹੋਰ ਸਿਰ ਦੀ ਲੋੜ ਹੈ।ਕੋਈ ਹੈ ਜੋ ਦੇਵੇਗਾ ?"

**ਨੋਟ** : ਬਹੁਤ ਸਾਰੇ ਲੇਖਕ, ਜਿਨ੍ਹਾਂ ਵਿੱਚ ਕਈ ਸਿੱਖ ਲੇਖਕ ਵੀ ਹਨ, ਲਿਖਦੇ ਹਨ ਕਿ ਗੁਰੂ ਜੀਨੇ ਪਿਛਲੀ ਰਾਤ ਤੰਬੂ ਵਿੱਚ ਪੰਜ ਬਕਰੇ ਲੁਕਾ ਕੇ ਰੱਖੇ ਹੋਏ ਸਨ ਜਿਸਦਾ ਕਿਸੇ ਨੂੰ ਪਤਾ ਨਹੀਂ ਸੀ। ਸੋ ਜਦ ਗੁਰੂ ਜੀ ਦਇਆ ਰਾਮ ਨੂੰ ਤੰਬੂ ਵਿੱਚ ਲੈ ਗਏ ਤਾਂ ਉਨ੍ਹਾਂ ਨੇ ਦਇਆ ਰਾਮ ਦੇ ਸਿਰ ਦੀ ਬਜਾਇ ਇੱਕ ਬਕਰੇ ਦਾ ਸਿਰ ਕੱਟ ਦਿਤਾ। ਇਹਨਾਂ ਲੇਖਕਾਂ ਲਈ ਗੁਰੂ ਜੀ ਦੇ ਦੈਵੀ ਕਾਰਜਾਂ ਨੂੰ ਸਮਝਣਾ ਔਖਾ ਹੈ। ਉਹ ਅਨੁਭਵ ਨਹੀਂ ਕਰ ਸਕਦੇ ਕਿ ਗੁਰੂ ਜੀ ਦਇਆ ਰਾਮ ਦਾ ਸੀਸ ਕਟਕੇ ਉਸ ਨੂੰ ਮੁੜ ਜੀਵਤ ਕਰਕੇ ਤੰਬੂ ਵਿਚੋਂ ਲਿਆ ਸਕਦੇ ਹਨ। ਇਹਨਾਂ ਲੇਖਕਾਂ ਨੂੰ ਇਹ ਸੂਝ ਹੋਣ ਦੀ ਲੋੜ ਹੈ ਕਿ ਗੁਰੂ ਜੀ ਇੱਕ ਰੱਬੀ ਜੋਤਿ ਸਨ ਅਤੇ ਗੁਰੂ ਨਾਨਕ ਦੇਵ ਜੀ ਦੀ ਇਲਾਹੀ ਗੱਦੀ ਤੇ ਬੈਠੇ ਹੋਏ ਸਨ। ਇਹ ਲੇਖਕ ਗੁਰੂ ਜੀ ਦਾ ਪੂਰਨ ਨਿਰਾਦਰ ਕਰ ਰਹੇ ਹਨ, ਇਹ ਸੰਕੇਤ ਦੇ ਕੇ ਕਿ ਗੁਰੂ ਜੀ ਪ੍ਰਾਸਰੀਰਕ ਕਾਰਜ ਕਰਨ ਦੇ ਸਰਮਥ ਨਹੀਂ ਸਨ। ਇਹੋ ਜਿਹੇ ਵਿਚਾਰਾਂ ਨਾਲ, ਇਹ ਲੇਖਕ ਗੁਰੂ ਜੀ ਵਲ ਬੇਹੁਰਮਤੀ ਦੇ ਦੋਸ਼ੀ ਹਨ। ਗੁਰੂ ਜੀ ਕੋਲ ਮੁਰਦਾ ਜਿਵਾਲਣ ਦੀ ਸ਼ਕਤੀ ਸੀ। ਗੁਰਬਾਣੀ ਇਸਦੀ ਪੁਸ਼ਟੀ ਕਰਦੀ ਹੈ :

"ਸਤਿਗੁਰ ਮੇਰਾ ਮਾਰਿ ਜੀਵਾਲੇ।"

(ਭੈਰਉ ਮਹਲਾ ੫, ਪੰਨਾ ੧੧੪੨)

ਇਹ ਕੋਈ ਸਾਧਾਰਨ ਕ੍ਰਿਸ਼ਮਾ ਨਹੀਂ ਸੀ, ਇਹ ਤਾਂ ਸਭ ਤੋਂ ਵੱਧ ਲਾਸਾਨੀ ਅਤੇ ਦੈਵੀ ਕਾਰਜ ਸੀ ਜੋ ਸਿਧਾ ਅਕਾਲ ਪੁਰਖ ਦੀ ਰਜ਼ਾ ਰਾਹੀਂ ਹੋਇਆ। ਗੁਰੂ ਜੀ ਨੇ ਆਪ ਇਸ ਨੂੰ ਪ੍ਰਮਾਣਤ ਕੀਤਾ ਹੈ :

"ਖਾਲਸਾ ਅਕਾਲ ਪੁਰਖ ਕੀ ਫੌਜ
ਪ੍ਰਗਟਿਓ ਖਾਲਸਾ ਪ੍ਰਮਾਤਮ ਕੀ ਮੌਜ"

(ਗੁਰੂ ਗੋਬਿੰਘ ਸਿੰਘ ਜੀ—ਸਰਬਲੋਹ ਗ੍ਰੰਥ)

ਫਿਰ, ਇਸ ਵਾਰ ਧਰਮ ਦਾਸ, ਦਿੱਲੀ ਦਾ ਇੱਕ ਜੱਟ, ਅਗੇ ਆਇਆ ਅਤੇ ਕਿਹਾ, "ਸੱਚੇ ਪਾਤਸ਼ਾਹ ਮੇਰਾ ਸਿਰ ਆਪ ਜੀ ਦੀ ਸੇਵਾ ਵਿੱਚ ਹਾਜ਼ਰ ਹੈ।" ਗੁਰੂ ਜੀ ਧਰਮ ਦਾਸ ਨੂੰ ਤੰਬੂ ਵਿੱਚ ਲੈ ਗਏ, ਫਿਰ ਇੱਕ ਝਟਕੇ ਅਤੇ ਧੜੰਮ ਡਿੱਗਣ ਦੀ ਆਵਾਜ਼ ਬਾਹਰ ਸੁਣੀ ਗਈ। ਗੁਰੂ ਜੀ ਲਹੂ ਭਿਜੀ ਤਲਵਾਰ ਹੱਥ ਵਿੱਚ ਫੜੀ ਬਾਹਰ ਆਏ ਅਤੇ ਮੁੜ ਉਹੀ ਆਵਾਜ਼ ਦਿਤੀ, "ਮੈਨੂੰ ਇੱਕ ਹੋਰ ਸਿਰ ਦੀ ਲੋੜ ਹੈ। ਹੈ ਕੋਈ ਪਿਆਰਾ ਸਿੱਖ ਜੋ ਸਿਰ ਭੇਟ ਕਰੇਗਾ ?"

ਇਸ ਤੇ ਕੁਝ ਲੋਕੀ ਸੰਗਤ ਵਿਚੋਂ ਕਹਿਣ ਲੱਗੇ ਕਿ ਗੁਰੂ ਜੀ ਦੀ ਮੱਤ ਮਾਰੀ ਗਈ ਹੈ, ਅਤੇ ਉਠ ਕੇ ਗੁਰੂ ਜੀ ਦੀ ਮਾਤਾ ਜੀ ਕੋਲ ਸ਼ਕਾਇਤ ਕਰਨ ਚਲੇ ਗਏ। ਤੀਜੀ ਆਵਾਜ਼ ਤੇ ਮੋਹਕਮ ਚੰਦ [੪], ਦਵਾਰਕਾ (ਭਾਰਤ ਦੇ ਪੱਛਮੀ ਸਮੁੰਦਰੀ ਕੰਢੇ ਤੇ) ਦਾ ਇੱਕ ਧੋਬੀ, ਅੱਗੇ ਆਇਆ ਅਤੇ ਆਪਣਾ ਸੀਸ ਕੁਰਬਾਨੀ ਲਈ ਹਾਜ਼ਰ ਕੀਤਾ। ਗੁਰੂ ਜੀ ਉਸ ਨੂੰ ਵੀ ਤੰਬੂ ਵਿੱਚ ਲੈ ਗਏ ਅਤੇ ਉਹੀ ਖੇਡ ਵਰਤੀ। ਜਦ ਗੁਰੂ ਜੀ ਬਾਹਰ ਆਏ ਤਾਂ ਚੌਥੇ ਸੀਸ ਵਾਸਤੇ ਆਵਾਜ਼ ਦਿਤੀ। ਸੰਗਤ ਵਿੱਚ ਸਿੱਖ ਸੋਚਣ ਲਗ ਗਏ ਕਿ ਗੁਰੂ ਜੀ ਨੇ ਸਾਰਿਆਂ ਨੂੰ ਕਤਲ ਕਰ ਦੇਣਾ ਹੈ। ਕੁਝ ਭੱਜ ਗਏ ਅਤੇ ਦੂਜੇ ਸਿਰ ਨੀਵਾਂ ਪਾਈ ਬੈਠੇ ਰਹੇ। ਚੌਥੀ ਕੁਰਬਾਨੀ ਲਈ ਜਗਨ ਨਾਥ ਪੁਰੀ ਦਾ ਇੱਕ ਰਸੋਈਆ ਹਿੰਮਤ ਚੰਦ, ਹਾਜ਼ਰ ਹੋਇਆ। ਫਿਰ ਗੁਰੂ ਜੀ ਨੇ ਪੰਜਵੀਂ ਅਤੇ ਅਖੀਰਲੀ ਆਵਾਜ਼ ਦਿਤੀ। ਸਾਹਿਬ ਚੰਦ, ਮਧ ਭਾਰਤ ਵਿੱਚ ਬਿਦਰ ਦਾ ਵਾਸੀ, ਅੱਗੇ ਆਇਆ। ਗੁਰੂ ਜੀ ਉਸ ਨੂੰ ਤੰਬੂ ਵਿੱਚ ਲੇ ਗਏ ਅਤੇ ਅੱਗੇ ਵਾਂਗ ਹੀ ਝਟਕੇ ਅਤੇ ਧੜੰਮ ਦੀ ਆਵਾਜ਼ ਬਾਹਰ ਸੁਣਾਈ ਦਿਤੀ।

ਅਖੀਰਲੀ ਵਾਰ ਗੁਰੂ ਜੀ ਤੰਬੂ ਅੰਦਰ ਵਧੇਰੇ ਸਮਾਂ ਰੁਕੇ। ਲੋਕਾਂ ਨੇ ਸੁਖ ਦਾ ਸਾਹ ਲਿਆ। ਗੁਰੂ ਜੀ ਨੇ ਪੰਜਾਂ ਸਿੱਖਾਂ ਨੂੰ ਸੁੰਦਰ ਬਸਤਰ ਪੁਆਏ। ਇਹਨਾਂ ਨੇ ਗੁਰੂ ਜੀ ਨੂੰ ਆਪਣੇ ਸੀਸ ਭੇਟਾ ਕੀਤੇ ਅਤੇ ਹੁਣ ਗੁਰੂ ਜੀ ਨੇ ਇਹਨਾਂ ਨੂੰ ਆਪਣਾ ਆਪਾ ਅਤੇ ਤੇਜ ਪ੍ਰਤਾਪ ਦਿਤਾ। ਜਦ ਇਹਨਾਂ ਨੂੰ ਗੁਰੂ ਜੀ ਤੰਬੂ ਤੋਂ ਬਾਹਰ ਲਿਆਏ, ਤਾਂ ਇਹ ਦਗ ਦਗ ਕਰ ਰਹੇ ਰੂਪ ਵਿੱਚ ਸਨ। ਸਭ ਪਾਸੇ ਅਸਚਰਜਤਾ ਦੇ ਬੋਲ ਅਤੇ ਪਛਤਾਵੇ ਦੇ ਹੌਕੇ ਉਠ ਰਹੇ ਸਨ। ਹੁਣ ਲੋਕਾਂ ਨੂੰ ਮੰਦਾ ਲਗ ਰਿਹਾ ਸੀ ਕਿ ਉਹਨਾਂ ਨੇ ਆਪਣੇ ਸੀਸ ਅਰਪਨ ਨਹੀਂ ਕੀਤੇ।

ਗੁਰੂ ਨਾਨਕ ਦੇਵ ਜੀ ਦੇ ਸਮੇਂ ਤੋਂ ਸਿੱਖ ਧਰਮ ਵਿੱਚ ਸ਼ਾਮਲ ਹੋਣ ਲਈ ਚਰਨ ਪਾਹੁਲ ਦੇਣ ਦੀ ਮਰਿਆਦਾ ਸੀ। ਲੋਕਾਂ ਨੂੰ ਗੁਰੂ ਜੀ ਦੇ ਚਰਨ ਜਾਂ ਚਰਨਾਂ ਦੇ ਇੱਕ ਅੰਗੂਠੇ ਨੂੰ ਛੁਹਾ ਕੇ ਜਾਂ ਧੋ ਕੇ ਉਹ ਪਾਣੀ ਪੀਣ ਲਈ ਦਿੱਤਾ ਜਾਂਦਾ ਸੀ। ਗੁਰੂ ਗੋਬਿੰਦ ਸਿੰਘ ਜੀ ਨੇ ਨਵੀਂ ਮਰਿਆਦਾ ਅਰੰਭ ਕੀਤੀ। ਪੰਜਾਂ ਗੁਰਸਿੱਖਾਂ ਨੂੰ ਖੜੇ ਹੋਣ ਲਈ ਕਿਹਾ। ਫਿਰ ਇੱਕ ਸਰਬਲੋਹ ਦੇ ਬਾਟੇ ਵਿੱਚ ਨਿਰਮਲ ਜਲ ਪਾਇਆ ਅਤੇ ਇੱਕ ਖੰਡੇ ਨਾਲ ਇਸ ਜਲ ਨੂੰ ਹਿਲਾਉਣ ਲੱਗੇ। ਹਿਲਾਉਣ ਦੇ ਨਾਲ ਨਾਲ ਪੰਜ ਬਾਣੀਆਂ (ਜਪੁ ਜੀ, ਜਾਪ ਸਾਹਿਬ, ਅਨੰਦ ਸਾਹਿਬ, ਸਵੱਯੇ ਅਤੇ ਚੌਪਈ) ਦਾ ਪਾਠ ਕਰਦੇ ਗਏ। ਉਸ ਸਮੇਂ ਮਾਤਾ ਸਾਹਿਬ ਕੌਰ ਜੀ ਪਤਾਸੇ ਲੈ ਕੇ ਆਏ ਸਨ ਜੋ ਜਲ ਵਿੱਚ ਪਾ ਦਿਤੇ।

ਇਸ ਤਰ੍ਹਾਂ ਤਿਆਰ ਹੋਏ ਅੰਮ੍ਰਿਤ ਦਾ ਬਾਟਾ ਚੁੱਕ ਕੇ ਗੁਰੂ ਜੀ ਖੜੋ ਗਏ। ਪੰਜੇ ਗੁਰਸਿੱਖਾਂ ਵਾਰੀ ਵਾਰੀ ਆਪਣਾ ਖੱਬਾ ਗੋਡਾ ਟੇਕ ਕੇ ਬੀਰ-ਆਸਨ ਵਿੱਚ ਬੈਠ ਗੁਰੂ ਜੀ ਤੋਂ ਸਦੀਵੀ ਪ੍ਰਕਾਸ਼ ਦੀ ਜਾਚਨਾ ਕੀਤੀ। ਗੁਰੂ ਜੀ ਨੇ ਹਰ ਇੱਕ ਨੂੰ ਪੰਜ ਪੰਜ ਚੁਲੇ ਅੰਮ੍ਰਿਤ ਦੇ ਛਕਾਏ, ਪੰਜ ਪੰਜ ਵਾਰ ਉਹਨਾਂ ਨੇ ਨੇਤਰਾਂ ਵਿੱਚ ਛਿਟੇ ਮਾਰੇ ਅਤੇ ਹਰੇਕ ਵਾਰ ਛਿੱਟੇ ਮਾਰਦਿਆਂ ਕਿਹਾ ਉਚੀ ਬੋਲੋ, "ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਹਿ।" ਫਿਰ ਗੁਰੂ ਜੀ ਨੇ ਅੰਮ੍ਰਿਤ ਦੇ ਪੰਜ ਪੰਜ ਛਿੱਟੇ ਪੰਜਾਂ ਦੇ ਕੇਸਾਂ ਵਿੱਚ ਪਾਏ। ਇਸਤਰ੍ਹਾਂ ਪੰਜਾਂ ਗੁਰਮੁਖਾਂ ਨੂੰ ਇਕੋ ਬਾਟੇ ਵਿਚੋਂ ਅੰਮ੍ਰਿਤ ਛਕਾਇਆ ਗਿਆ। ਉਸ ਪਿਛੋਂ ਗੁਰੂ ਜੀ ਨੇ ਪੰਜਾਂ ਨੂੰ ਉਸੇ ਬਾਟੇ ਨੂੰ ਮੂੰਹ ਲਾ ਕੇ ਘੁੱਟ ਘੁੱਟ ਪੀਣ ਵਾਸਤੇ ਕਿਹਾ ਜਿਸ ਦਾ ਭਾਵ ਉਨ੍ਹਾਂ ਨੂੰ ਜਾਤ-ਪਾਤ ਰਹਿਤ, ਖਾਲਸਾ ਪੰਥ ਵਿੱਚ ਪ੍ਰਵੇਸ਼ ਕਰਨ ਲੈਣ ਦਾ ਸੀ। ਪੰਜਾਂ ਨੂੰ ਇਸਤਰ੍ਹਾਂ ਅੰਮ੍ਰਿਤਧਾਰੀ ਸਜਾ ਕੇ ਹੁਣ ਗੁਰੂ ਜੀ ਨੇ ਉਹਨਾਂ ਨੂੰ "ਪੰਜ ਪਿਆਰੇ" ਸੱਦਿਆ ਅਤੇ ਸਿੰਘ, ਅਰਥਾਤ ਸ਼ੇਰ ਦਾ ਨਾਉਂ ਦਿਤਾ।ਸੋ ਪੰਜ ਪਿਆਰੇ ਹੁਣ ਦਇਆ ਰਾਮ ਤੋਂ ਦਇਆ ਸਿੰਘ, ਧਰਮ ਦਾਸ ਤੋਂ ਧਰਮ ਸਿੰਘ, ਮੋਹਕਮ ਚੰਦ ਤੋਂ ਮੋਹਕਮ ਸਿੰਘ, ਹਿੰਮਤ ਚੰਦ ਤੋਂ ਹਿੰਮਤ ਸਿੰਘ ਅਤੇ ਸਾਹਿਬ ਚੰਦ ਤੋਂ ਸਾਹਿਬ ਸਿੰਘ ਨਾਮ ਦੇ ਹੋ ਗਏ। ਤਦ ਗੁਰੂ ਜੀ ਨੇ ਉਹਨਾਂ ਨੂੰ ਕਿਹਾ ਹੁਣ ਤੁਸੀਂ ਸਰਵ-ਸ੍ਰੇਸ਼ਟ, ਸੁਤੰਤਰ ਅਤੇ ਖਾਲਸ ਹੋ ਅਤੇ ਖਾਲਸਾ ਨਾਮ ਦਿੱਤਾ।

ਫਿਰ ਗੁਰੂ ਜੀ ਨੇ ਉਹਨਾਂ ਨੂੰ ਇਹ ਆਦੇਸ਼ ਦਿੱਤੇ :

(੧) ਸਭ ਤੋਂ ਪਹਿਲਾਂ, ਪੰਜ ਕਕਾਰ ਧਾਰਨ ਕਰਨੇ (ਜਿਹਨਾਂ ਦੇ ਨਾਮ 'ਕ' ਅਖਰ ਨਾਲ ਸ਼ੁਰੂ ਹੁੰਦੇ ਹਨ) :

  ੧. ਪੂਰਨ ਕੇਸ; ਇਹ ਕੁਦਰਤੀ ਸੰਤ ਸਰੂਪ ਦਰਸਾਉਂਦੇ ਹਨ ਅਤੇ ਸਿੱਖ ਧਰਮ ਦੀ ਪਹਿਲੀ ਰਹਿਤ ਹੈ।
  ੨. ਕੰਘਾ; ਸਿਰ ਅਤੇ ਦਾਹੜੀ ਦੇ ਕੇਸਾਂ ਨੂੰ ਸਾਫ ਕਰਨ ਲਈ।
  ੩. ਕੱਛਾ; ਇਹ ਜਤੀ ਸਤੀ ਰਹਿਣ ਦਾ ਸੂਚਕ ਹੈ।
  ੪. ਕੜਾ; ਸੱਜੀ ਵੀਣੀ ਉਤੇ ਪਾਇਆ, ਇਹ ਅਕਾਲ ਪੁਰਖ ਲਈ ਸ਼ਰਧਾ ਦੀ ਨਿਸ਼ਾਨੀ ਹੈ।
  ੫. ਕਿਰਪਾਨ; ਸ੍ਵੈ ਰਖਿਆ ਲਈ ਅਤੇ ਗੌਰਵ, ਸ਼ਕਤੀ ਅਤੇ ਅਜਿੱਤ ਸੁਭਾਅ ਦੀ ਸੂਚਕ ਹੈ।

(੨) ਉਹ ਇਹ ਕੁਰਹਿਤਾਂ ਨਹੀਂ ਕਰਨਗੇ :

  ੧. ਸਰੀਰ ਦੇ ਕਿਸੇ ਹਿੱਸੇ ਤੋਂ ਕੇਸ ਨਹੀਂ ਕੱਟਣੇ।
  ੨. ਤੰਮਾਕੂ ਜਾਂ ਹੋਰ ਕੋਈ ਨਸ਼ਾ ਨਹੀਂ ਵਰਤਣਾ।

੩. ਕੁੱਠਾ, ਅਰਥਾਤ ਮੁਸਲਮਾਨ ਢੰਗ ਨਾਲ ਹੌਲੀ ਹੌਲੀ ਜ਼ਬਾਹ ਕੀਤੇ ਜੀਵ ਦਾ ਮਾਸ, ਨਹੀਂ ਖਾਣਾ।

੪. ਪਰ-ਨਾਰੀ ਨਾਲ ਭੋਗ ਨਹੀਂ ਕਰਨਾ। "ਪਰ ਨਾਰੀ ਕੀ ਸੇਜ ਭੂਲ ਸੁਪਨੇ ਹੂੰ ਨ ਜਈਓ।" (ਇਹਨਾਂ ਕੁਰਹਿਤਾਂ ਦੇ ਸੰਬੰਧ ਵਿੱਚ ਪਿਛੋਂ ਇੱਕ ਹੁਕਮਨਾਮਾ ਜਾਰੀ ਕੀਤਾ ਗਿਆ ਸੀ ਕਿ ਜੋ ਕੋਈ ਇੱਕ ਵੀ ਕੁਰਹਿਤ ਕਰੇਗਾ ਉਸ ਨੂੰ ਮੁੜ ਅੰਮ੍ਰਿਤ ਛਕਣਾ, ਜੋ ਜੁਰਮਾਨਾ ਹੋਵੇ ਉਹ ਦੇਣਾ ਅਤੇ ਪ੍ਰਤਿਗਿਆ ਕਰਨੀ ਹੋਵੇਗੀ ਕਿ ਉਹ ਮੁੜ ਕੋਈ ਕੁਰਹਿਤ ਨਹੀਂ ਕਰੇਗਾ। ਨਹੀਂ ਤਾਂ ਉਹ ਖਾਲਸਾ ਪੰਥ ਵਿਚੋਂ ਛੇਕਿਆ ਜਾਵੇਗਾ)

(੩) ਉਹਨਾਂ ਲਈ ਜ਼ਰੂਰੀ ਹੈ ਕਿ ਅੰਮ੍ਰਿਤ ਵੇਲੇ ਜਾਗਣ, ਇਸ਼ਨਾਨ ਕਰਕੇ 'ਵਾਹਿਗੁਰੂ' ਗੁਰਮੰਤਰ ਅਤੇ ਜਪੁਜੀ ਦੇ ਮੂਲ ਮੰਤਰ ਦਾ ਜਾਪ ਕਰਨ ਅਤੇ ਪੰਜ ਬਾਣੀਆਂ ਦਾ ਰੋਜ਼ (ਸਵੇਰੇ ਜਪੁਜੀ, ਜਾਪ ਸਾਹਿਬ ਅਤੇ ਸਵੱਯਾਂ ਦਾ, ਰਹਿਰਾਸ ਸੰਧਿਆਂ ਵੇਲੇ, ਅਤੇ ਰਾਤ ਨੂੰ ਸੌਣ ਵੇਲੇ ਸੋਹਿਲਾ (ਕੀਰਤਨ) ਦਾ ਪਾਠ ਕਰਨ।

(੪) ਉਹ ਵਿਆਹ ਦਾ ਰਿਸ਼ਤਾ ਕਿਸੇ ਤੰਮਾਕੂ ਪੀਣ ਵਾਲੇ, ਧੀਆਂ ਮਾਰਨ ਵਾਲੇ, ਪ੍ਰਿਥੀਚੰਦ, ਧੀਰਮੱਲ, ਰਾਮਰਾਇ ਜਾਂ ਮਸੰਦਾਂ ਦੇ ਅਨੁਆਇਆਂ ਨਾਲ, ਜਾਂ ਗੁਰੂ ਨਾਨਕ ਦੇਵ ਜੀ ਦੇ ਉਪਦੇਸ਼ਾਂ ਅਤੇ ਨਿਯਮਾਂ ਤੋਂ ਮੂੰਹ ਮੋੜ ਚੁਕੇ ਲੋਕਾਂ ਨਾਲ ਨਹੀਂ ਕਰਨਗੇ।

(੫) ਉਹ ਮੂਰਤੀਆਂ, ਮੜ੍ਹੀਆਂ, ਮਸਾਣਾਂ ਦੀ ਪੂਜਾ ਨਹੀਂ ਕਰਨਗੇ ਅਤੇ ਕੇਵਲ ਇੱਕ ਅਕਾਲ ਪੁਰਖ ਨੂੰ ਮੰਨਣਗੇ।

ਗੁਰੂ ਜੀ ਨੇ ਇਹ ਵੀ ਆਦੇਸ਼ ਦਿੱਤਾ ਕਿ ਉਹ ਸ਼ਸਤਰਾਂ ਦਾ ਅਭਿਆਸ ਕਰਦੇ ਰਹਿਣ ਅਤੇ ਰਣ-ਖੇਤਰ ਵਿੱਚ ਵੈਰੀ ਨੂੰ ਪਿੱਠ ਨਾ ਵਿਖਾਉਣ। ਉਨ੍ਹਾਂ ਨੂੰ ਸਦਾ ਗਰੀਬਾਂ ਦੀ ਸਹਾਇਤਾ ਅਤੇ ਜੋ ਉਹਨਾਂ ਕੋਲ ਰੱਖਿਆ ਲਈ ਆਉਣ ਉਹਨਾਂ ਦੀ ਰਖਿਆ ਕਰਨੀ ਚਾਹੀਦੀ ਹੈ। ਉਹ ਆਪਣੀਆਂ ਪਿਛਲੀਆਂ ਜਾਤਾਂ ਮਿਟਾ ਕੇ ਅਤੇ ਆਪਣੇ ਆਪ ਨੂੰ ਇੱਕ ਪਰਵਾਰ ਦੇ ਭਰਾ ਸਮਝਣ। ਗੁਰਸਿੱਖ ਗੁਰਸਿੱਖਾਂ ਵਿੱਚ ਹੀ ਵਿਆਹ ਕਰਨ।

## ਆਪੇ ਗੁਰ ਚੇਲਾ :

ਗੁਰੂ ਜੀ ਪੰਜਾਂ ਪਿਆਰਿਆਂ ਨੂੰ ਅੰਮ੍ਰਿਤ ਛਕਾ ਚੁੱਕੇ ਤਾਂ ਹੱਥ ਜੋੜ ਕੇ ਖੜੇ ਹੋ ਗਏ ਅਤੇ ਪੰਜਾਂ ਪਿਆਰਿਆਂ ਤੋਂ ਜਾਚਨਾ ਕੀਤੀ ਕਿ ਹੁਣ ਉਹ ਉਨ੍ਹਾਂ ਨੂੰ ਉਸੇ ਤਰ੍ਹਾਂ ਅੰਮ੍ਰਿਤ ਛਕਾਵੁਣ ਜਿਵੇਂ ਉਨ੍ਹਾਂ ਨੇ ਉਹਨਾਂ ਨੂੰ ਛਕਾਇਆ। ਇਹ ਇੱਕ ਉਚ ਕੋਟੀ ਦੀ ਅਲੌਕਿਕ ਘਟਨਾ ਸੀ, ਸੰਸਾਰ ਵਿੱਚ ਲਾਸਾਨੀ ਉਦਾਹਰਣ ਕਾਇਮ ਕਰਨ ਦੀ ਕਿ ਪਹਿਲਾਂ ਗੁਰੂ ਦੇ ਤੌਰ ਤੇ ਉਨ੍ਹਾਂ ਨੇ ਖਾਲਸਾ ਸਿਰਜਿਆ ਅਤੇ ਉਹਨਾਂ ਨੂੰ ਸ਼ਕਤੀ, ਸਰਵ-ਸ੍ਰੇਸ਼ਟਤਾ ਅਤੇ ਗੌਰਵ ਬਖਸ਼ਿਆ ਅਤੇ ਫਿਰ ਆਪ ਉਹਨਾਂ ਦਾ ਚੇਲਾ ਬਣ ਗਏ। ਵਾਹੁ ਵਾਹੁ ਗੁਰੂ ਗੋਬਿੰਦ ਸਿੰਘ ਜੀ, ਆਪੇ ਗੁਰੂ ਅਤੇ ਆਪ ਹੀ ਚੇਲਾ ਬਣ ਸਕਦਾ ਸੀ, ਪਰ ਇੱਕ ਗੁਰੂ, ਚੇਲਾ ਕਦੇ ਵੀ ਨਹੀਂ ਬਣਿਆ ਸੀ। ਪੰਜ ਪਿਆਰੇ ਇਸ ਜਾਚਨਾ ਤੇ ਹੈਰਾਨ ਹੋ ਗਏ ਅਤੇ ਆਪਣੀ ਤੁੱਛਤਾ ਅਤੇ ਗੁਰੂ ਜੀ ਦੀ ਮਹਾਨਤਾ ਵਰਨਣ ਕੀਤੀ, ਜਿਸ ਗੁਰੂ ਜੀ ਨੂੰ ਉਹ ਅਕਾਲ ਪੁਰਖ ਦੇ ਧਰਤੀ ਉਤੇ ਉਪਆਚਾਰੀਆ ਮੰਨਦੇ ਸਨ। ਉਹਨਾਂ ਨੇ ਬੇਨਤੀ ਕੀਤੀ, "ਸਤਿਗੁਰੂ ਜੀ, ਆਪ ਇਹ ਜਾਚਨਾ ਕਿਉਂ ਕਰ ਰਹੇ ਹੋ ਅਤੇ ਸਾਡੇ ਅੱਗੇ ਹੱਥ ਜੋੜ ਕੇ ਕਿਉਂ ਖੜੋਤੇ ਹੋ ?" ਗੁਰੂ ਜੀ ਨੇ ਉੱਤਰ ਦਿਤਾ, "ਮੈਂ ਅਕਾਲ ਪੁਰਖ ਦਾ ਸੁਤ (ਪੁੱਤਰ) ਹਾ। ਉਸ ਦੇ ਹੁਕਮ ਅਨੁਸਾਰ ਹੀ ਮੈਂ ਸੰਸਾਰ ਵਿੱਚ ਜਨਮ ਲਿਆ ਹੈ ਅਤੇ ਅੰਮ੍ਰਿਤ ਦੀ ਮਰਿਆਦਾ ਚਲਾਈ ਹੈ। ਜੋ ਇਸ ਨੂੰ ਪ੍ਰਵਾਨ ਕਰਨਗੇ ਉਹ ਹੁਣ ਤੋਂ ਖਾਲਸਾ ਜਾਣੇ ਜਾਣਗੇ। ਖਾਲਸਾ ਗੁਰੂ ਹੈ ਅਤੇ ਗੁਰੂ ਖਾਲਸਾ ਹੈ। ਆਪਦੇ ਅਤੇ ਮੇਰੇ ਵਿਚਕਾਰ ਕੋਈ ਫਰਕ ਨਹੀਂ। ਜਿਵੇਂ ਗੁਰੂ ਨਾਨਕ ਦੇਵ ਜੀ ਨੇ ਗੁਰੂ ਅੰਗਦ ਦੇਵ ਜੀ ਨੂੰ ਗੁਰਗੱਦੀ ਤੇ ਬਿਠਾਇਆ ਸੀ ਉਸੇ ਤਰ੍ਹਾਂ ਮੈਂ ਆਪ ਨੂੰ ਵੀ ਗੁਰੂ ਬਣਾ ਦਿਤਾ ਹੈ। ਸੋ ਆਪ ਬਿਨਾਂ ਕਿਸੇ ਝਿਜਕ ਦੇ ਮੈਨੂੰ ਅੰਮ੍ਰਿਤ ਛਕਾਉ।"

ਸੋ ਪੰਜਾਂ ਪਿਆਰਿਆਂ ਨੇ ਗੁਰੂ ਜੀ ਨੂੰ ਉਸੇ ਰੀਤੀ ਨਾਲ ਅੰਮ੍ਰਿਤ ਛਕਾਇਆ ਅਤੇ ਆਦੇਸ਼ ਦਿਤੇ ਜੋ ਗੁਰੂ ਜੀ ਨੇ ਉਹਨਾਂ ਲਈ ਨਿਸਚਿਤ ਕੀਤੇ ਸਨ। ਤਦ ਗੁਰੂ ਜੀ ਦਾ ਨਾਮ ਵੀ ਗੋਬਿੰਦ ਰਾਇ ਦੀ ਥਾਂ ਗੋਬਿੰਦ ਸਿੰਘ ਹੋ ਗਿਆ।

ਖਾਲਸੇ, ਅਰਥਾਤ ਪੰਜ ਪਿਆਰਿਆਂ, ਤੋਂ ਸਭ ਤੋਂ ਪਹਿਲਾਂ ਗੁਰੂ ਜੀ ਨੇ ਅੰਮ੍ਰਿਤ ਛਕਿਆ। ਥੋੜੇ ਕੁ ਦਿਨਾਂ ਵਿੱਚ ਅੱਸੀ ਕੁ ਹਜ਼ਾਰ ਪੁਰਸ਼ਾਂ ਅਤੇ ਇਸਤਰੀਆਂ ਨੇ ਅਨੰਦਪੁਰ ਵਿੱਚ ਅੰਮ੍ਰਿਤ ਛਕਿਆ।

ਖਾਲਸਾ ਸਾਜ ਕੇ ਗੁਰੂ ਜੀ ਨੇ ਇੱਕ ਵਿਅਕਤੀ ਵਿੱਚ ਦੋ ਗੁਣ ਸੰਚਾਰ ਕੀਤੇ। ਖਾਲਸਾ ਸੰਤ-ਸਿਪਾਹੀ ਹੈ। ਇੱਕ, ਸਿੱਖ ਸੰਤ ਹੈ ਕਿਉਂਕਿ ਉਹ ਸਭ ਪਾਸੇ ਰਵ ਰਹੀ ਦੈਵੀ ਜੋਤਿ ਦੀ ਪੂਜਾ ਕਰਦਾ ਹੈ ਅਤੇ ਜਿਸ ਵਿੱਚ ਉਸ

ਜੋਤਿ ਦਾ ਪ੍ਰਕਾਸ਼ ਪੂਰਨਿਮਾ ਦੇ ਚੰਦਰਮਾਂ ਵਾਂਗ ਰਾਤ ਦਿਨ ਚਮਕਦਾ ਹੈ। ਸਿੱਖ ਸਿਪਾਹੀ ਹੈ ਕਿਉਂਕਿ ਉਹ ਸੱਚ ਅਤੇ ਨਿਆਂ ਨੂੰ ਕਾਇਮ ਰਖਣ ਲਈ ਸ਼ਸਤਰ ਚੁਕਣ ਲਈ ਸਦਾ ਤਿਆਰ ਹੈ।

ਗੁਰੂ ਜੀ ਨੇ ਪੰਜ ਪਿਆਰਿਆਂ (ਖਾਲਸੇ) ਨਾਲ ਇਕਰਾਰ ਕੀਤਾ ਕਿ ਉਹ ਜਦ ਵੀ ਗੁਰੂ ਜੀ ਨੂੰ ਹੁਕਮ ਦੇਣਗੇ ਗੁਰੂ ਜੀ ਪ੍ਰਵਾਨ ਕਰਨਗੇ। ਇਹ ਸੀ ਲੋਕਤੰਤਰਾਤਮਕ ਖਾਲਸੇ ਦੀ ਸਾਜਨਾ। ਗੁਰੂ ਜੀ ਨੇ ਇਹ ਇਕਰਾਰ ਪੂਰਾ ਕੀਤਾ ਸੀ ਜਦ ਚਮਕੌਰ ਦੇ ਯੁੱਧ ਵੇਲੇ ਪੰਜ ਪਿਆਰਿਆਂ ਦਾ ਹੁਕਮ ਮੰਨ ਕੇ ਗੜ੍ਹੀ ਵਿਚੋਂ ਚਲੇ ਗਏ ਸਨ।

ਗੁਰੂ ਜੀ ਆਪਣੇ ਪਿਆਰੇ ਖਾਲਸੇ ਦੇ ਲੱਛਣ ਆਪ ਦਸਦੇ ਹਨ :

"ਜਾਗਤ ਜੋਤਿ ਜਪੈ ਨਿਸਬਾਸੁਰ ਏਕ ਬਿਨਾ ਮਨ ਨੈਕ ਨ ਆਨੈ।
ਪੂਰਨ ਪ੍ਰੇਮ ਪ੍ਰਤੀਤ ਸਜੈ ਬ੍ਰਤ ਗੌਰ ਮੜੀ ਮਟ ਭੂਲ ਨ ਮਾਨੈ।
ਤੀਰਥ ਦਾਨ ਦਇਆ ਤਪ ਸੰਜਮ ਏਕ ਬਿਨਾ ਨਹਿ ਏਕ ਪਛਾਨੈ।
ਪੂਰਨ ਜੋਤ ਜਗੈ ਘਟ ਮੈ ਤਬ ਖਾਲਸ ਤਾਹਿ ਨਖਾਲਸ ਜਾਨੈ।੧।"

(ਗੁਰੂ ਗੋਬਿੰਦ ਸਿੰਘ ਜੀ, ੩੩ ਸਵੱਯੇ)

ਫਾਰਸੀ ਇਤਿਹਾਸਕਾਰ, ਗੁਲਾਮ-ਉਲ-ਦੀਨ, ਉਸ ਸਮੇਂ ਦੇ ਸਮਾਚਾਰ ਲੇਖਕ ਨੇ ਔਰੰਗਜ਼ੇਬ ਨੂੰ ਗੁਰੂ ਗੋਬਿੰਦ ਸਿੰਘ ਜੀ ਦੇ ਵਿਸਾਖ ਦੀ ਪਹਿਲ ਤਰੀਕ, ਸੰਮਤ ੧੭੫੬ (ਸੰਨ ੧੬੯੯ਈ.) ਨੂੰ ਸਿੱਖਾਂ ਨੂੰ ਦਿਤੇ ਫਰਮਾਨ ਦੀ ਨਕਲ ਭੇਜੀ, ਜੋ ਇਸ ਪ੍ਰਕਾਰ ਸੀ :

"ਆਉ ਸਾਰੇ ਇਕੋ ਧਰਮ ਧਾਰਨ ਕਰਕੇ ਧਰਮਾਂ ਦੇ ਵਿਤਕਰੇ ਹਟਾ ਦਿਉ। ਹਿੰਦੂਆਂ ਦੀਆਂ ਚਾਰਾਂ ਜਾਤਾਂ ਜਿਨ੍ਹਾਂ ਦੇ ਵੱਖਰੇ ਵੱਖਰੇ ਨਿਯਮ ਹਨ ਹਟਾ ਕੇ ਇੱਕ ਤਰ੍ਹਾਂ ਦੀ ਪੂਜਾ ਕਰੋ ਅਤੇ ਹਿਕ ਦੂਜੇ ਦੇ ਭਰਾ ਬਣੋ। ਕੋਈ ਵੀ ਆਪਣੇ ਆਪ ਨੂੰ ਦੂਜੇ ਨਾਲੋਂ ਵੱਧ ਚੰਗਾ ਨਾ ਸਮਝੇ। ਕੋਈ ਵੀ ਗੰਗਾ ਜਾਂ ਦੂਜੇ ਤੀਰਥਾਂ, ਜਿਹਨਾਂ ਨੂੰ ਸ਼ਾਸਤਰਾਂ ਵਿੱਚ ਆਦਰ ਦਿੱਤਾ ਹੈ, ਵੱਲ ਧਿਆਨ ਨਾ ਦੇਵੇ, ਨ ਹੀ ਰਾਮ, ਕ੍ਰਿਸ਼ਨ, ਬ੍ਰਹਮਾ, ਦੁਰਗਾ ਜੇਹੇ ਅਵਤਾਰਾਂ ਵਿੱਚ ਸ਼ਰਧਾ ਰੱਖੇ, ਸਗੋਂ ਗੁਰੂ ਨਾਨਕ ਸਾਹਿਬ ਅਤੇ ਹੋਰ ਸਿੱਖ ਗੁਰੂਆਂ ਨੂੰ ਮੰਨੇ। ਚਾਰੇ ਜਾਤਾਂ ਵਾਲੇ ਮੇਰਾ ਅੰਮ੍ਰਿਤ ਛੱਕਣ ਇਕੋ ਬਰਤਨ ਵਿਚੋਂ ਖਾਣ ਅਤੇ ਇੱਕ ਦੂਜੇ ਨਾਲੋਂ ਨ ਉਕਤਾਉਣ ਨ ਇੱਕ ਦੂਜੇ ਨੂੰ ਘ੍ਰਿਣਾ ਕਰਨ।"

ਜਦ ਗੁਰੂ ਜੀ ਨੇ ਸੰਗਤ ਨੂੰ ਸੰਬੋਧਨ ਕੀਤਾ ਸੀ ਤਾਂ ਕਈ ਬ੍ਰਾਹਮਣ ਅਤੇ ਖਤਰੀ ਖੜ੍ਹੇ ਗਏ ਅਤੇ ਗੁਰੂ ਨਾਨਕ ਜੀ ਦਾ ਧਰਮ ਪ੍ਰਵਾਨ ਕਰ ਲਿਆ ਜਦ ਕਿ ਦੂਜੇ ਜੋਰ ਦੇਣਲੱਗੇ ਕਿ ਉਹ ਅਜਿਹਾ ਧਰਮ ਕਦੇ ਵੀ ਧਾਰਨ ਨਹੀਂ ਕਰਨਗੇ ਜੋ ਵੇਦਾਂ ਅਤੇ ਸ਼ਾਸਤਰਾਂ ਵਿੱਚ ਦਿਤੇ ਆਦੇਸ਼ਾਂ ਦੇ ਵਿਰੁਧ ਹਨ।

ਜਿਵੇਂ ਪਿਛੇ ਕਿਹਾ ਹੈ ਸਭ ਤੋਂ ਪਹਿਲਾਂ ਗੁਰੂ ਗੋਬਿੰਦ ਸਿੰਘ ਜੀ ਨੇ ਪੰਜਾਂ ਪਿਆਰਿਆਂ ਤੋਂ ਆਪ ਅੰਮ੍ਰਿਤ ਛਕਿਆ ਅਤੇ ਫੇਰ ਅਪਣੇ ਸਿੱਖਾਂ ਨੂੰ ਅੰਮ੍ਰਿਤ ਛਕਣ ਲਈ ਹੁਕਮ ਕੀਤਾ ਹੈ। ਰਹਿਤ ਨਾਮਿਆਂ ਵਿੱਚ ਲਿਖਿਆ ਹੈ ਕਿ ਗੁਰੂ ਸਾਹਿਬ ਨੇ ਕਿਹਾ ਹੈ:

"ਰਹਿਤ ਪਿਆਰੀ ਮੁਝ ਕਉ, ਸਿੱਖ ਪਿਆਰਾ ਨਾਹਿ।"

"ਰਹਿਣੀ ਰਹੈ ਸੋਈ ਸਿੱਖ ਮੇਰਾ। ਓਹ ਸਾਹਿਬ ਮੈਂ ਉਸ ਕਾ ਚੇਰਾ।"

ਹੁਣ ਤਕ ਲੋਕਾਂ ਦੀ ਅਗਵਾਈ ਅਹਿੰਸਾਵਾਦੀ ਸ਼ਹਿਰੀ ਖਤਰੀਆਂ ਦੇ ਹੱਥਾਂ ਵਿੱਚ ਰਹੀ ਸੀ ਜਿਹਨਾਂ ਵਿਚੋਂ ਬਹੁਤੇ ਮਸੰਦ ਬਣਾਏ ਸਨ। ਪਰ ਹੁਣ ਹਾਲਾਤ ਬਦਲ ਗਏ ਸਨ। ਕਿਸਾਨ ਅਤੇ ਪੇਂਡੂ ਇਲਾਕਿਆਂ ਦੀਆਂ ਹੋਰ ਸ਼੍ਰੇਣੀਆਂ ਦੇ ਲੋਕ ਖਾਲਸਾ ਪੰਥ ਵਿੱਚ ਪ੍ਰਵੇਸ਼ ਕਰਨ ਵਾਲਿਆਂ ਦਾ ਵੱਡਾ ਭਾਗ ਸਨ। ਮਨੁੱਖਤਾ ਦਾ ਰਹਿੰਦ-ਖੂੰਦ ਸਮਝੇ ਜਾਂਦੇ ਲੋਕ ਵੀ ਇੱਕ ਜਾਦੂ ਵਾਂਗ ਸ਼ਾਨਦਾਰ ਅਤੇ ਉਤਮ ਦਰਜੇ ਦੇ ਬਣ ਗਏ ਸਨ। ਚੂਹੜੇ, ਨਾਈ ਅਤੇ ਨਾਨਬਾਈ ਜਿਹਨਾਂ ਨੇ ਤਲਵਾਰ ਨੂੰ ਕਦੇ ਹੱਥ ਨਹੀਂ ਲਾਇਆ ਸੀ ਅਤੇ ਜਿਹਨਾਂ ਦੀਆਂ ਸਾਰੀਆਂ ਪੁਸ਼ਤਾਂ ਉਚੀਆਂ ਜਾਤਾਂ ਦੇ ਲੋਕਾਂ ਦੇ ਗੁਲਾਮ ਰਹੀਆਂ ਸਨ, ਉਹ ਗੁਰੂ ਜੀ ਦੀ ਉਤਸ਼ਾਹ-ਜਨਕ ਅਗਵਾਈ ਹੇਠ ਜੰਗਜੂ ਸੂਰਮੇ ਬਣ ਗਏ ਸਨ।

ਸਿਧਾਂਤਕ ਤੌਰ ਤੇ ਖਾਲਸੇ ਦੀ ਸਾਜਣਾ, ਭਗਤੀ ਅਤੇ ਸ਼ਕਤੀ ਦੇ ਆਦਰਸ਼ਾਂ ਦਾ ਸੰਤੁਸਟ ਸੁਮੇਲ ਦੇ ਮੰਤਵ ਨੂੰ ਸਾਮ੍ਹਣੇ ਰਖ ਕੇ ਕੀਤੀ ਗਈ ਸੀ, ਜੋ ਨੈਤਿਕ ਅਤੇ ਅਧਿਆਤਮਕ ਉਤਮਤਾ ਅਤੇ ਸਭ ਤੋ ਉਚੇ ਦਰਜੇ ਦੀ ਸੂਰਮਤਾਈ ਅਰਥਾਤ ਸੂਰਬੀਰਤਾ ਦਾ ਸੁਮੇਲ ਵੀ ਸੀ; ਜਾਂ, ਦੂਜੇ ਸ਼ਬਦਾਂ ਵਿੱਚ, ਖਾਲਸਾ ਇਕੋ ਸਮੇਂ ਅਰਥਾਤ ਨਾਲੋਂ ਨਾਲ ਧਰਮ ਅਤੇ ਸ਼ਕਤੀ ਦਾ ਭਾਈਚਾਰਾ ਸੀ। ਖਾਲਸਾ ਆਪਣੇ ਆਪ ਵਿੱਚ ਗੁਰੂ ਨਾਨਕ ਦੇਵ ਜੀ ਦੇ ਅਰੰਭ ਕੀਤੇ ਸਮਾਜਦ ਅਤੇ ਧਾਰਮਕ ਪਰਿਵਰਤਨ ਨੂੰ ਪੂਰਾ ਕਰਨ ਲਈ ਦ੍ਰਿੜ੍ਹਤਾ ਦਾ ਨਿਸ਼ਾਨ ਸੀ। ਇਸ ਨਵੇਂ ਸਾਜੇ ਖਾਲਸੇ ਲਈ ਆਚਰਨ ਦੀ ਨਿਯਮਾਵਲੀ ਇਸਤਰ੍ਹਾਂ ਬਣਾਈ ਸੀ ਕਿ ਇਹ ਸਿੱਖਾਂ ਵਾਸਤੇ ਇੱਕ ਕਰੜਾ ਅਨੁਸ਼ਾਸਨ ਸਥਾਪਤ ਕਰੇ ਕਿ ਉਹ ਸਿੱਖ ਧਰਮ ਦੇ ਪਾਵਨ ਅਤੇ ਉਚੇ ਆਦਰਸ਼ਾਂ ਦੀ ਪੂਰਤੀ ਲਈ ਆਪਣੀ ਪੱਕੀ ਸੰਮਤੀ ਅਤੇ ਉਚੇ ਆਦਰਸ਼ਾਂ ਦੀ ਪੂਰਤੀ ਲਈ ਆਪਣੀ ਪੱਕੀ ਸੰਮਤੀ ਅਤੇ ਪ੍ਰਤਿਬਧਤਾ ਨੂੰ ਯਕੀਨੀ ਬਣਾਉਣ।

ਖਾਲਸੇ ਦੀ ਸਾਜਨਾ ਨਾਲ ਕੁਝ ਨਵੇਂ ਸਿਧਾਂਤ ਵੀ ਸਥਾਪਤ ਹੋਏ। ਖਾਲਸੇ ਦਾ ਪਹਿਲਾ ਸਿਧਾਂਤ ਸੀ ਧਰਮ-ਤਾਂਤ੍ਰਿਕ ਗਣਤੰਤਰ ਜਿਸ ਦੇ ਅਧੀਨ ਸਾਰੇ ਦੇਸ਼ ਭਰ ਦੇ ਹਜ਼ਾਰਾਂ ਸ਼ਰਧਾਲੂਆਂ ਵਿਚੋਂ ਲੋਕਾਂ ਦੇ ਪੰਜ ਯੋਗ

ਪ੍ਰਤੀਨਿਧਾਂ ਨੂੰ ਭਾਲ ਕੇ ਨਿਯੁਕਤ ਕਰਨਾ, ਵੋਟਾਂ ਆਦਿ ਰਾਹੀਂ ਚੁਨਣਾਂ ਨਹੀਂ। ਦੂਜਾ ਸਿਧਾਂਤ ਸੀ ਸਮੁੱਚੀ ਜ਼ਿੰਮੇਵਾਰੀ, ਭਾਵ, ਪਾਵਨ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿੱਚ ਬੈਠ ਕੇ ਕੇਵਲ ਇਹਨਾਂ ਪੰਜਾਂ ਪਿਆਰਿਆਂ ਨੂੰ ਅਧਿਕਾਰ ਦੇਣਾ ਜਿਸ ਅਧੀਨ ਲਏ ਫੈਸਲੇ ਸਾਰੀ ਸਿੱਖ ਕੌਮ ਨੂੰ ਪੂਰੀ ਤਰ੍ਹਾਂ ਮੰਨਣੇ ਹੋਣਗੇ।

ਗੁਰੂ ਜੀ ਨੇ ਖਾਲਸੇ ਦੀਆਂ ਆਤਮਾਵਾਂ ਸੁਤੰਤਰ ਕਰ ਦਿਤੀਆਂ ਅਤੇ ਇਹਨਾਂ ਦੇ ਹਿਰਦਿਆਂ ਨੂੰ ਧਾਰਮਕ ਅਤੇ ਸਮਾਜਕ ਸੁਤੰਤਰਤਾ ਅਤੇ ਕੌਮੀ ਚੜ੍ਹਤ ਵਾਸਤੇ ਇੱਕ ਉਚੀ ਅਭਿਲਾਸ਼ਾ ਨਾਲ ਭਰ ਦਿਤਾ। ਸੋ ਖਾਲਸੇ ਨੇ ਸ਼ਕਤੀਸ਼ਾਲੀ ਮੁਗਲ ਰਾਜ ਦੇ ਅਤਿਆਚਾਰ ਤੋਂ ਉਪਜੇ ਭੈਅ ਨਾਲ ਜੂਝਣ ਦੀ ਵੰਗਾਰ ਪ੍ਰਵਾਨ ਕਰ ਲਈ ਅਤੇ ਸੁਤੰਤਰਤਾ ਵਾਸਤੇ ਇੱਕ ਕੌਮੀ ਸੰਗਰਾਮ ਵਿੱਚ ਜੁੱਟ ਗਏ।

## ਭਾਈ ਨੰਦ ਲਾਲ :

ਭਾਈ ਨੰਦ ਲਾਲ ਗੋਯਾ, ਜਿਸ ਦਾ ਜਨਮ ਅਫ਼ਗਾਨਿਸਤਾਨ ਵਿੱਚ ਗਜ਼ਨੀ ਵਿੱਚ ਸੰਨ ੧੬੪੩ ਵਿੱਚ ਹੋਇਆ, ਇਹ ਨਿਪੁੰਨ ਫਾਰਸੀ ਦਾ ਵਿਦਵਾਨ ਸੀ। ਉਸ ਨੇ ਅਕਾਲ ਪੁਰਖ ਅਤੇ ਗੁਰੂ ਗੋਬਿੰਦ ਸਿੰਘ ਜੀ ਦੀ ਵਡਿਆਈ ਵਿੱਚ ਕਾਵਿ ਰਚਨਾ ਕੀਤੀ। ਉਸ ਦੀ ਉਮਰ ੧੯ ਵਰ੍ਹੇ ਦੀ ਵੀ ਨਹੀਂ ਸੀ ਹੋਈ ਕਿ ਉਸ ਦੇ ਮਾਤਾ ਪਿਤਾ ਦਾ ਦੇਹਾਂਤ ਹੋ ਗਿਆ ਅਤੇ ਉਸ ਪਿਛੋਂ ਉਹ ਮੁਲਤਾਨ ਆ ਵੱਸਿਆ। ਮੁਲਤਾਨ ਦਾ ਨਵਾਬ ਉਸ ਦੀ ਵਿਦਿਅਕ ਪ੍ਰਭੁਤਾ ਅਤੇ ਸ਼ਖ਼ਸੀਅਤ ਤੋਂ ਪ੍ਰਭਾਵਤ ਹੋਇਆ ਅਤੇ ਉਸ ਨੂੰ ਆਪਣਾ 'ਮੀਰ ਮੁਨਸ਼ੀ' (ਮਾਲੀਆ ਅਫਸਰ) ਨਿਯੁਕਤ ਕਰ ਲਿਆ। ਪੰਤਾਲੀ ਵਰ੍ਹੇ ਦੀ ਉਮਰ ਤੇ ਉਸ ਨੇ ਨੌਕਰੀ ਛੱਡ ਦਿਤੀ ਅਤੇ ਆਪਣੀ ਸ਼ਾਂਤੀ ਦੀ ਭਾਲ ਵਿੱਚ ਨਿਕਲ ਤੁਰਿਆ। ਅਖੀਰ ਉਹ ਅਨੰਦਪੁਰ ਪੁੱਜਾ। ਉਹ ਗੁਰੂ ਜੀ ਨੂੰ ਮੰਨਣ ਤੋਂ ਪਹਿਲਾਂ ਉਨ੍ਹਾਂ ਦੀ ਪ੍ਰੀਖਿਆ ਕਰਨੀ ਚਾਹੁੰਦਾ ਸੀ। ਉਸ ਨੇ ਇੱਕ ਛੋਟਾ ਜਿਹਾ ਘਰ ਲੈ ਕੇ ਉਸ ਵਿੱਚ ਚੁਪਚਾਪ ਰਹਿਣਾ ਸ਼ੁਰੂ ਕੀਤਾ ਅਤੇ ਮਨ ਵਿੱਚ ਧਾਰਨਾ ਕੀਤੀ ਕਿ ਉਹ ਗੁਰੂ ਜੀ ਕੋਲ ਕੇਵਲ ਉਸ ਸਮੇਂ ਜਾਵੇਗਾ ਜਦ ਉਹ ਇਸ ਨੂੰ ਬੁਲਾਉਣਗੇ। ਕੁਝ ਸਮਾਂ ਗੁਰੂ ਜੀ ਵਲੋਂ ਕੋਈ ਬੁਲਾਵਾ ਨਾ ਆਇਆ। ਇਸ ਸਮੇਂ ਵਿੱਚ ਨੰਦ ਲਾਲ ਬੜਾ ਬੇਚੈਨ ਹੋ ਗਿਆ ਜਿਸ ਦਾ ਵਰਨਣ ਉਸ ਨੇ ਲਿਖਿਆ :–

"ਹੋਰ ਕਿੰਨਾ ਚਿਰ ਮੈਂ ਸਬਰ ਕਰਕੇ ਉਡੀਕਾਂਗਾ ? ਮੇਰਾ ਹਿਰਦਾ ਤੇਰੇ ਦਰਸ਼ਨ ਲਈ ਬੇਚੈਨ ਹੈ। ਗੋਯਾ,ਮੇਰੀਆਂ ਹੰਝੂਆਂ ਭਰੀਆਂ ਅੱਖਾਂ ਪ੍ਰੇਮ ਦੇ ਹੜ੍ਹ ਨਾਲ ਭਰੀਆਂ ਨਦੀਆਂ ਬਣ ਗਈਆਂ ਹਨ ਅਤੇ ਤੇਰੇ ਵਲ ਪੁਰਜੋਸ਼ ਸਨੇਹ ਵਿੱਚ ਵਹਿ ਰਹੀਆਂ ਹਨ।

ਅਖੀਰ ਗੁਰੂ ਜੀ ਨੇ ਨੰਦ ਲਾਲ ਨੂੰ ਬੁਲਾਇਆ। ਜਦ ਉਹ ਉਨ੍ਹਾਂ ਦੇ ਪਵਿੱਤਰ ਦਰਸ਼ਨ ਲਈ ਪੁੱਜਾ ਤਾਂ ਗੁਰੂ ਜੀ ਸਮਾਧੀ ਵਿੱਚ ਨੇਤਰ ਮੁੰਦ ਕੇ ਬੈਠੇ ਹੋਏ ਸਨ। ਜਿਉਂ ਹੀ ਨੰਦ ਲਾਲ ਨੇ ਗੁਰੂ ਜੀ ਦੇ ਦਰਸ਼ਨ ਕੀਤੇ ਅਸਚਰਜ ਰਹਿ ਗਿਆ ਅਤੇ ਲਿਖਿਆ :

"ਮੇਰੀ ਜ਼ਿੰਦਗੀ ਅਤੇ ਸ਼ਰਧਾ ਉਸ ਦੇ ਮਿਠੇ ਅਤੇ ਅਲੌਕਿਕ ਚਿਹਰੇ ਨੇ ਬੰਦੀ ਬਣਾ ਲਏ ਹਨ; ਬਹਿਸ਼ਤ ਅਤੇ ਦੁਨੀਆਂ ਦੀ ਸ਼ਾਨ ਸ਼ੌਕਤ ਦੀ, ਉਸ ਦੀ ਸੁਨਹਿਰੀ ਛਬ ਦੀ ਇੱਕ ਵਾਲ ਭਰ ਜਿੰਨੀ ਵੀ ਕੀਮਤ ਨਹੀਂ। ਆਹ ! ਉਸ ਦੇ ਪਿਆਰ ਦੀ ਖੁਭਵੀਂ ਤਕਣੀ ਚਿਵੋਂ ਨਿਕਲ ਰਹੀ ਰੌਸ਼ਨੀ ਮੈਂ ਕਿਵੇਂ ਸਹਾਰ ਸਕਾਂ। ਉਸ ਪਿਆਰੇ ਦੀ ਇੱਕ ਝਲਕ ਹੀ ਮੇਰੀ ਜ਼ਿੰਦਗੀ ਨੂੰ ਕੁਲੀਨ ਬਣਾ ਰੁਸ਼ਨਾ ਦੇਣ ਲਈ ਕਾਫੀ ਹੈ।"

ਗ਼ਜ਼ਲ ੨

ਦੀਨ ਦੁਨੀਆ ਦਰ ਕਮੰਦੇ ਆਂ ਪਰੀ ਰੁਖ਼ਸਾਰਿ ਮਾ।
ਹਰ ਦੋ ਆਲਮ ਕੀਮਤੇ ਯਕ ਤਾਰਿ ਮੂਏ ਯਾਰਿ ਮਾ।।
ਮਾ ਨਮੇ ਆਰੇਮ ਤਾਬੇ ਗ਼ਮਜ਼ਏ ਮਿਯਗਾਨਿ ਊ।
ਯਕ ਨਿਗਾਹੇ ਜਾਂ ਫ਼ਿਜ਼ਾਇਜ਼ ਬਸ ਬਵਦ ਦਰਕਾਰਿ ਮਾ।।

ਥੋੜੇ ਕੁ ਸਮੇਂ ਪਿਛੋਂ ਗੁਰੂ ਜੀ ਨੇ ਆਪਣੇ ਨੇਤਰ ਖੋਲ੍ਹੇ ਅਤੇ ਨੰਦ ਲਾਲ ਵੱਲ ਵੇਖਦਿਆਂ ਮੁਸਕਰਾ ਪਏ। ਕੇਵਲ ਨੇਤਰ ਖੋਲ੍ਹਣ ਨਾਲ ਹੀ ਗੁਰੂ ਜੀ ਨੇ ਨੰਦ ਲਾਲ ਨੂੰ ਅਕਾਲ ਪੁਰਖ ਦੇ ਦਰਸ਼ਨ ਕਰਨ ਯੋਗ ਬਣਾ ਦਿੱਤਾ। ਉਨ੍ਹਾਂ ਦੀ ਮਿਹਰ ਦੀ ਇੱਕ ਨੂਰ ਨੇ ਨੰਦ ਲਾਲ ਦੀਆਂ ਰੂਹਾਨੀ ਅੱਖਾਂ ਖੋਲ੍ਹ ਦਿੱਤੀਆਂ। ਨੰਦ ਲਾਲ ਨੇ ਝੁਕ ਕੇ ਗੁਰੂ ਜੀ ਨੂੰ ਨਮਸਕਾਰ ਕੀਤੀ ਅਤੇ ਕਿਹਾ, "ਪਾਤਸ਼ਾਹ, ਮੇਰੇ ਸ਼ੰਕੇ ਦੂਰ ਹੋ ਗਏ ਹਨ। ਮੈਂ ਸਚਾਈ ਜਾਣ ਗਿਆ ਹਾਂ। ਮੇਰੇ ਹਿਰਦੇ ਦੇ ਦਰਵਾਜ਼ੇ ਖੁਲ੍ਹ ਗਏ ਹਨ ਅਤੇ ਮੈਨੂੰ ਸ਼ਾਂਤੀ ਨਸੀਬ ਹੋ ਗਈ ਹੈ।"

ਇਸਤਰ੍ਹਾਂ, ਨੰਦ ਲਾਲ ਨੇ ਗੁਰੂ ਜੀ ਦੀ ਸੇਵਾ ਅਤੇ ਉਨ੍ਹਾਂ ਦੇ ਪ੍ਰੇਮ ਵਿੱਚ ਅਨੰਦਪੁਰ ਰਹਿਣਾ ਜਾਰੀ ਰੱਖਿਆ। ਇੱਕ ਦਿਨ ਗੁਰੂ ਜੀ ਨੇ ਉਸ ਨੂੰ ਹੁਕਮ ਦਿੱਤਾ, "ਨੰਦ ਲਾਲ, ਤੂੰ ਘਰ ਛੱਡ ਕੇ ਸੰਸਾਰ ਤੋਂ ਵਿਰਕਤ ਹੋ ਗਿਆ ਹੈਂ; ਅਜੇਹਾ ਤਿਆਗ ਮੈਨੂੰ ਪ੍ਰਵਾਨ ਨਹੀਂ। ਵਾਪਸ ਜਾਉ ਅਤੇ ਸੰਸਾਰ ਵਿੱਚ ਜੀਵਨ ਬਤੀਤ ਕਰ, ਆਪਣੇ ਲਈ ਕਿਰਤ ਕਰੋ ਅਤੇ ਮਨੁੱਖ ਜਾਤੀ ਦੀ ਸੇਵਾ ਕਰੋ, ਪਰ ਮਾਇਆ (ਪਦਾਰਥਵਾਦ) ਤੋਂ ਨਿਰਲੇਪ ਰਹੋ, ਅਕਾਲ

ਪੁਰਖ ਨੂੰ ਆਪਣੇ ਹਿਰਦੇ ਵਿੱਚ ਵਸਾਈ ਰਖੋ।" ਨੰਦ ਲਾਲ ਨੇ ਪੁਛਿਆ, "ਮੇਰੇ ਮਾਲਕ, ਮੈਂ ਕਿਧਰ ਜਾਵਾਂ ?" ਗੁਰੂ ਜੀ ਨੇ ਉਤੱਰ ਦਿੱਤਾ, "ਜਿਥੇ ਤੁਹਾਡੇ ਪੈਰ ਤੁਹਾਨੂੰ ਲੈ ਜਾਣ।"

ਭਾਈ ਨੰਦ ਲਾਲ ਨੇ ਗੁਰੂ ਜੀ ਨੂੰ ਝੁਕ ਕੇ ਨਮਸਕਾਰ ਕੀਤੀ ਅਤੇ ਅਨੰਦਪੁਰ ਤੋਂ ਚਲ ਪਿਆ। ਕੁਝ ਸਮਾਂ ਪਿਛੋਂ ਉਹ ਆਗਰਾ, ਤਾਜਮਹੱਲ ਦਾ ਸ਼ਹਿਰ, ਪੁੱਜਾ ਜਿਥੇ ਸ਼ਹਿਜ਼ਾਦਾ ਬਹਾਦਰ ਸ਼ਾਹ ਆਪਣਾ ਦਰਬਾਰ ਲਗਾਉਂਦਾ ਸੀ। ਉਥੇ ਸ਼ਹਿਜ਼ਾਦੇ ਦੀ ਸਰਪ੍ਰਸਤੀ ਹੇਠ ਕੁਝ ਕਵੀ, ਵਿਦਵਾਨ ਅਤੇ ਕਲਾਕਾਰ ਸਨ। ਛੇਤੀ ਹੀ ਨੰਦ ਲਾਲ ਆਗਰੇ ਵਿੱਚ ਇੱਕ ਮਹਾਨ ਵਿਦਾਵਨ ਦੇ ਤੌਰ ਤੇ ਪ੍ਰਸਿੱਧ ਹੋ ਗਿਆ ਜਿਸ ਨਾਲ ਉਸ ਨੂੰ ਸ਼ਹਿਜ਼ਾਦੇ ਤੋਂ ਇੱਕ ਉਚੀ ਪਦਵੀ ਅਤੇ ਵੱਡੀ ਤਨਖਾਹ ਮਿਲ ਗਈ। ਕਿਹਾ ਜਾਂਦਾ ਹੇ ਕਿ ਇੱਕ ਵਾਰ ਔਰੰਗਜ਼ੇਬ ਨੇ ਈਰਾਨ ਦੇ ਰਾਜੇ ਨੂੰ ਇੱਕ ਪੱਤਰ ਲਿਖਣਾ ਸੀ ਅਤੇ ਨੰਦ ਲਾਲ ਦਾ ਬਣਾਇਆ ਪੱਤਰ ਬਾਦਸ਼ਾਹ ਨੂੰ ਸਭ ਤੋਂ ਵੱਧ ਯੋਗ ਲੱਗਾ। ਇਸ ਤੇ ਔਰੰਗਜ਼ੇਰ ਨੇ ਨੰਦ ਲਾਲ ਨੂੰ ਸੱਦ ਭੇਜਿਆ ਅਤੇ ਮੁਲਾਕਾਤ ਕਰਨ ਪਿਛੋਂ ਉਸ ਨੇ ਆਪਣੇ ਦਰਬਾਰੀਆਂ ਨੂੰ ਕਿਹਾ ਕਿ ਬੜੇ ਅਫ਼ਸੋਸ ਦੀ ਗੱਲ ਹੈ ਕਿ ਅਜੇਹਾ ਵਿਦਵਾਨ ਹਿੰਦੂ ਰਹੇ। ਔਰੰਗਜ਼ੇਬ ਨੇ ਸ਼ਹਿਜ਼ਾਦਾ ਬਾਹਦਰ ਸ਼ਾਹ ਨੂੰ ਕਿਹਾ ਕਿ ਨੰਦ ਲਾਲ ਨੂੰ, ਜੇ ਹੋ ਸਕੇ ਤਾਂ ਦਲੀਲ ਨਾਲ, ਨਹੀਂ ਤਾਂ ਜ਼ਬਰਦਸਤੀ, ਮੁਸਲਮਾਨ ਬਣਾਇਆ ਜਾਏ। ਇਹ ਖਬਰ ਬਾਹਰ ਨਿਕਲ ਗਈ ਅਤੇ ਭਾਈ ਨੰਦ ਲਾਲ, ਆਪਣੇ ਇੱਕ ਮੁਸਲਮਾਨ ਪ੍ਰਸ਼ੰਸਕ ਅਤੇ ਅਨੁਯਾਈ ਗਿਆਸੁੱਦੀਨ ਦੀ ਮਦਦ ਨਾਲ ਇੱਕ ਰਾਤ ਆਗਰੇ ਤੋਂ ਬਚ ਨਿਕਲਿਆ ਅਤੇ ਅਨੰਦਪੁਰ ਜਾ ਪਹੁੰਚਾ, ਜੋ ਇਕੋ ਇੱਕ ਥਾਂ ਸੀ ਜਿਥੇ ਇਹੋ ਜਿਹੇ ਸ਼ਰਨਾਰਥੀਆਂ ਨੂੰ ਸੁਰੱਖਿਅਤ ਆਸਰਾ ਮਿਲ ਸਕਦਾ ਸੀ।

ਅਨੰਦਪੁਰ ਵਿੱਚ ਸਤਿਗੁਰੂ ਜੀ ਦੇ ਚਰਨਾਂ ਵਿੱਚ ਮਿਹਰਾਂ ਭਰੇ ਜੀਵਨ ਦੀਆਂ ਖੁਸ਼ੀਆਂ ਮਾਣਦਿਆਂ ਭਾਈ ਨੰਦ ਲਾਲ ਇੱਕ ਸ਼ਰਧਾਲੂ ਸਿੱਖ ਵਾਂਗ ਨਿਤ ਕਰਮ ਕਰਦਾ ਸਥਿਤ ਹੋ ਗਿਆ। ਉਸ ਨੇ ਗੁਰੂ ਜੀ ਜੋਗ ਇੱਕ ਫਾਰਸੀ ਦੀ ਰਚਨਾ,ਅਕਾਲ ਪੁਰਖ ਦੀ ਉਸਤਤ ਵਿੱਚ 'ਬੰਦਗੀ ਨਾਮਾ' ਨਾਮ ਦੀ ਭੇਟਾ ਕੀਤੀ। ਗੁਰੂ ਜੀ ਨੇ ਇਸ ਦਾ ਨਾਮ ਬਦਲ ਕੇ 'ਜ਼ਿੰਦਗੀ ਨਾਮਾ' ਰੱਖ ਦਿਤਾ। ਇਸ ਵਿਚੋਂ ਇੱਕ ਉਦਾਹਰਣ :

"ਦੋਵੇਂ ਜਹਾਨ, ਏਥੇ ਅਤੇ ਇਸ ਤੋਂ ਅਗਲਾ, ਅਕਾਲ ਪੁਰਖ ਦੇ ਪ੍ਰਕਾਸ਼ ਨਾਲ ਭਰੇ ਹਨ। ਸੂਰਜ ਅਤੇ ਚੰਦਰਮਾ ਤਾਂ ਕੇਵਲ ਸੇਵਕ ਹਨ ਜਿਹਨਾਂ ਨੇ ਅਕਾਲ ਪੁਰਖ ਦੀਆਂ ਮਸ਼ਾਲਾਂ ਫੜੀਆਂ ਹੋਈਆਂ ਹਨ। ... ਜੋ ਅਕਾਲ ਪੁਰਖ ਦੀ ਭਾਲ ਕਰਦੇ ਹਨ ਉਹ ਸਦਾ ਭਲੇ ਹਨ।

ਨੋਟ:

ਕੁਝ ਲੋਕ ਕਹਿਣ ਦੀ ਕੋਸ਼ਸ਼ ਕਰ ਰਹੇ ਹੈਂ ਕਿ ਭਾਈ ਨੰਦ ਲਾਲ ਜੀ ਨੇ ਅੰਮ੍ਰਿਤ ਨਹੀਂ ਛਕਿਆ ਵਰਨਾ ਉਸ ਦਾ ਨਾਮ ਨੰਦ ਸਿੰਘ ਹੁੰਦਾ ਨੰਦ ਲਾਲ ਦੀ ਬਜਾਏ। ਇਸ ਲਈ ਪੰਜ ਪਿਆਰਿਆਂ ਤੋਂ ਅੰਮ੍ਰਿਤ ਛਕਣ ਦੀ ਕੋਈ ਲੋੜ ਨਹੀ। ਇਹ ਲੋਕ ਜੋ ਐਸਾ ਕਹਿੰਦੇ ਹੈਂ ਕਿ ਅੰਮ੍ਰਿਤ ਛਕਣ ਦੀ ਲੋੜ ਨਹੀਂ ਬਿਲਕੁਲ ਗਲਤ ਹੈ; ਕਿਉਂ?

ਪੰਜ ਪਿਆਰਿਆਂ ਤੋਂ ਅੰਮ੍ਰਿਤ ਛਕਣਾ ਇਹ ਗੁਰੂ ਧਾਰਨ ਕਰਨ ਦੀ ਇੱਕ ਰਸਮ ਹੈ। ਦਸ ਗੁਰੂ ਸਾਹਿਬਾਨ ਤਕ ਜਦ ਭੀ ਕੋਈ ਸਜਣ ਗੁਰੂ ਸਾਹਿਬ ਦਾ ਸਿੱਖ ਬਣਨਾ ਚਾਹੁੰਦਾ ਸੀ ਤਾਂ ਉਸ ਨੂੰ ਚਰਨਾਮਤ ਪਲਾਈ ਜਾਂਦੀ ਸੀ ਅਤੇ ਸ਼ਬਦ ਦਿਤਾ ਜਾਂਦਾ ਸੀ ਤਾਂ ਉਹ ਗੁਰੂ ਸਾਹਿਬ ਦਾ ਸਿੱਖ ਬਣਦਾ ਸੀ। ਖਾਲਸੇ ਦੀ ਸਿਰਜਣਾ ਤੋਂ ਬਾਦ ਇਹ ਗੁਰੂ ਧਾਰਣ ਦੀ ਰਸਮ ਪੰਜ ਪਿਆਰਿਆਂ ਦੇ ਸਪੁਰਦ ਕਰ ਦਿਤੀ ਗਈ।

ਜਦ ਤਕ ਬੰਦਾ ਗੁਰੂ ਧਾਰਨ ਕਰਕੇ ਗੁਰੂ ਵਾਲਾ ਨਹੀਂ ਬਣਦਾ ਉਦੋਂ ਤਕ ਉਹ ਨਿਗੁਰਾ ਹੈ:

"ਸਤਿਗੁਰ ਬਾਝਹੁ ਗੁਰੁ ਨਹੀ ਕੋਈ ਨਿਗੁਰੇ ਕਾ ਹੈ ਨਾਉ ਬੁਰਾ"

(ਰਾਗ ਆਸਾ ਮਹਲਾ ੩ ਪੰਨਾ ੪੩੫)

ਫੇਰ ਗੁਰਬਾਣੀ ਦਾ ਫਰਮਾਨ ਹੈ:

"ਬਿਨੁ ਸਤਿਗੁਰ ਭੇਟੇ ਮੁਕਤਿ ਨ ਕੋਈ<br>ਬਿਨੁ ਸਤਿਗੁਰ ਭੇਟੇ ਨਾਮੁ ਪਾਇਆ ਨ ਜਾਇ।"

(ਰਾਮਕਲੀ ਮਹਲਾ ੧ ਪੰਨਾ ੯੪੬)

ਨਾਮ ਤੋਂ ਬਗੈਰ ਮੁਕਤੀ ਨਹੀਂ ਹੋ ਸਕਦੀ ਪਰ ਨਾਮ ਗੁਰੂ ਤੋਂ ਮਿਲਦਾ ਹੈ। ਗੁਰੂ ਤੋਂ ਬਗੈਰ ਨਾਮ ਨਹੀਂ ਮਿਲ ਸਕਦਾ।

"ਜੁਗ ਚਾਰੇ ਨਾਮਿ ਵਡਿਆਈ ਹੋਈ<br>ਜਿ ਨਾਮਿ ਲਾਗੈ ਸੋ ਮੁਕਤਿ ਹੋਵੈ ਗੁਰ ਬਿਨੁ ਨਾਮੁ ਨ ਪਾਵੈ ਕੋਈ।"

(ਰਾਮਕਲੀ ਮਹਲਾ ੩ ਪੰਨਾ ੬੮੦)

ਸੋ ਗੁਰੂ ਤੋਂ ਬਗੈਰ ਨਾਮ ਨਹੀਂ ਮਿਲ ਸਕਦਾ ਅਤੇ ਨਾਮ ਤੋਂ ਬਗੈਰ ਪਰਮ ਪਦ ਦੀ ਪਰਾਪਤੀ ਨਹੀਂ ਹੋ ਸਕਦੀ।

੧੬੯੯ ਵਿੱਚ ਖਾਲਸੇ ਦੀ ਸਿਰਜਣਾ ਤੋਂ ਪਹਿਲਾਂ ਭਾਈ ਨੰਦ ਲਾਲ ਜੀ ਗੁਰੂ ਧਾਰਨ ਕਰਕੇ ਦਸਵੇਂ ਪਾਤਸ਼ਾਹ ਦਾ ਸਿੱਖ ਬਣਿਆ। ਇਹ ਭਾਈ ਨੰਦ ਲਾਲ ਦੀ ਅਪਣੀ ਲਿਖਤ ਕਹਿੰਦੀ ਹੈ। ਇਸੀ ਤਰ੍ਹਾਂ ਹੋਰ ਭਾਈ ਘਨਇਆ ਵਰਗੇ ਉਘੇ ਸਿੱਖ ਗੁਰੂ ਸਾਹਿਬ ਤੋਂ ਚਰਨਾਮਤ ਲੈ ਕੇ ਦਸਵੇਂ ਪਾਤਸ਼ਾਹ ਦੇ ਸਿੱਖ ਬਣੇ।

ਜਦੋਂ ਇੱਕ ਵੇਰੀਂ ਗੁਰੂ ਧਾਰਨ ਕਰ ਲਿਆ (ਚਰਨਾਮਤ ਲੈ ਕੇ ਜਾਂ ਪੰਜ ਪਿਆਰਿਆਂ ਤੋਂ ਅੰਮ੍ਰਿਤ ਛਕ ਕੇ) ਫੇਰ ਦੁਬਾਰਾ ਗੁਰੂ ਧਾਰਨ ਦੀ ਲੋੜ ਨਹੀਂ ਜਦਕਿ ਕੋਈ ਬਜਰ ਕਰਹਿਤ ਨਾ ਕੀਤੀ ਜਾਵੇ।

ਹੁਣ ਗੁਰੂ ਸਾਹਿਬਾਨ ਦੇਹ ਵਿੱਚ ਨਹੀਂ ਇਸ ਲਈ ਚਰਨਾਮਤ ਦੀ ਰਸਮ ਹੋ ਹੀ ਨਹੀਂ ਸਕਦੀ। ਹੁਣ ਸਿੱਖ ਧਰਮ ਵਿੱਚ ਗੁਰੂ ਧਾਰਨ ਦੀ ਰਸਮ ਦਾ ਸਿਰਫ ਇੱਕ ਹੀ ਇੱਕ ਤਰੀਕਾ ਹੈ ਉਹ ਹੈ ਪੰਜ ਪਿਆਰਿਆਂ ਤੋਂ ਅੰਮ੍ਰਿਤ ਛਕ ਕੇ ਗੁਰੂ ਵਾਲਾ ਹੋਣਾ।

ਗੁਰਬਾਣੀ ਵਿੱਚ ਬਾਰ ਬਾਰ ਕਿਹਾ ਹੈ ਕਿ ਗੁਰੂ ਪਾਸ ਜਾਓ, ਗੁਰੂ ਪਾਸ ਜਾਹ ਕਿਉਂਕਿ ਗੁਰੂ ਤੋਂ ਬਗੈਰ ਨਾਮ ਨਹੀਂ ਮਿਲਨਾ ਅਤੇ ਨਾਮ ਤੇ ਬਗੈਰ ਪਰਮਪਦ ਦੀ ਪ੍ਰਾਪਤੀ ਨਹੀਂ ਹੋ ਸਕਦੀ। ਅੰਮ੍ਰਿਤ ਛਕਾ ਕੇ ਗੁਰੂ ਧਾਰਨ ਕਰਨ ਅਤੇ ਨਾਮ ਦੇਣ ਦੀ ਅਥੋਰਟੀ ਸਿਰਫ ਪੰਜ ਪਿਆਰਿਆਂ ਨੂੰ ਦਿੱਤੀ ਹੈ ਗੁਰੂ ਸਾਹਿਬ ਨੇ। ਸਿੱਖ ਧਰਮ ਵਿੱਚ "ਇਕੱਲਾ" ਬੰਦਾ ਭਾਵੇਂ ਕਿਤਨੀ ਹੀ ਪਦਵੀ ਤੇ ਪਹੁੰਚਿਆ ਹੋਵੇ- ਨਾਮ ਨਹੀਂ ਦੇ ਸਕਦਾ - ਇਹ ਨਾਮ ਦੇਣ ਦੀ ਤਾਕਤ ਸਿਰਫ ਪੰਜ ਪਿਆਰਿਆਂ ਨੂੰ ਹੀ ਬਖਸ਼ੀ ਗੁਰੂ ਸਾਹਿਬ ਨੇ।

ਪੰਜ ਪਿਆਰਿਆਂ ਤੋਂ ਅੰਮ੍ਰਿਤ ਛਕ ਕੇ ਅਤੇ ਨਾਮ ਲੈ ਕੇ ਕਮਾਈ ਕਰਨੀ ਹੈ। ਗੁਰੂ ਪਰਾਪਤ ਨਾਮ (ਗੁਰੂ ਤੋਂ ਲਿਆ ਹੋਇਆ ਨਾਮ) ਦੀ ਕਮਾਈ ਦੁਆਰਾ ਬੰਦਾ ਪਰਮਪਦ ਦੀ ਪਰਾਪਤੀ ਤੇ ਪਹੁੰਚ ਸਕੇਗਾ ਵਰਨਾ ਨਹੀਂ। ਇਸ ਲਈ ਅੰਮ੍ਰਿਤ ਛਕਣ ਦੀ ਲੋੜ ਹੈ।

## ਭਾਈ ਜੋਗਾ ਸਿੰਘ :

ਆਪਣੀ ਜਵਾਨ ਉਮਰ ਦੇ ਸ਼ੁਰੂ ਤੋਂ ਹੀ ਜੋਗਾ ਸਿੰਘ ਗੁਰੂ ਜੀ ਦੇ ਦਰਬਾਰ ਵਿੱਚ ਰਿਹ ਰਿਹਾ ਸੀ ਅਤੇ ਇੱਕ ਮਹਾਨ ਸ਼ਰਧਾਲੂ ਸੀ। ਇੱਕ ਦਿਨ ਗੁਰੂ ਜੀ ਦੀ ਨਜ਼ਰ ਉਸ ਉਤੇ ਪਈ ਅਤੇ ਉਨ੍ਹਾ ਨੇ ਉਸ ਨੂੰ ਉਸ ਦਾ ਨਾਮ ਪੁਛਿਆ। ਉਸ ਨੇ ਉਤਰ ਦਿਤਾ, "ਸੱਚੇ ਪਾਤਸ਼ਾਹ, ਮੇਰਾ ਨਾਮ ਜੋਗਾ ਸਿੰਘ ਹੈ।" ਗੁਰੂ ਜੀ ਨੇ ਪੁਛਿਆ, "ਤੂੰ ਕਿਸ ਦੇ ਜੋਗਾ ਹੈਂ ?" ਉਸ ਨੇ ਉਤਰ ਦਿੱਤਾ, "ਮੈਂ ਗੁਰੂ ਜੋਗਾ ਹਾਂ ਜੀ" ਇਸ ਤੇ ਗੁਰੂ ਜੀ ਨੇ ਉਸ ਨਾਲ ਇਕਰਾਰ ਕੀਤਾ, 'ਜੇ ਤੂੰ ਗੁਰੂ ਜੋਗਾ ਹੈਂ ਤਦ ਗੁਰੂ ਤੇਰੇ ਜੋਗਾ ਹੈ।"

ਕੁਝ ਸਮਾਂ ਪਿਛੋਂ ਜੋਗਾ ਸਿੰਘ ਆਪਣੇ ਵਿਆਹ ਲਈ ਆਪਣੇ ਘਰ ਪਿਸ਼ਾਵਰ ਗਿਆ। ਜਦ ਵਿਆਹ ਦੀ ਰਸਮ ਅੱਧੀ ਹੀ ਹੋਈ ਸੀ ਤਾਂ ਇੱਕ ਆਦਮੀ ਗੁਰੂ ਜੀ ਵਲੋਂ ਜ਼ਰੂਰੀ ਸੰਦੇਸਾ ਲੈ ਕੇ ਆ ਗਿਆ ਕਿ ਫੌਰਨ ਅਨੰਦਪੁਰ ਪਹੁੰਚੋ। ਜੋਗਾ ਸਿੰਘ ਨੇ ਸੰਦੇਸਾ ਪੜ੍ਹਿਆ ਅਤੇ ਲਾਵਾਂ ਪੂਰੀਆਂ ਕਰਨ ਤੋਂ ਪਹਿਲਾਂ ਹੀ ਅਨੰਦ ਕਾਰਜ ਵਿਚੇ ਛਡ ਕੇ ਅਨੰਦਪੁਰ ਵੱਲ ਚਲ ਪਿਆ। ਉਸ ਵਾਸਤੇ ਗੁਰੂ ਜੀ ਦਾ ਹੁਕਮ ਹੋਰ ਸਭ ਕਾਰਜਾਂ ਤੋਂ ਉਤੇ ਸੀ। ਸੱਚ ਹੈ ਕਿ ਭਗਤੀ ਦਾ ਮਾਰਗ ਖੰਡੇ ਦੀ ਧਾਰ ਨਾਲੋਂ ਤਿੱਖਾ ਅਤੇ ਵਾਲ ਦੀ ਚੌੜਾਈ ਨਾਲੋਂ ਵੀ ਨਿੱਕਾ ਹੈ।

ਜੋਗਾ ਸਿੰਘ ਅਨੰਦਪੁਰ ਪਹੁੰਚਣ ਲਈ ਤੇਜ਼ੀ ਨਾਲ ਸਫਰ ਕਰ ਰਿਹਾ ਸੀ। ਲਾਹੌਰ ਅਤੇ ਅੰਮ੍ਰਿਤਸਰ ਲੰਘ ਕੇ ਉਹ ਹੁਸ਼ਿਆਰਪੁਰ ਰਾਤ ਇੱਕ ਸਰਾਂ ਵਿੱਚ ਪੁੱਜਾ।ਰਾਹ ਵਿੱਚ ਉਸ ਦੀ ਹਉਮੈਂ ਨੇ ਸਿਰ ਚੁਕਿਆ ਅਤੇ ਉਹ ਸੋਚਦਾ ਸੀ ਕਿ ਮੇਰੇ ਵਾਂਗ ਹੋਰ ਕੌਣ ਕਰ ਸਕਦਾ ਸੀ ? ਬਹੁਤ ਥੋੜੇ ਸਿੱਖ ਹੋਣਗੇ ਜੋ ਮੇਰੇ ਵਾਂਗ ਗੁਰੂ ਜੀ ਦਾ ਹੁਕਮ ਮੰਨਣ। ਇਸ ਗੁਮਾਨ ਦੀ ਭਾਵਨਾ ਨੇ ਉਸ ਦਾ ਪਤਨ ਕਰਾ ਦਿਤਾ। ਰਾਤ ਵੇਲੇ ਕਾਮ ਦੇ ਮੰਦ ਵੇਗ ਨੇ ਉਸ 'ਤੇ ਜ਼ੋਰ ਪਾ ਲਿਆ ਅਤੇ ਉਹ ਇੱਕ ਵੇਸਵਾ ਦੇ ਘਰ ਵਲ ਤੁਰ ਪਿਆ। ਜੋਗਾ ਸਿੰਘ ਨੇ ਗੁਰੂ ਜੀ ਦੀ ਬਖਸ਼ੀ ਵਰਦੀ—ਦਸਤਾਰ ਅਤੇ ਦਾਹੜੀ—ਪਾਈ ਹੋਈ ਸੀ। ਵੇਸਵਾ ਦੇ ਘਰ ਵਲ ਜਾਂਦਿਆਂ ਜੋਗਾ ਸਿੰਘ ਆਪਣੇ ਆਪ ਨਾਲ ਗੱਲਾਂ ਕਰਨ ਲਗ ਪਿਆ, "ਜੇ ਮੈਨੂੰ ਕਿਸੇ ਨੇ ਵੇਸਵਾ ਦੇ ਘਰ ਵੱਲ ਜਾਂਦੇ ਹੋਏ ਵੇਖ ਲਿਆ ਤਾਂ ਇਹ ਗੁਰੂ ਜੀ ਦਾ ਨਿਰਾਦਰ ਹੋ ਜਾਵੇਗਾ। ਉਪਰੋਂ ਮੈਂ ਗੁਰੂ ਜੀ ਦਾ ਬਾਣਾ ਪਹਿਨਿਆ ਹੋਇਆ ਹੈ। ਸੋ ਮੈਨੂੰ ਵੇਸਵਾ ਦੇ ਘਰ ਵਿੱਚ ਵੜਦਿਆਂ ਕੋਈ ਵੇਖ ਨ ਲਵੇ।"

ਜਿਉਂ ਹੀ ਉਹ ਵੇਸਵਾ ਦੇ ਘਰ ਕੋਲ ਪੁੱਜਾ ਉਥੇ ਇੱਕ ਪਹਿਰੇਦਾਰ ਆ ਗਿਆ ਜੋ ਉੱਚੀ ਉੱਚੀ ਕਹਿ ਰਿਹਾ ਸੀ, "ਖਬਰਦਾਰ ਰਹਿਣਾ।" ਜੋਗਾ ਸਿੰਘ ਵੇਸਵਾ ਦੇ ਘਰ ਵਿੱਚ ਨ ਵੜ ਸਕਿਆ, ਸੋ ਅਗਲੀ ਗਲੀ ਵੱਲ ਤੁਰ ਪਿਆ। ਐਧਰ ਉਧਰ ਵੇਖ ਕੇ ਅਤੇ ਸੋਚ ਕੇ ਕਿ ਪਹਿਰੇਦਾਰ ਅੱਗੇ ਨਿਕਲ ਗਿਆ ਹੋਵੇਗਾ, ਉਹ ਛੇਤੀ ਛੇਤੀ ਵੇਸਵਾ ਦੇ ਘਰ ਵੱਲ ਆਇਆ। ਉਹ ਹੈਰਾਨ ਹੋ ਗਿਆ ਕਿ ਪਹਿਰੇਦਾਰ ਮੁੜ ਆ ਨਿਕਲਿਆ, ਉਹੀ ਆਵਾਜ਼ ਦਿੰਦਾ, "ਜਾਗਦੇ ਰਹਿਣਾ ਭਾਈ।" ਜੋਗਾ ਸਿੰਘ ਇਹ ਸਹਿਣ ਨਹੀਂ ਕਰ ਸਕਦਾ ਸੀ ਕਿ ਕੋਈ ਉਸ ਨੂੰ ਵੇਸਵਾ ਦੇ ਘਰ ਵਿੱਚ ਜਾਂਦਿਆਂ ਵੇਖੇ ਕਿਉਂਕਿ ਉਹ ਗੁਰੂ ਜੀ ਦੀ ਬਖਸ਼ੀ ਵਰਦੀ ਵਿੱਚ ਸੀ ਅਤੇ ਉਸ ਦਾ ਕੰਮ ਗੁਰੂ ਜੀ

ਨੂੰ ਕਲੰਕਤ ਕਰੇਗਾ। ਅਖੀਰ, ਥੋਡੀ ਕੁ ਵਾਰ ਕੋਸ਼ਿਸ਼ ਕਰਦਿਆਂ ਅਸਫਲ ਰਹਿਣ ਕਰਕੇ ਉਸ ਨੇ ਇਹ ਮੰਦਾ ਕੰਮ ਛੱਡ ਦਿਤਾ।

ਅਗਲੀ ਸਵੇਰ ਉਹ ਅਨੰਦਪੁਰ ਵੱਲ ਤੁਰ ਪਿਆ ਅਤੇ ਉਥੇ ਪੁੱਜ ਕੇ ਗੁਰੂ ਜੀ ਦੀ ਹਜ਼ੂਰੀ ਵਿੱਚ ਸਿਰ ਨੀਵਾਂ ਕਰੀ ਖੜੋ ਗਿਆ। ਗੁਰੂ ਜੀ ਨੇ ਉਸ ਦੀ ਅਤੇ ਪਰਵਾਰ ਦੀ ਸੁਖ ਸਾਂਦ ਦਾ ਪੁਛਿਆ ਪਰ ਜੋਗਾ ਸਿੰਘ ਚੁੱਪ ਖੜੋਤਾ ਸੀ। ਤਦ ਅਰਸ਼ੀ ਗੁਰੂ ਜੀ ਨੇ ਉਸ ਨੂੰ ਬਚਨ ਕੀਤਾ, "ਜੋਗਾ ਸਿੰਘ, ਤੈਨੂੰ ਯਾਦ ਹੈ ਨ ਕਿ ਜਦ ਤੂੰ ਕਿਹਾ ਸੀ ਕਿ ਤੂੰ ਗੁਰੂ ਜੋਗਾ ਹੈਂ ਤਾਂ ਗੁਰੂ ਨੇ ਇਕਰਾਰ ਕੀਤਾ ਸੀ ਕਿ ਜੇ ਤੂੰ ਗੁਰੂ ਜੋਗਾ ਹੈਂ ਤਾਂ ਗੁਰੂ ਤੇਰੇ ਜੋਗਾ !" ਗੁਰੂ ਜੀ ਨੇ ਇਹ ਵੀ ਦੱਸਿਆ, "ਇੱਕ ਪਹਿਰੇਦਾਰ ਦੇ ਭੇਸ ਵਿੱਚ ਪਿਛਲੀ ਰਾਤ ਅਸੀਂ ਹੁਸ਼ਿਆਰਪੁਰ ਦੀਆਂ ਗਲੀਆਂ ਵਿੱਚ ਤੇਰੀ ਰਖਿਆ ਕੀਤੀ ਸੀ ਅਤੇ ਤੈਨੂੰ ਬਦਨਾਮੀ ਤੋਂ ਬਚਾਇਆ ਸੀ।" ਜੋਗਾ ਸਿੰਘ ਗੁਰੂ ਜੀ ਦੇ ਚਰਨਾਂ ਤੇ ਢਹਿ ਪਿਆ ਅਤੇ ਮੁਆਫੀ ਦੀ ਬਖਸ਼ਿਸ਼ ਲਈ ਬੇਨਤੀ ਕਰਨ ਲੱਗਾ।

ਇਹੋ ਜੇਹੇ ਸਨ ਸਤਿਗੁਰੂ ਜੀ ਦੇ ਕੌਤਕ।ਇੱਕ ਵਾਰ ਜੇ ਅਸੀਂ ਉਨ੍ਹਾਂ ਜੋਗ ਪੂਰੀ ਸ਼ਰਧਾ ਰੱਖੀਏ ਤਾਂ ਓਹ ਵੀ ਸਾਨੂੰ ਨਹੀਂ ਵਿਸਾਰਨਗੇ। ਗੁਰੂ ਜੀ ਆਪ ਇਸ ਦੀ ਪੁਸ਼ਟੀ ਕਰਦੇ ਹਨ :

"ਜਬ ਤਕ ਖਾਲਸਾ ਰਹੇ ਨਿਆਰਾ,
ਤਬ ਲਗ ਤੇਜ ਦੀਉ ਮੈਂ ਸਾਰਾ।
ਜਬ ਇਹ ਗਹੈ ਬਿਪਰਨ ਕੀ ਰੀਤ,
ਮੈਂ ਨ ਕਰੌਂ ਇਨਕੀ ਪ੍ਰਤੀਤ।"

(ਗੁਰੂ ਗੋਬਿੰਦ ਸਿੰਘ ਜੀ)

## ਖਾਲਸੇ ਦੀ ਸਾਜਣਾ ਉਪਰੰਤ ਦੇ ਸਮੇਂ ਵਿੱਚ ਕਾਰਜ :

ਪਹਾੜੀ ਰਾਜੇ, ਕਹਿਲੂਰ ਦੇ ਰਾਜੇ ਸਮੇਤ, ਗੁਰੂ ਜੀ ਕੋਲ ਆਏ ਅਤੇ ਖਾਲਸਾ ਸਾਜਣ ਸਬੰਧੀ ਸੰਭਾਵਨਾਵਾਂ ਅਤੇ ਪਰਿਣਾਮਾਂ ਉਤੇ ਬਹੁਤ ਵਿਚਾਰ ਵਟਾਂਦਰਾ ਕੀਤਾ। ਗੁਰੂ ਜੀ ਨੇ ਉਹਨਾਂ ਨੂੰ ਆਪਣੇ ਦੇਸ ਦੀ ਡਿਗ ਹਾਲਤ ਵਿਚੋਂ ਉੱਚਾ ਚੁੱਕਣ ਲਈ ਖਾਲਸਾ ਧਰਮ ਅਪਨਾਉਣ ਦਾ ਉਪਦੇਸ਼ ਦਿੱਤਾ। ਪਹਾੜੀ ਰਾਜੇ ਗੁਰੂ ਜੀ ਵਲੋਂ ਖਾਲਸਾ ਧਰਮ ਧਾਰਨ ਦੀ ਸਲਾਹ ਮੰਨਣ ਬਿਨਾ ਵਾਪਸ ਚਲੇ ਗਏ।

ਖਾਲਸੇ ਦੀ ਸਾਜਣਾ ਦਾ ਤੁਰੰਤ ਪ੍ਰਭਾਵ ਇਹ ਪਿਆ ਕਿ ਪਹਾੜੀ ਰਾਜਿਆਂ ਨੇ ਇਸ ਨੂੰ ਆਪਦੇ ਧਰਮ ਅਤੇ ਆਪਣੀ ਰਾਜ-ਸੱਤਾ ਵਾਸਤੇ ਇੱਕ ਤਕੜਾ ਖਤਰਾ ਸਮਝਿਆ। ਗੁਰੂ ਜੀ ਨੇ ਅਪਾਣੇ ਸਿੱਖਾਂ ਨੂੰ, ਜਿਥੇ ਵੀ ਉਹ ਰਹਿੰਦ ਸਨ, ਆਦੇਸ਼ ਭੇਜਿਆ ਕਿ ਉਹ ਸਭ ਅਨੰਦਪੁਰ ਆ ਕੇ ਅੰਮ੍ਰਿਤ ਛਕਣ ਅਤੇ ਖਾਲਸਾ ਪੰਥ ਵਿੱਚ ਪ੍ਰਵੇਸ਼ ਕਰਨ। ਸੋ ਗੁਰਸਿੱਖ ਵੱਡੀ ਗਿਣਤੀ ਵਿੱਚ ਅਨੰਦਪੁਰ ਗੁਰੂ ਜੀ ਜੋਗ ਸ਼ਰਧਾਂਜਲੀ ਭੇਟਾ ਕਰਨ ਆਉਣੇ ਸ਼ੁਰੂ ਹੋ ਗਏ ਅਤੇ ਅੰਮ੍ਰਿਤ ਛਕਣ ਲਗੇ। ਇਸ ਤਰ੍ਹਾਂ ਅੰਮ੍ਰਿਤਧਾਰੀ ਸਿੱਖਾਂ ਦੀ ਵਧ ਰਹੀ ਗਿਣਤੀ, ਬਰਾਬਰਤਾ ਦੀ ਭਾਵਨਾ ਨਾਲ ਭਖਦੀ, ਸਨਾਤਨੀ ਜੀਵਨ ਢੰਗ ਤੋਂ ਛੁਟਕਾਰਾ ਪਾਈ, ਹਰ ਸਮੇਂ ਦੁਸ਼ਟਤਾ ਵਿਰੁਧ ਲੜਨ ਲਈ ਤਿਆਰ ਦਿਸਦੀ ਸੀ, ਇਸ ਨੇ ਪਹਾੜੀ ਰਾਜਿਆਂ ਨੂੰ ਭੈਭੀਤ ਕਰ ਦਿਤਾ ਕਿਉਂ ਜੁ ਉਹ ਇਸ ਨੂੰ ਆਪਣੀ ਜਾਗੀਰਦਾਰੀ ਅਤੇ ਆਪਣੇ ਸਨਾਤਨੀ ਜੀਵਨ-ਢੰਗ ਲਈ ਸਿਧੀ ਵੰਗਾਰ ਸਮਝਦ ਸਨ।

ਇੱਕ ਦਿਨ ਗੁਰੂ ਜੀ ਦੂਨ ਵਾਦੀ ਵਿੱਚ ਸ਼ਿਕਾਰ ਖੇਡਣ ਲਈ ਚਲੇ ਗਏ ਜਦ ਬਲੀਆ ਚੰਦ ਅਤੇ ਆਲਿਮ ਚੰਦ ਦੋ ਪਹਾੜੀ ਰਜਵਾੜਿਆਂ ਨੇ ਗੁਰੂ ਜੀ ਦੀ ਟੋਲੀ ਉਤੇ ਹਮਲਾ ਕਰ ਦਿਤਾ। ਗੁਰੂ ਜੀ ਨਾਲ ਕੇਵਲ ਥੋੜੇ ਕੁ ਸਿੱਖ ਸਨ। ਦੋਵੇਂ ਧਿਰਾਂ ਨਿਧੜਕ ਹੋ ਕੇ ਲੜੀਆਂ। ਆਲਿਮ ਚੰਦ ਨੇ ਆਪਣੀ ਤਲਵਾਰ ਦਾ ਵਾਰ ਆਲਿਮ ਸਿੰਘ ਉਤੇ ਕੀਤਾ ਜਿਸ ਨੇ ਇਸ ਨੂੰ ਆਪਣੀ ਢਾਲ ਉਤੇ ਰੋਕਿਆ ਅਤੇ ਆਪਣੇ ਜਵਾਬੀ ਵਾਰ ਵਿੱਚ ਆਲਿਮ ਚੰਦ ਦੀ ਸੱਜੀ ਬਾਂਹ ਵੱਢ ਦਿਤੀ। ਉਹ ਕਿਸੇ ਤਰ੍ਹਾਂ ਭੱਜ ਨਿਕਲਿਆ ਅਤੇ ਇਕੱਲੇ ਬਲੀਆ ਚੰਦ ਨੂੰ ਆਪਣੀ ਧਿਰ ਦੀ ਕਮਾਨ ਲਈ ਛੱਡ ਗਿਆ। ਪਰ ਬਲੀਆ ਚੰਦ ਨੂੰ ਉਵੇਂ ਹੀ ਉਦੇ ਸਿੰਘ ਨੇ ਗੋਲੀ ਮਾਰ ਕੇ ਮਾਰ ਦਿਤਾ। ਪਹਾੜੀ ਸੈਨਾ ਨੇ ਆਪਣਾ ਇੱਕ ਮੁੱਖੀ ਮਾਰਿਆ ਗਿਆ ਅਤੇ ਦੂਜਾ ਭੱਜ ਗਿਆ ਵੇਖਿਆ ਤਾਂ ਰਣ ਖੇਤਰ ਛੱਡ ਗਏ ਜਿਸ ਨਾਲ ਗੁਰੂ ਜੀ ਦੀ ਧਿਰ ਦੀ ਫਤਹਿ ਹੋਈ।

## ਅਨੰਦਪੁਰ ਦਾ ਪਹਿਲਾ ਯੁਧ :

ਇਸ ਹਾਰ ਪਿਛੋਂ ਪਹਾੜੀ ਰਾਜਿਆਂ ਨੇ ਸੋਚਿਆ ਕਿ ਸਿੱਖਾਂ ਦੀ ਸ਼ਕਤੀ ਅਤੇ ਗਿਣਤੀ ਵਧਣ ਦਿਤੀ ਗਈ ਤਾਂ ਬੁਹੁਤ ਹੀ ਖਤਰਨਾਕ ਹੋਵੇਗਾ। ਇਸ ਲਈ ਉਹਨਾਂ ਨੇ ਰਲ ਕੇ ਫੈਸਲਾ ਕੀਤਾ ਕਿ ਸਿੱਖਾਂ ਵਿਰੁਧ ਦਿੱਲੀ

ਸਰਕਾਰ ਕੋਲ ਸ਼ਿਕਾਇਤ ਕੀਤੀ ਜਾਏ। ਔਰੰਗਜ਼ੇਬ ਅਜੇ ਵੀ ਦਖਣ ਵਿੱਚ ਰੁੱਝਾ ਹੋਇਆ ਸੀ। ਦਿੱਲੀ ਦੇ ਸੂਬੇਦਾਰ ਨੇ ਜਰਨੈਲ ਦੀਨ ਬੇਗ ਅਤੇ ਜਰਨੈਲ ਪੈਂਦੇ ਖਾਨ ਨੂੰ ਪੰਜ ਪੰਜ ਹਜ਼ਾਰ ਦੀ ਸੈਨਾ ਨਾਲ ਭੇਜਿਆ ਕਿ ਗੁਰੂ ਜੀ ਨੂੰ ਪਹਾੜੀ ਰਾਜਿਆਂ ਦੇ ਹੱਕਾਂ ਵਿੱਚ ਦਖਲ ਦੇਣ ਤੋਂ ਰੋਕਿਆ ਜਾਏ। ਜਦ ਸ਼ਾਹੀ ਫੌਜਾਂ ਰੋਪੜ ਪੁੱਜੀਆਂ ਤਾਂ ਪਹਾੜੀ ਰਾਜੇ ਨਾਲ ਰਲ ਗਏ।

ਗੁਰੂ ਜੀ ਨੇ ਪੰਜ ਪਿਆਰਿਆਂ ਨੂੰ ਆਪਣੀ ਸੈਨਾ ਦੇ ਜਰਨੈਲ ਨਿਯੁਕਤ ਕੀਤਾ। ਸਿੱਖ ਇਤਿਹਾਸਕਾਰ ਦਸਦੇ ਹਨ ਕਿ ਜਦ ਅਨੰਦਪੁਰ ਯੁਧ ਅਰੰਭ ਹੋਇਆ ਤਾਂ ਸਿੱਖਾਂ ਵਲੋਂ ਲਗਾਤਾਰ ਅਤੇ ਭਿਅੰਕਰ ਗੋਲਾਬਾਰੀ ਨਾਲ ਤੁਰਕ ਭੁੰਨੇ ਗਏ। ਜਰਨੈਲ ਪੈਂਦੇ ਖਾਨ ਨੇ ਸਿੱਖਾਂ ਵਲੋਂ ਦ੍ਰਿੜ੍ਹ ਟਾਕਰਾ ਵੇਖਿਆ ਤਾਂ ਆਪਣੇ ਸੈਨਕਾਂ ਨੂੰ ਲਲਕਾਰ ਕੇ ਕਿਹਾ ਕਿ ਕਾਫਰਾਂ ਨਾਲ ਜਾਨਾਂ ਹੀਲ ਕੇ ਲੜੋ ! ਉਹ ਆਪ ਗੁਰੂ ਜੀ ਨਾਲ ਇਕੱਲੇ ਹੱਥੀ ਲੜਣ ਲਈ ਆਇਆ ਅਤੇ ਗੁਰੂ ਜੀ ਨੂੰ ਪਹਿਲਾ ਵਾਰ ਕਰਨ ਲਈ ਸੱਦਾ ਦਿਤਾ। ਗੁਰੂ ਜੀ ਨੇ ਇਸ ਤਰ੍ਹਾਂ ਹਮਲਾਵਰ ਬਨਣ ਤੋਂ ਇਨਕਾਰ ਕਰ ਦਿਤਾ ਅਤੇ ਦੱਸਿਆ ਕਿ ਉਨ੍ਹਾਂ ਨੇ ਪ੍ਰਤੀਗਿਆ ਕੀਤੀ ਹੋਈ ਹੈ ਕਿ ਸਿਵਾ ਆਪਣੇ ਬਚਾਉ ਲਈ ਕਦੇ ਵਾਰ ਨਹੀਂ ਕਰਨਾ। ਇਸ ਤੇ ਪੈਂਦੇ ਖਾਨ ਨੇ ਇੱਕ ਤੀਰ ਛੱਡਿਆ ਜੋ ਗੁਰੂ ਜੀ ਦੇ ਕੰਨ ਕੋਲੋਂ ਸਾਂ ਕਰਦਾ ਲੰਘ ਗਿਆ। ਉਸ ਨੇ ਇੱਕ ਹੋਰ ਤੀਰ ਛਡਿਆ ਅਤੇ ਉਹ ਵੀ ਨਿਸ਼ਾਨਾ ਖੁੰਝ ਗਿਆ। ਪੈਂਦੇ ਖਾਨ ਦਾ ਸਾਰਾ ਸਰੀਰ, ਸਿਵਾ ਕੰਨਾਂ ਦੇ, ਜ਼ਰਾ ਬਖਤਰ ਨਾਲ ਕੱਜਿਆ ਹੋਇਆ ਸੀ। ਇਹ ਜਾਣਦਿਆਂ ਗੁਰੂ ਜੀ ਨੇ ਹਿਕ ਤੀਰ ਉਸ ਦੇ ਕੰਨ ਦੀ ਸੇਧ ਵਿੱਚ ਅਜੇਹੇ ਅਚੁੱਕ ਨਿਸ਼ਾਨੇ ਨਾਲ ਮਾਰਿਆ ਕਿ ਪੈਂਦੇ ਖਾਨ ਆਪਣੇ ਘੋੜੇ ਤੋਂ ਧਰਤੀ ਉਤੇ ਆ ਡਿਗਾ ਅਤੇ ਮੁੜ ਕਦੀ ਨਾ ਉਠਿਆ। ਇਸ ਨਾਲ ਯੁਧ ਸਮਾਪਤ ਹੋਇਆ। ਦੀਨ ਬੇਗ ਨੇ ਸਾਰੀ ਸੈਨਾ ਦੀ ਕਮਾਨ ਸੰਭਾਲੀ। ਪੈਂਦੇ ਖਾਨ ਦੀ ਮੌਤ ਤੋਂ ਪਾਗਲ ਹੋ ਕੇ ਉਸ ਦੀ ਸੈਨਾ ਬੜੀ ਸਿਰਲਥ ਹੋ ਕੇ ਲੜੀ ਪਰ ਸਿੱਖਾਂ ਦੀ ਤਕੜੀ ਸਥਿਤੀ ਉਤੇ ਕੋਈ ਪ੍ਰਭਾਵ ਨਾ ਪਾ ਸਕੀ। ਪਰ, ਦੂਜੇ ਪਾਸੇ ਸਿੱਖਾਂ ਨੇ ਵੈਰੀਆਂ ਦੀ ਬੜੀ ਤਬਾਹੀ ਮਚਾ ਦਿਤੀ। ਪਹਾੜੀ ਰਜਵਾੜੇ ਰਣਖੇਤਰ ਛੱਡ ਗਏ। ਇਤਨੇ ਵਿੱਚ ਦੀਨ ਬੇਗ ਜ਼ਖ਼ਮੀ ਹੋ ਗਿਆ ਅਤੇ ਭੱਜ ਗਿਆ ਪਰ ਸਿੱਖਾਂ ਨੇ ਉਸ ਦਾ ਰੋਪੜ (ਚੰਡੀਗੜ੍ਹ ਨੇੜੇ ਖਿਦਰਾਬਾਦ ਪਿੰਡ, ਜਿਥੇ ਇਸ ਯਾਦ ਵਿੱਚ ਇੱਕ ਗੁਰਦੁਆਰਾ ਹੈ) ਤੱਕ ਪਿੱਛਾ ਕੀਤਾ। ਇਹ ਯੁਧ ਸੰਨ ੧੭੦੧ ਦੇ ਸ਼ੁਰੂ ਵਿੱਚ ਹੋਇਆ।

## ਅਨੰਦਪੁਰ ਦਾ ਦੂਜਾ ਯੁਧ :

ਜੰਮੂ, ਨੂਰਪੁਰ, ਮੰਡੀ, ਭੁਟਾਨ, ਕੁੱਲੂ, ਕੈਂਥਲ, ਗੁਲੇਰ, ਚੰਬਾ, ਸ੍ਰੀ ਨਗਰ, ਡਢਵਾਲ, ਹੰਡੂਰ ਦੇ ਅਤੇ ਹੋਰ ਪਹਾੜੀ ਰਾਜੇ ਬਿਲਾਸਪੁਰ ਇਕੱਠੇ ਹੋਏ, ਨਵੀਂ ਪੈਦਾ ਹੋਈ ਸਥਿਤੀ ਬਾਰੇ ਵਿਚਾਰ ਕਰਨ ਲਈ। ਕਹਿਲੂਰ ਦੇ ਰਾਜੇ ਅਜਮੇਰ ਚੰਦ, (ਸੁਰਗੀ ਰਾਜਾ ਭੀਮਚੰਦ ਦਾ ਪੁੱਤਰ) ਨੇ ਉਹਨਾਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਜੇ ਉਹ ਗੁਰੂ ਜੀ ਦੀ ਵਧ ਰਹੀ ਸ਼ਕਤੀ ਨੂੰ ਅੱਖੋਂ ਓਹਲੇ ਕਰਨਗੇ ਤਾਂ ਗੁਰੂ ਜੀ ਇੱਕ ਦਿਨ ਸਾਨੂੰ ਆਪਣੇ ਇਲਾਕਿਆਂ ਵਿਚੋਂ ਕੱਢ ਦੇਣਗੇ।ਦੂਜੇ ਪਾਸੇ ਜੇ ਉਹ ਵਾਰ ਵਾਰ ਮੁਗਲ ਰਾਜ ਦਿੱਲੀ ਦੀ ਸਹਾਇਤਾ ਮੰਗਣਦੇ ਤਾਂ ਉਹਨਾਂ ਨੂੰ ਮੁਗਲ ਸਦਾ ਲਈ ਆਪਣੇ ਅਧੀਲ ਕਰ ਲੈਣਗੇ। ਇਸ ਲਈ ਫੈਸਲਾ ਹੋਇਆ ਕਿ ਉਹ ਆਪ ਹੀ ਆਪਣੀ ਰਖਿਆ ਕਰਨ। ਜੇ ਸਾਰੇ ਪਹਾੜੀ ਰਾਜੇ ਆਪਣੀ ਆਪਣੀ ਸੈਨਾ ਦਾ ਯੋਗ ਹਿਸਾ ਪਾਉਣ ਤਾਂ ਉਹ ਇੱਕ ਵੱਡੀ ਫੌਜ ਇਕੱਠੀ ਕਰ ਲੈਣਗੇ ਜੋ ਗੁਰੂ ਜੀ ਅਤੇ ਉਨ੍ਹਾਂ ਦੇ ਸਿੱਖਾਂ ਨੂੰ ਮਲੀਆਮੇਟ ਕਰਨ ਲਈ ਕਾਫੀ ਹੋਵੇਗੀ। ਇਸ ਤਰ੍ਹਾਂ ਇੱਕ ਸਾਦੀ ਅਤੇ ਸੰਭਵ ਤਰਕੀਬ ਇਹ ਸੋਚੀ ਗਈ ਕਿ ਗੁਰੂ ਜੀ ਦੀ ਰਾਜਧਾਨੀ, ਅਨੰਦਪੁਰ, ਦਾ ਘੇਰਾ ਘੱਤ ਲਿਆ ਜਾਵੇ ਅਤੇ ਉਸ ਵਿੱਚ ਰਹਿ ਰਹੇ ਸਭ ਨੂੰ ਭੁਖਿਆ ਰੱਖ ਰੱਖ ਕੇ ਅਧੀਨਗੀ ਲਈ ਮਜਬੂਰ ਕਰ ਦਿਤਾ ਜਾਵੇ।

ਇਸ ਫੈਸਲੇ ਅਨੁਸਾਰ ਸਾਰੇ ਰਾਜੇ ਆਪਣੇ ਸੈਨਾ ਦਲ ਲੈ ਆਏ ਅਤੇ ਅਨੰਦਪੁਰ ਵਲ ਕੂਚ ਕਰ ਦਿਤਾ। ਸ਼ਹਿਰ ਦੇ ਨੇੜੇ ਪਹੁੰਚੇ ਤਾਂ ਉਹਨਾਂ ਨੇ ਗੁਰੂ ਜੀ ਨੂੰ ਇੱਕ ਪੱਤਰ ਭੇਜਿਆ ਜਿਸ ਵਿੱਚ ਲਿਖਿਆ ਸੀ, "ਅਨੰਦਪੁਰ ਦੀ ਧਰਤੀ ਸਾਡੀ ਮਲਕੀਅਤ ਹੈ। ਅਸੀਂ ਆਪਦੇ ਪਿਤਾ ਨੂੰ ਇਥੇ ਰਹਿਣ ਦੀ ਆਗਿਆ ਦਿਤੀ ਸੀ ਅਤੇ ਉਨ੍ਹਾਂ ਨੇ ਕਦੇ ਕੋਈ ਲਗਾਨ ਨਹੀਂ ਦਿਤਾ। ਹੁਣ ਆਪ ਨੇ ਇੱਕ ਨਵਾਂ ਧਰਮ ਚਲਾ ਲਿਆ ਹੈ ਜੋ ਸਾਡੇ ਧਰਮ ਦੇ ਵਿਰੁਧ ਹੈ। ਅਸਾਂ ਹੁਣ ਤਕ ਇਹ ਸਭ ਕੁਝ ਬਰਦਾਸ਼ਤ ਕੀਤਾ ਹੈ, ਪਰ ਹੁਣ ਹੋਰ ਇਸ ਨੂੰ ਅੱਖੋਂ ਓਹਲੇ ਨਹੀਂ ਕਰ ਸਕਦੇ। ਸਾਡੀ ਧਰਤੀ ਉਤੇ ਰਹਿਣ ਲਈ ਪਿਛਲਾ ਬਕਾਇਆ ਲਗਾਨ ਦਿਉ ਅਤੇ ਇਕਰਾਰ ਕਰੋ ਕਿ ਅਗੇ ਤੋਂ ਇਹ ਬਕਾਇਦਾ ਅਦਾ ਕਰਦੇ ਰਹੋਗੇ। ਜੇ ਆਪ ਨੇ ਇਹ ਸ਼ਰਤਾਂ ਨਹੀਂ ਮੰਨਣੀਆਂ ਤਾਂ ਅਨੰਦਪੁਰ ਛੱਡ ਜਾਣ ਲਈ ਤਿਆਰੀ ਕਰੋ ਜਾਂ ਇਸ ਦੇ ਨਤੀਜੇ ਲਈ ਤਿਆਰ ਹੋ ਜਾਉ।"

ਗੁਰੂ ਜੀ ਨੇ ਉੱਤਰ ਦਿਤਾ, "ਇਹ ਧਰਤੀ ਮੇਰੇ ਪਿਤਾ ਜੀ ਨੇ ਖਰੀਦੀ ਸੀ ਅਤੇ ਇਸ ਦਾ ਮੁੱਲ ਤਾਰ ਦਿਤਾ ਸੀ। ਜੇ ਤੁਸੀਂ ਮੇਰੇ ਕੋਲੋਂ ਅਨੰਦਪੁਰ ਛੁਡਾਉਣਾ ਚਾਹੁੰਦੇ ਹੋ ਤਾਂ ਤੁਸੀਂ ਇਸਨੂੰ ਗੋਲੀਆਂ ਨਾਲ ਹੀ ਲੈ ਸਕੋਗੇ। ਮੇਰੀ ਰੱਖਿਆ ਵਿੱਚ ਆ ਜਾਉ ਤਾਂ ਤੁਸੀਂ ਦੋਹੀਂ ਜਹਾਨੀਂ ਸੁਖੀ ਰਹੋਗੇ। ਇਹੀ ਵਕਤ ਹੈ ਸਮਝੌਤਾ ਕਰ

ਲੈਣ ਦਾ। ਮੈਂ ਤੁਹਾਡੇ ਅਤੇ ਖਾਲਸੇ ਵਿਚਕਾਰ ਵਿਚੋਲਾ ਹੋਵਾਂਗਾ। ਤਦ ਤੁਸੀਂ ਆਪਣੀਆਂ ਰਿਆਸਤਾਂ ਉਤੇ ਨਿਡਰ ਹੋ ਕੇ ਰਾਜ ਕਰਦੇ ਰਹੋਗੇ।"

ਹੁਣ ਰਾਜਿਆਂ ਨੂੰ ਸਾਫ ਦਿਸਦਾ ਸੀ ਕਿ ਗੁਰੂ ਜੀ ਈਨ ਨਹੀਂ ਮੰਨਣਗੇ। ਅਗਲੀ ਸਵੇਰ ਉਹਨਾਂ ਨੇ ਯੁਧ ਦਾ ਨਗਾਰਾ ਵਜਾ ਦਿਤਾ। ਜਿਵੇਂ ਆਸ ਸੀ ਰੰਘੜਾ ਅਤੇ ਗੁਜਰਾਂ ਦੀ ਬਹੁਤ ਸਾਰੀ ਗਿਣਤੀ ਪਹਾੜੀ ਰਾਜਿਆਂ ਦੇ ਪਾਸੇ ਆ ਰਲੀ।

ਮਾਝੇ ਦੇ ਇਲਾਕੇ ਵਿਚੋਂ ਦੁਨੀ ਚੰਦ ਦੀ ਕਮਾਨ ਹੇਠ ਪੰਜ ਸੌ ਬੰਦੇ ਗੁਰੂ ਜੀ ਦੀ ਸੈਨਾ ਵਿੱਚ ਆ ਮਿਲੇ ਅਤੇ ਇਸ ਮੌਕੇ ਤੇ ਦੂਜੇ ਪਾਸਿਆਂ ਤੋਂ ਵੀ ਕੁਮਕ ਆ ਪਹੁੰਚੀ। ਉਥੇ ਦੋ ਪ੍ਰਮੁਖ ਕਿਲ੍ਹੇ [੫] ਲੋਹਗੜ੍ਹ ਅਤੇ ਫਤਹਿਗੜ੍ਹ ਸਨ। ਗੁਰੂ ਜੀ ਨੇ ਆਪਣੀ ਸੈਨਾ ਨੂੰ ਹੁਕਮ ਦਿਤਾ ਕਿ ਉਹ ਸ਼ਹਿਰ ਤੋਂ ਅੱਗੇ ਨ ਵਧਣ ਅਤੇ ਜਿਥੋਂ ਤਕ ਸੰਭਵ ਹੋਵੇ ਆਪਣੇ ਬਚਾਉ ਲਈ ਹੀ ਲੜਣ। ਸ਼ੇਰ ਸਿੰਘ ਅਤੇ ਨਾਹਰ ਸਿੰਘ ਲੋਹਗੜ੍ਹ ਦੀ ਰਖਿਆ ਲਈ ਮੁਖੀ ਨਿਯੁਕਤ ਕੀਤੇ ਗਏ ਅਤੇ ਫਤਹਿਗੜ੍ਹ ਉਦੇ ਸਿੰਘ ਦੇ ਸਪੁਰਦ ਕੀਤਾ। ਸਾਹਿਬਜ਼ਾਦਾ ਅਜੀਤ ਸਿੰਘ ਨੇ ਪਿਤਾ ਜੀ ਤੋਂ ਉਦੇ ਸਿੰਘ ਦੀ ਸਹਾਇਤਾ ਲਈ ਆਗਿਆ ਮੰਗੀ।

ਪਹਾੜੀ ਰਾਜਿਆਂ ਨੇ ਵੱਡੀਆਂ ਤੋਪਾਂ ਨਾਲ ਗੁਰੂ ਜੀ ਦੇ ਕਿਲ੍ਹੇ ਉਤੇ ਗੋਲਾਬਾਰੀ ਕੀਤੀ। ਕਈ ਸਿੱਖਾਂ ਨੇ ਦ੍ਰਿੜ੍ਹਤਾ ਨਾਲ ਵੈਰੀਆਂ ਦਾ ਮੁਕਾਬਲਾ ਕੀਤਾ ਅਤੇ ਉਹਨਾਂ ਨੂੰ ਪਿਛੇ ਹਟਣ ਲਈ ਮਜਬੂਰ ਕਰ ਦਿਤਾ। ਵੈਰੀ ਫੌਜਾਂ ਦੇ ਮੁੱਖੀਆਂ ਨੇ ਤਦ ਇੱਕ ਸੰਖੇਪ ਜੇਹੀ ਬੈਠਕ ਕੀਤੀ ਅਤੇ ਫੈਸਲਾ ਕੀਤਾ ਕਿ ਜਸਵਾਲ ਦਾ ਦਬਦਬੇ ਵਾਲਾ ਰਾਜਾ ਕੇਸਰੀ ਚੰਦ ਕਿਲੇ ਦੇ ਸੱਜੇ ਪਾਸੇ ਹਮਲਾ ਕਰੇ ਅਤੇ ਜਗਤੁੱਲਾ ਖੱਬੇ ਪਾਸੇ ਵਲੋਂ, ਜਦ ਕਿ ਅਜਮੇਰ ਚੰਦ ਆਪ ਅਤੇ ਉਸ ਦੀ ਸੈਨਾ ਨੇ ਅਨੰਦਪੁਰ ਉਤੇ ਸਾਮ੍ਹਣੇ ਵਲੋਂ ਹਮਲਾ ਕੀਤਾ। ਜਗਤੁੱਲਾ ਨੂੰ ਸਾਹਿਬ ਸਿਘੰ ਨੇ ਗੋਲੀ ਮਾਰ ਕੇ ਮਾਰ ਦਿਤਾ ਅਤੇ ਸਿੱਖ, ਵੈਰੀਆਂ ਨੂੰ ਉਸ ਦੀ ਲੋਥ ਲੈ ਜਾਣ ਦੇਣ ਲਈ ਪਿਛਾਂਹ ਨਾ ਹਟੇ। ਕਾਂਗੜੇ ਦੇ ਰਾਜਾ ਘੁਮੰਡ ਚੰਦ ਨੇ ਆਪਣੀ ਸੈਨਾ ਨੂੰ ਇਕੱਠਾ ਕਰਕੇ ਮੁੜ ਹਮਲਾ ਕੀਤਾ, ਪਰ ਸਿੱਖਾਂ ਨੂੰ ਪਿਛਾਂਹ ਹਟਾਉਣ ਲਈ ਸਫਲ ਨ ਹੋਏ। ਯੁਧ ਦੇ ਨਤੀਜੇ ਤੋਂ ਪਹਾੜੀ ਰਾਜੇ ਬੜੇ ਨਿਰਾਸ ਹੋਏ ਅਤੇ ਰਾਤ ਸਮੇਂ ਉਨ੍ਹਾਂ ਨੇ ਆਪਣੀ ਜੰਗੀ ਕੌਂਸਲ ਦੀ ਬੈਠਕ ਕੀਤੀ। ਰਾਜਾ ਅਜਮੇਰ ਚੰਦ ਨੇ ਗੁਰੂ ਜੀ ਨਾਲ ਸੁਲਾਹ ਕਰ ਲੈਣ ਦੀ ਸਲਾਹ ਦਿਤੀ ਅਤੇ ਕਿਹਾ ਕਿ ਗੁਰੂ ਜੀ ਗੁਰੂ ਨਾਨਕ ਸਾਹਿਬ ਦੀ ਇਲਾਹੀ ਗੱਦੀ ਤੇ ਬੈਠੇ ਹੋਏ ਹਨ ਅਤੇ ਉਨ੍ਹਾਂ ਤੋਂ ਜਾਚਕ ਹੋ ਕੇ ਮੰਗਣ ਵਿੱਚ ਕੋਈ ਅਪਮਾਨ ਨਹੀਂ ਹੋਵੇਗਾ। ਬਹੁਤੇ ਰਾਜੇ ਇਸ ਤਜਵੀਜ਼ ਨੂੰ ਮੰਨ ਗਏ ਪਰ ਜਸਵਾਲ ਦਾ ਕੇਸਰੀ ਚੰਦ ਸੁਲਾਹ ਕਰਨ ਦਾ ਵਿਰੋਧੀ ਰਿਹਾ ਅਤੇ ਉਸ ਨੇ ਇਕਰਾਰ ਕੀਤਾ ਕਿ ਅਗਲੇ ਦਿਨ ਵਧੇਰੇ ਡਟ ਕੇ ਲੜਿਆ ਜਾਏਗਾ ਤਾਂ ਜੁ ਗੁਰੂ ਜੀ ਨੂੰ ਅਨੰਦਪੁਰ ਵਿਚੋਂ ਕੱਢ ਦਿਤਾ ਜਾਵੇ।

ਅਗਲੇ ਦਿਨ ਪਹਾੜੀ ਫੌਜਾਂ ਕੇਂਦਰਿਤ ਹੋ ਕੇ ਸ਼ਹਿਰ ਦੇ ਕੇਵਲ ਇੱਕ ਖਾਸ ਪਾਸੇ ਉਤੇ ਹਮਲਾ ਕਰਨ ਲਈ ਰਾਜ਼ੀ ਸਨ, ਪਰ ਸਿੱਖਾਂ ਨੇ ਫਿਰ ਬੀਰਤਾ ਨਾਲ ਟਾਂਕਰਾ ਕੀਤਾ। ਪਹਾੜੀ ਸੈਨਾ ਨੇ ਬਹੁਤ ਵਾਰ ਇਕੱਠੇ ਹੋ ਕੇ ਹਮਲਾ ਕੀਤਾ ਪਰ ਸੂਰਬੀਰ ਸਿੱਖਾਂ ਨੂੰ ਜਿਤ ਨ ਸਕੇ ਅਤੇ ਇਹੀ ਫੈਸਲਾ ਕੀਤਾ ਕਿ ਸ਼ਹਿਰ ਦੀ ਨਾਕਾਬੰਦੀ ਕੀਤੀ ਜਾਏ ਜੋ ਥੋੜੇ ਕੁ ਹਫਤੇ ਚੱਲੀ। ਜਿਉਂ ਹੀ ਨਾਕਾਬੰਦੀ ਸਫਲਤਾ ਨਾਲ ਚਲਦੀ ਗਈ, ਰਾਜਾ ਕੇਸਰੀ ਚੰਦ ਨੇ ਇੱਕ ਹਾਥੀ ਨੂੰ ਸ਼ਰਾਬ ਪਿਆ ਕੇ ਤਿਆਰ ਕੀਤਾ ਸ਼ਹਿਰ ਉਤੇ ਹਮਲਾ ਕਰਨ ਲਈ। ਹਾਥੀ ਦਾ ਸਾਰਾ ਸਰੀਰ ਜ਼ਰਾ ਬਖ਼ਤਰ ਨਾਲ ਢਕ ਦਿਤਾ ਗਿਆ। ਹਮਲਾ ਕਰਨ ਲਈ ਇੱਕ ਤਕੜਾ ਨੇਜ਼ਾ ਉਸ ਦੇ ਮੱਥੇ ਵਲੋਂ ਲੱਗਾ ਹੋਇਆ ਸੀ। ਮਸਤ ਹਾਥੀ ਨੂੰ ਲੋਹਗੜ੍ਹ ਕਿਲ੍ਹੇ ਵੱਲ ਤੋਰ ਦਿਤਾ ਅਤੇ ਪਹਾੜੀ ਸੈਨਾ ਉਸ ਦੇ ਪਿੱਛੇ ਪਿੱਛੇ ਜਾਣ ਲੱਗੀ। ਗੁਰੂ ਜੀ ਨੇ ਆਪਣੇ ਸਿੱਖ ਬਚਿਤਰ ਸਿੰਘ ਉਤੇ ਹਾਥੀ ਦਾ ਟਾਕਰਾ ਕਰਨ ਲਈ ਬਖਸ਼ਿਸ਼ ਕੀਤੀ। ਬਚਿਤਰ ਸਿੰਘ ਨੇ ਭਿਅੰਕਰ ਪਸ਼ੂ ਦਾ ਟਾਕਰਾ ਕਰਨ ਲਈ ਇੱਕ ਬਰਛਾ ਲਿਆ। ਉਸ ਨੇ ਆਪਣਾ ਬਰਛਾ [੬] ਉਤਾਂਹ ਚੁਕ ਕੇ ਐਨੇ ਜ਼ੋਰ ਨਾਲ ਹਾਥੀ ਦੇ ਮੱਥੇ ਉਤੇ ਮਾਰਿਆ ਕਿ ਉਹ ਜ਼ਰਾ ਬਖ਼ਤਰ ਨੂੰ ਚੀਰ ਕੇ ਹਾਥੀ ਦੇ ਮੱਥੇ ਵਿੱਚ ਖੁਭ ਗਿਆ। ਹਾਥੀ ਚਿੰਗਾੜਦਾ ਹੋਇਆ ਪਿਛਾਂਹ ਪਰਤਕੇ ਭੱਜ ਪਿਆ ਅਤੇ ਪਹਾੜੀ ਸੈਨਾ ਨੂੰ ਲਤਾੜਦਿਆਂ ਕਈ ਸੈਨਕ ਮਾਰ ਗਿਆ। ਇਸ ਸਮੇਂ ਵਿੱਚ ਉਦੇ ਸਿੰਘ ਕੇਸਰੀ ਚੰਦ ਵਲ ਵਧਦਾ ਗਿਆ ਅਤੇ ਉਸ ਨੂੰ ਲਲਕਾਰ ਕੇ ਇਕੋ ਹੱਲੇ ਨਾਲ ਉਸ ਦਾ ਸਿਰ ਵੱਢ ਦਿਤਾ। ਪੰਜਾਂ ਪਿਆਰਿਆਂ ਵਿੱਚ ਭਾਈ ਮੋਹਕਮ ਸਿੰਘ ਨੇ ਆਪਣੀ ਤਲਵਾਰ ਦੇ ਇੱਕ ਵਾਰ ਨਾਲ ਮਸਤ ਹਾਥੀ ਦੀ ਸੁੰਢ ਵਢ ਦਿਤੀ। ਪਹਾੜੀ ਸੈਨਾ, ਜੋ ਬਚੀ ਸੀ, ਹੁਣ ਭਜ ਗਈ। ਪਿਛਾਂਹ ਭਜ ਰਹੇ ਹੂੰਡਰ ਦੇ ਰਾਜੇ ਨੂੰ ਭਾਈ ਸਾਹਿਬ ਸਿੰਘ ਨੇ ਗੰਭੀਰ ਜ਼ਖ਼ਮੀ ਕਰ ਦਿੱਤਾ।

ਅਗਲੇ ਦਿਨ ਕਾਂਗੜੇ ਦੇ ਰਾਜੇ ਘੁਮੰਡ ਚੰਦ ਨੇ ਆਪਣੀ ਸੇਨਾ ਨੂੰ ਸ਼ਹਿਰ ਵਿਰੁਧ ਲੜਣ ਲਈ ਹੁਕਮ ਦਿਤਾ। ਘੁਮੰਡ ਚੰਦ ਦਾ ਘੋੜਾ ਆਲਿਮ ਸਿੰਘ ਦੀ ਬੰਦੂਕ ਤੋਂ ਆਈ ਗੋਲੀ ਨਾਲ ਮਾਰਿਆ ਗਿਆ। ਯੁਧ ਘਟਦੀ ਵੱਧਦੀ ਸਫਲਤਾ ਨਾਲ ਸੰਧਿਆ ਤਕ ਚੱਲਿਆ, ਜਦ ਘੁਮੰਡ ਚੰਦ ਸੰਧਿਆਂ ਵੇਲੇ ਆਪਣੇ ਤੰਬੂ ਵਲ ਜਾਂਦਿਆਂ ਇੱਕ ਅਚਾਨਕ ਆਈ ਗੋਲੀ ਨਾਲ ਮਰਨ ਹਾਰ ਜ਼ਖ਼ਮੀ ਹੋ ਗਿਆ। ਹੁਣ ਸਾਰੇ ਪਹਾੜੀ ਰਾਜਿਆਂ ਦੇ

ਦਿਲ ਟੁੱਟ ਗਏ ਅਤੇ ਉਹ ਹੌਂਸਲਾ ਛੱਡ ਬੈਠੇ। ਰਾਜਾ ਅਜਮੇਰ ਚੰਦ ਸਭ ਤੋਂ ਪਿਛੋਂ ਅਨੰਦਪੁਰ ਤੋਂ ਮੁੜਿਆ ਅਤੇ ਅੱਧੀ ਰਾਤ ਦੇ ਹਨੇਰੇ ਵਿੱਚ ਘਰ ਵੱਲ ਕੂਚ ਕਰ ਗਿਆ। ਇਹ ਯੁਧ ਸੰਨ ੧੭੦੧ ਵਿੱਚ ਹੋਇਆ।

## ਨਿਰਮੋਹ ਦਾ ਯੁਧ :

ਅਜੇਮਰ ਚੰਦ ਪਹਾੜੀ ਸੈਨਾਵਾਂ ਦੀ ਹਾਰ ਦੇ ਬਾਵਜੂਦ ਗੁਰੁ ਜੀ ਨੂੰ ਅਨੰਦਪੁਰ ਤੋਂ ਕੱਢ ਦੇਣ ਲਈ ਦ੍ਰਿੜ੍ਹ ਸੀ। ਉਸ ਨੇ ਮੁਗਲ ਬਾਦਸ਼ਾਹ ਦੇ ਸਰਹਿੰਦ ਵਿੱਚ ਸੂਬੇਦਾਰ ਵੱਲ ਇੱਕ ਏਲਚੀ ਭੇਜਿਆ ਅਤੇ ਇੱਕ ਏਲਚੀ ਦਿੱਲੀ ਦੇ ਸੂਬੇਦਾਰ ਵੱਲ, ਸਿੱਖਾਂ ਵਿਰੁਧ ਸ਼ਿਕਾਇਤ ਕਰਨ ਅਤੇ ਗੁਰੁ ਜੀ ਦੀ ਸ਼ਕਤੀ ਨਾਸ ਕਰਨ ਅਤੇ ਉਨ੍ਹਾਂ ਨੂੰ ਅਨੰਦਪੁਰ ਵਿਚੋਂ ਕੱਢ ਦੇਣ ਲਈ ਪਹਾੜੀ ਰਾਜਿਆਂ ਦੀ ਸਹਾਇਤਾ ਲਈ ਬੇਨਤੀ ਕਰਨ ਲਈ।

ਇਸ ਦੇ ਨਾਲ ਹੀ ਪਹਾੜੀ ਰਾਜਿਆਂ ਨੇ ਅਪਾਣਾ ਮੂੰਹ ਰੱਖਣ ਲਈ ਪੰਮਾ ਬ੍ਰਾਹਮਣ ਰਾਹੀਂ ਗੁਰੂ ਜੀ ਨੂੰ ਤਜਵੀਜ਼ ਕਰ ਭੇਜੀ ਕਿ ਉਹ ਗੁਰੂ ਜੀ ਨਾਲ ਸਦਾ ਲਈ ਮਿੱਤਰਤਾ ਬਣਾਈ ਰਖਣਗੇ ਕੇਵਲ ਤਦ ਜੇ ਗੁਰੂ ਜੀ ਅਨੰਦਪੁਰ ਛੱਡ ਜਾਣ ਅਤੇ ਕੁਝ ਸਮੇਂ ਪਿਛੋਂ ਭਾਵੇਂ ਵਾਪਸ ਆ ਜਾਣ। ਗੁਰੂ ਜੀ ਮੰਨ ਗਏ ਅਤੇ ਕੀਰਤਪੁਰ ਤੋਂ ਇੱਕ ਮੀਲ ਕੁ ਵਿਥ ਤੇ ਨਿਰਮੋਹ ਪਿੰਡ ਚਲੇ ਗਏ। ਜਦ ਗੁਰੂ ਜੀ ਨਿਰਮੋਹ ਪੁੱਜ ਗਏ ਤਾਂ ਰਾਜਾ ਅਜਮੇਰ ਚੰਦ ਅਤੇ ਕਾਂਗੜੇ ਦੇ ਰਾਜੇ ਨੇ ਸੋਚਿਆ ਕਿ ਗੁਰੂ ਜੀ ਹੁਣ ਖੁਲ੍ਹੀ ਥਾਂ ਤੇ ਹਨ ਅਤੇ ਉਨ੍ਹਾਂ ਕੋਲ ਰੱਖਿਆ ਵਾਸਤੇ ਕੋਈ ਕਿਲ੍ਹਾ ਵੀ ਨਹੀਂ, ਇਹ ਚੰਗਾ ਰਹੇਗਾ ਕਿ ਗੁਰੂ ਜੀ ਉਤੇ ਹਮਲਾ ਕਰ ਦਿਤਾ ਜਾਏ। ਉਹਨਾਂ ਨੇ ਸ਼ਾਹੀ ਫੌਜਾਂ ਦੇ ਪਹੁੰਚਣ ਦੀ ਉਡੀਕ ਕਰਨ ਤੋਂ ਵੀ ਪਹਿਲਾਂ ਗੁਰੂ ਜੀ ਦੀ ਸੈਨਾ ਉਤੇ ਹਮਲਾ ਕਰ ਦਿਤਾ। ਇੱਕ ਗੰਭੀਰ ਯੁਧ ਹੋਇਆ ਜਿਸ ਵਿੱਚ ਅਖੀਰ ਸਿੱਖ ਜਿਤ ਗਏ। ਇੱਕ ਦਿਨ ਦੁਪਹਿਰ ਪਿਛੋਂ ਗੁਰੂ ਜੀ ਆਪਣੇ ਖੁਲ੍ਹੇ ਦਰਬਾਰ ਵਿੱਚ ਬੈਠੇ ਹੋਏ ਸਨ ਕਿ ਪਹਾੜੀ ਰਾਜਿਆਂ ਨੇ ਇੱਕ ਮੁਸਲਮਾਨ ਤੋਪਚੀ ਨੂੰ ਕਾਫੀ ਰਕਮ ਦੇਣ ਦੇ ਬਦਲੇ ਗੁਰੂ ਜੀ ਨੂੰ ਮਾਰ ਦੇਣ ਲਈ ਲਿਆਂਦਾ। ਤੋਪਚੀ ਨੇ ਇੱਕ ਤੋਪ ਦਾ ਗੋਲਾ ਛਡਿਆ ਜੋ ਗੁਰੂ ਜੀ ਨੂੰ ਤਾਂ ਨਾ ਲਗਾ ਪਰ ਜੋ ਸਿੱਖ ਗੁਰੂ ਜੀ ਉਤੇ ਚੋਰ ਝੁਲਾ ਰਿਹਾ ਸੀ ਉਸ ਨੂੰ ਮਾਰ ਗਿਆ। ਗੁਰੂ ਜੀ ਨੇ ਆਪਣਾ ਤੀਰ-ਕਮਾਨ ਫੜਿਆ ਅਤੇ ਇੱਕ ਤੀਰ ਨਾਲ ਤੋਪਚੀ ਅਤੇ ਦੂਜੇ ਨਾਲ ਉਸ ਦੇ ਭਰਾ, ਜੋ ਤੋਪਚੀ ਦੀ ਸਹਾਇਤਾ ਕਰ ਰਿਹਾ ਸੀ, ਨੂੰ ਮਾਰ ਦਿਤਾ। ਇਹ ਵੇਖ ਕੇ ਪਹਾੜੀਆਂ ਨੇ ਲੜਣਾ ਛਡ ਦਿਤਾ। ਦੋਹਾਂ ਮੁਸਲਮਾਨਾਂ ਨੂੰ ਉਸੇ ਥਾਂ ਦਬ ਦਿਤਾ ਜਿਸ ਨੂੰ 'ਸਿਆਹ ਟਿਬੀ' ਕਹਿੰਦੇ ਹਨ। ਜਿਸ ਥਾਂ ਤੇ ਗੁਰੂ ਜੀ ਬੈਠੇ ਹੋਏ ਤੋਪ ਦੇ ਗੋਲੇ ਤੋਂ ਬਚੇ ਸਨ ਉਥੇ ਸਿੱਖਾਂ ਨੇ ਇਸ ਯਾਦ ਵਿੱਚ ਇੱਕ ਗੁਰਦੁਆਰਾ ਉਸਾਰ ਦਿਤਾ।

ਸਰਹਿੰਦ ਦੇ ਸੂਬੇਦਾਰ ਵਜ਼ੀਰ ਖਾਨ, ਦੀ ਫੌਜ ਵੇਲੇ ਸਿਰ ਆ ਪਹੁੰਚੀ। ਇੱਕ ਪਾਸੇ ਪਹਾੜੀ ਰਾਜੇ ਅਤੇ ਦੂਜੇ ਪਾਸੇ ਸ਼ਾਹੀ ਫੌਜ ਵਿਚਕਾਰ ਗੁਰੂ ਜੀ ਇੱਕ ਬੜੀ ਖਤਰਨਾਕ ਸਥਿਤੀ ਵਿੱਚ ਆ ਗਏ। ਪਰ ਗੁਰੂ ਜੀ ਨੇ ਆਪਣੀ ਰੱਖਿਆ ਜਿਵੇਂ ਕਿਵੇਂ ਕਰਨ ਦਾ ਇਰਾਦਾ ਕਰ ਲਿਆ ਅਤੇ ਸਿੱਖਾਂ ਨੇ ਪੂਰੇ ਭਰੋਸੇ ਅਤੇ ਸੂਰਬੀਰਤਾ ਨਾਲ ਗੁਰੂ ਜੀ ਦਾ ਸਾਥ ਦਿਤਾ। ਵਜ਼ੀਰ ਖਾਨ ਨੇ ਆਪਣੀ ਫੌਜ ਨੂੰ ਹੁਕਮ ਦਿਤਾ ਕਿ ਅਚਾਨਕ ਤੇਜ਼ੀ ਨਾਂਲ ਵਧਣ ਅਤੇ ਗੁਰੂ ਜੀ ਨੂੰ ਕਾਬੂ ਕਰ ਲੈਣ। ਗੁਰੂ ਜੀ ਦੀ ਉਨ੍ਹਾਂ ਦੇ ਸਾਹਿਬਜ਼ਾਦੇ ਅਜੀਤ ਸਿੰਘ ਅਤੇ ਦੂਜੇ ਸੂਰਬੀਰਾਂ ਨੇ ਬੜੀ ਸਫਲਤਾ ਨਾਲ ਰਖਵਾਲੀ ਕੀਤੀ। ਇਹਨਾਂ ਨੇ ਸ਼ਾਹੀ ਫੌਜਾ ਨੂੰ ਅਗੇ ਵਧਣ ਤੋਂ ਰੋਕ ਦਿਤਾ ਅਤੇ ਉਹਨਾਂ ਦੀਆਂ ਕਤਾਰਾਂ ਦੀਆਂ ਕਤਾਰਾਂ ਮਾਰ ਦਿਤੀਆਂ। ਇਹ ਕਤਲਾਮ ਰਾਤ ਤਕ ਚਲਦਾ ਰਿਹਾ। ਅਗਲੇ ਦਿਨ ਸ਼ਾਹੀ ਫੌਜ ਅਤੇ ਪਹਾੜੀ ਰਾਜਿਆਂ ਨੇ ਗੰਭੀਰ ਹਮਲਾ ਕਰ ਦਿਤਾ ਜਦ ਗੁਰੂ ਜੀ ਨੇ ਬਸੋਲੀ ਪਰਤ ਜਾਣ ਦਾ ਫੈਸਲਾ ਕੀਤਾ। ਬਸੋਲੀ ਦੇ ਰਾਜੇ ਨੇ ਗੁਰੂ ਜੀ ਨੂੰ ਆਪਣੇ ਰਾਜਧਾਨੀ ਵਿੱਚ ਆਉਣ ਲਈ ਕਈ ਵਾਰ ਨਿਮੰਤ੍ਰਣ ਕੀਤਾ ਸੀ। ਜਦ ਤਕ ਗੁਰੂ ਜੀ ਦੀ ਸੈਨਾ ਦਰਿਆ ਸਤਲੁਜ ਪੁੱਜੀ, ਕਰੜੀ ਲੜਾਈ ਹੁੰਦੀ ਰਹੀ ਜਿਸ ਵਿੱਚ ਸੂਰਬੀਰ ਭਾਈ ਸਾਹਿਬ ਸਿੰਘ ਮਾਰਿਆ ਗਿਆ। ਅਪਾਣਾ ਅੰਗੂਠਾ ਟੁਕਦਿਆਂ ਵਜ਼ੀਰ ਖਾਨ ਮੰਨ ਰਿਹਾ ਸੀ ਕਿ ਉਸ ਨੇ ਇਸ ਤੋਂ ਪਹਿਲਾਂ ਕਦੇ ਇਹੋ ਜੇਹੀ ਸਿਰਲਥ ਲੜਾਈ ਨਹੀਂ ਵੇਖੀ ਸੀ। ਗੁਰੂ ਜੀ ਆਪਣੀ ਸੈਨਾਂ ਸਹਿਤ ਦਰਿਆ ਪਾਰ ਕਰ ਗਏ ਅਤੇ ਬਸੋਲੀ ਆ ਪਹੁੰਚੇ। ਪਹਾੜੀ ਰਾਜੇ ਬੜੇ ਖੁਸ਼ ਹੋਏ ਅਤੇ ਉਹਨਾਂ ਨੇ ਵਜ਼ੀਰ ਖਾਨ ਨੂੰ ਹਾਥੀ ਭੇਟਾ ਕੀਤੇ। ਪਹਾੜੀ ਰਾਜੇ ਆਪਣੇ ਘਰੀਂ ਚਲੇ ਗਏ ਅਤੇ ਵਜ਼ੀਰ ਖਾਨ ਸਰਹਿੰਦ ਪਰਤ ਗਿਆ। ਇਹ ਯੁਧ ਸੰਨ ੧੭੦੧ ਦੇ ਅੰਤ ਵਿੱਚ ਹੋਇਆ।

ਦਇਆ ਸਿੰਘ ਅਤੇ ਉਦੇ ਸਿੰਘ ਨੇ ਗੁਰੂ ਜੀ ਜੋਗ ਅਨੰਦਪੁਰ ਵਾਪਸ ਜਾਣ ਲਈ ਬੇਨਤੀ ਕੀਤੀ। ਗੁਰੂ ਜੀ ਨੇ ਥੋੜੇ ਕੁ ਦਿਨ ਬਸੋਲੀ ਠਹਿਰ ਕੇ ਅਨੰਦਪੁਰ ਵਲ ਚਾਲੇ ਪਾ ਦਿਤੇ ਅਤੇ ਅਨੰਦਪੁਰ ਵਾਸੀ ਗੁਰੂ ਜੀ ਨੂੰ ਆਪਣੇ ਕੋਲ ਮੁੜ ਆ ਜਾਣ ਤੇ ਬੜੇ ਖੁਸ਼ ਹੋਏ। ਗੁਰੂ ਜੀ ਨੂੰ ਮੁੜ ਅਨੰਦਪੁਰ ਵਿੱਚ ਪੱਕੀ ਤਰ੍ਹਾਂ ਸਥਿਤ ਹੋਏ ਵੇਖ ਕੇ ਰਾਜਾ ਅਮੀਰ ਚੰਦ ਨੇ ਸ਼ਾਂਤੀ ਦਾ ਰਾਹ ਫੜਣਾ ਸਭ ਤੋਂ ਵਧ ਸਿਆਣਪ ਸਮਝੀ। ਗੁਰੂ ਜੀ ਨੇ ਅਜਮੇਰ ਚੰਦ ਨੂੰ ਕਿਹਾ ਕਿ ਉਹ ਉਸ ਨਾਲ ਸਮਝੌਤਾ ਕਰਨ ਲਈ ਤਿਆਰ ਹਨ ਪਰ ਜੇ ਉਹ ਫਿਰ ਧੋਖੇਬਾਜ਼ੀ ਦਾ ਦੋਸ਼ੀ ਬਣਿਆ ਤਾਂ ਗੁਰੂ ਜੀ ਉਸ ਨੂੰ ਦੰਡ ਦੇਣਗੇ। ਅਜਮੇਰ ਚੰਦ ਗੁਰੂ ਜੀ ਨਾਲ ਸ਼ਾਂਤੀ ਲਈ ਸਮਝੌਤਾ ਕਰਕੇ ਖੁਸ਼ ਹੋ ਗਿਆ

ਅਤੇ ਉਸ ਨੇ ਆਪਣੇ ਪਰਵਾਰ ਦੇ ਪ੍ਰੋਹਿਤ ਨੂੰ ਗੁਰੂ ਜੀ ਕੋਲ ਤੋਹਫੇ ਦੇ ਕੇ ਭੇਜਿਆ। ਬਾਕੀ ਪਹਾੜੀ ਰਾਜਿਆਂ ਨੇ ਵੀ ਅਜਮੇਰ ਚੰਦ ਵਾਂਗ ਕੀਤਾ ਅਤੇ ਗੁਰੂ ਜੀ ਨਾਲ ਚੰਗੇ ਸੰਬੰਧ ਬਣਾ ਲਏ।

ਇਸ ਪਿਛੋਂ ਗੁਰੂ ਜੀ ਸਿੱਖ ਧਰਮ ਦੇ ਪ੍ਰਚਾਰ ਲਈ ਮਾਲਵੇ ਗਏ। ਜਨਵਰੀ ੧੭੦੩ ਵਿੱਚ ਗੁਰੂ ਜੀ ਸੂਰਜ ਗ੍ਰਹਿਣ ਦੇ ਮੇਲੇ ਤੇ ਕੁਰਸ਼ੇਤਰ ਗਏ, ਉਥੋਂ ਪਿਛਲੀ ਜੰਗ ਵਿੱਚ ਮਾਰੇ ਗਏ ਜਾਂ ਚੋਰੀ ਹੋ ਗਏ ਘੋੜਿਆਂ ਦੀ ਥਾਂ ਹੋਰ ਘੋੜੇ ਖਰੀਦਨ ਲਈ। ਗੁਰੂ ਜੀ ਦੇ ਸਮੇਂ ਵਿੱਚ ਵੀ ਮੇਲਿਆਂ ਤੇ ਘੋੜੇ ਅਤੇ ਹੋਰ ਪਸ਼ੂ ਵੇਚਣ ਜਾਂ ਵਟਾਦਰੇ ਵਿੱਚ ਲੈਣ-ਦੇਣ ਦਾ ਰਿਵਾਜ ਪ੍ਰਚਲਤ ਸੀ।

ਦੋ ਮੁਸਲਮਾਨ ਜਰਨੈਲ, ਸਯੱਦ ਬੇਗ ਅਤੇ ਅਲਿਫ ਖਾਨ ਲਾਹੌਰ ਤੋਂ ਦਿੱਲੀ ਜਾ ਰਹੇ ਸਨ। ਰਾਜਾ ਅਜਮੇਰ ਚੰਦ, ਜੋ ਦੂਜੇ ਪਹਾੜੀ ਰਾਜਿਆਂ ਨਾਲ ਕੁਰਸ਼ੇਤਰ ਆਇਆ ਸੀ, ਨੇ ਇਹਨਾਂ ਜਰਨੈਲਾਂ ਦੀ ਸਹਾਇਤਾ ਲੈਣ ਦਾ ਸੋਚਿਆ ਉਸ ਨੇ ਇਹਨਾਂ ਨੂੰ ਵਡੀ ਰਕਮ ਦੇਣ ਦਾ ਇਕਰਾਰ ਕੀਤਾ ਤਾਂ ਜੋ ਗੁਰੂ ਜੀ ਉਤੇ ਹਮਲਾ ਕਰ ਦੇਣ। ਪਰ ਸਯੱਦ ਬੇਗ ਨੇ ਗੁਰੂ ਜੀ ਸਬੰਧੀ ਭਲੀਆਂ ਗੱਲਾਂ ਸੁਣੀਆਂ ਹੋਈਆਂ ਸਨ। ਸੋ ਉਸ ਨੇ ਆਪਣੀ ਫੌਜ ਪਿਛੇ ਹਟਾ ਲਈ।ਜਦ ਗੁਰੂ ਜੀ ਅਤੇ ਆਲਿਫ ਖਾਨ ਦੀਆਂ ਫੌਜਾਂ ਵਿਚਕਾਰ ਚਮਕੌਰ ਵਿੱਚ ਲੜਾਈ ਛਿੜੀ ਤਾਂ ਸਯਦ ਬੇਗ ਗੁਰੂ ਜੀ ਦੀ ਸੈਨਾ ਵਿੱਚ ਆ ਰਲਿਆ ਸੀ। ਇਸ ਤੇ ਆਲਿਫ ਖਾਨ ਨੇ ਇਹ ਸੋਚ ਕੇ ਕਿ ਹੁਣ ਜਿਤ ਸੰਭਵ ਨਹੀਂ ਲੜਾਈ ਵਿਚੋਂ ਹਟ ਗਿਆ। ਗੁਰੂ ਜੀ ਅਨੰਦਪੁਰ ਮੁੜ ਆਏ। ਸਯਦ ਬੇਗ ਗੁਰੂ ਜੀ ਨਾਲ ਜੋੜ ਕਰਕੇ ਉਨ੍ਹਾਂ ਨਾਲ ਹੀ ਅਨੰਦਪੁਰ ਆ ਗਿਆ ਅਤੇ ਉਨ੍ਹਾਂ ਕੋਲ ਹੀ ਭਰੋਸੇਯੋਗ ਅਤੇ ਬਲਵਾਨ ਮਿੱਤਰ ਦੇ ਤੌਰ ਤੇ ਰਿਹਾ।

ਦੋ ਵਰ੍ਹੇ ਸ਼ਾਂਤੀ ਪਿਛੋਂ ਵੈਰ-ਵਿਰੋਧ ਮੁੜ ਉਠ ਪਿਆ। ਇਸ ਦਾ ਕਾਰਨ ਸੀ ਗੁਰੂ ਜੀ ਦਾ ਵਧ ਰਿਹਾ ਪ੍ਰਤਾਪ ਅਤੇ ਇਸ ਦੇ ਸਬੱਬ ਪਹਾੜੀ ਰਾਜਿਆਂ ਅਤੇ ਸਿੱਖਾਂ ਵਿਚਕਾਰ ਝੜਪਾਂ।

## ਅਨੰਦਪੁਰ ਦਾ ਤੀਜਾ ਯੁਧ :

ਉਸ ਸਮੇਂ ਅਨੰਦਪੁਰ ਵਿੱਚ ਗੁਰੂ ਜੀ ਦੀ ਸੈਨਾ ਵਿੱਚ ਕੇਵਲ ੮੦੦ ਸਿੱਖ ਸਨ। ਰਾਜਾ ਅਜਮੇਰ ਚੰਦ ਨੇ ਆਪਣੇ ਸਾਥੀ, ਹੰਡੂਰ, ਚੰਬਾ ਅਤੇ ਫਤਹਿਪੁਰ ਦੇਰਾਜਿਆਂ ਨੂੰ ਸੱਦ ਭੇਜਿਆ ਗੁਰੂ ਜੀ ਨੂੰ ਸੋਧਣ ਦੇ ਮੰਤਵ ਲਈ। ਉਹਨਾਂ ਸਭਨਾਂ ਨੇ ਤੁਰਤ ਕੰਮ ਲੈਣ ਲਈ ਰਜ਼ਾਮੰਦੀ ਦੱਸੀ ਅਤੇ ਅਨੰਦਪੁਰ ਦੀਆਂ ਪਿਛਲੀਆਂ ਲੜਾਈਆਂ ਸਮੇਂ ਸਿੱਖ ਕਿਲ੍ਹੇ ਵਿੱਚ ਮੋਰਚਿਆਂ ਪਿਛੇ ਰਹੇ ਸਨ। ਪਰ ਇਸ ਵਾਰ ਉਨ੍ਹਾਂ ਦਾ ਵੈਰੀ ਨਾਲ ਟਾਕਰਾ ਅਨੰਦਪੁਰ ਤੋਂ ਬਾਹਰ ਖੁਲ੍ਹੇ ਮੈਦਾਨ ਵਿੱਚ ਹੋਇਆ। ਸਿੱਖ ਸਦਾ ਵਾਂਗ ਹੌਂਸਲੇ ਅਤੇ ਦ੍ਰਿੜ੍ਤਾ ਨਾਲ ਲੜੇ। ਪਹਾੜੀ ਰਾਜੇ ਕਿਸੇ ਤਰ੍ਹਾਂ ਵੀ ਸਫਲ ਨਾ ਹੋ ਸਕੇ ਅਤੇ ਨਿਰਾਸ ਹੋ ਕੇ ਯੁਧ ਵਿਚੋਂ ਪਰਤ ਗਏ। ਇਹ ਯੁਧ ਸੰਨ ੧੭੦੩ ਵਿੱਚ ਹੋਇਆ ਸੀ।

## ਅਨੰਦਪੁਰ ਦਾ ਚੌਥਾ ਯੁਧ :

ਪਹਾੜੀ ਰਾਜਿਆਂ ਵਲੋਂ ਵਾਰ ਵਾਰ ਦਰਖਾਸਤਾਂ ਆਉਣ ਕਾਰਨ ਬਾਹਦਸ਼ਾਹ ਨੇ ਜਰਨੈਲ ਸਯਦ ਖਾਨ ਦੀ ਕਮਾਨ ਹੇਠ ਬਹੁਤ ਵੱਡੀ ਫੌਜ ਗੁਰੂ ਜੀ ਨੂੰ ਅਧੀਨ ਕਰਨ ਲਈ ਭੇਜੀ। ਸਯਦ ਖਾਨ ਸਧੌਰੇ ਦੇ ਪੀਰ ਬੁਧੂ ਸ਼ਾਹ ਦਾ ਭਣਵੱਈਆ ਸੀ ਅਤੇ ਪੀਰ ਨੇ ਗੁਰੂ ਜੀ ਦੇ ਨਾਲ ਭੰਗਾਣੀ ਦੇ ਯੁਧ ਵਿੱਚ ਲੜਾਈ ਕੀਤੀ ਸੀ। ਅਨੰਦਪੁਰ ਜਾਂਦਿਆਂ ਰਾਹ ਵਿੱਚ ਸੱਯਦ ਖਾਨ ਪੀਰ ਬੁਧੂ ਨੂੰ ਮਿਲਿਆ। ਉਸ ਤੋਂ ਗੁਰੂ ਜੀ ਬਾਰੇ ਸਭ ਕੁਝ ਚੰਗਾ ਚੰਗਾ ਸੁਣਿਆ ਤਾਂ ਉਸ ਨੇ ਗੁਰੂ ਜੀ ਨੂੰ ਮਿਲਣਾ ਚਾਹਿਆ।

ਇਹ ਮਾਰਚ ੧੭੦੪ ਦਾ ਅਖੀਰ ਅਤੇ ਫਸਲਾਂ ਕੱਟਣ ਦਾ ਸਮਾਂ ਸੀ ਜਿਸ ਕਰਕੇ ਗੁਰੂ ਜੀ ਦੇ ਬਹੁਤੇ ਸਿੱਖ ਆਪਣੇ ਘਰਾਂ ਨੂੰ ਗਏ ਹੋਏ ਸਨ। ਸੋ ਗੁਰੂ ਜੀ ਕੋਲ ਕੇਵਲ ਪੰਜ ਸੌ ਸਿੱਖਾਂ ਦੀ ਸੈਨਾ ਰਹਿ ਗਈ ਸੀ। ਇਸੇ ਨਾਲ ਹੀ ਗੁਰੂ ਜੀ ਨੇ ਵਧ ਤੋਂ ਵਧ ਰਖਿਆ ਦਾ ਪ੍ਰਬੰਧ ਕਰਨਾ ਸੀ। ਮੈਮਨ ਖਾਨ, ਜੋ ਇੱਕ ਗੁਰੂ ਜੀ ਨਾਲ ਪ੍ਰੇਮ ਵਿੱਚ ਜੁੜਿਆ ਧਰਮੀ ਮੁਸਲਮਾਨ ਸੀ, ਨੇ ਗੁਰੂ ਜੀ ਤੋਂ ਆਗਿਆ ਮੰਗੀ ਆਪਣੀ ਬਹਾਦਰੀ ਵਿਖਾਉਣ ਲਈ। ਸੂਰਬੀਰ ਅਤੇ ਈਮਾਨਦਾਰ ਸਯਦ ਬੇਗ ਵੀ ਗੁਰੂ ਜੀ ਦੀ ਸੇਵਾ ਲਈ ਅੱਗੇ ਆਇਆ। ਦੋਵੇਂ ਮੁਸਲਮਾਨ ਸ਼ੇਰਾਂ ਵਾਂਗ ਲੜੇ ਅਤੇ ਪਿਛੇ ਪਿਛੇ ਸਿੱਖ ਸੈਨਾ।

ਸਿੱਖ ਵੈਰੀ ਵਿਰੁਧ ਸੂਰਬੀਰਤਾ ਨਾਲ ਅੱਗੇ ਵਧੇ। ਸਯਦ ਬੇਗ ਰਾਜਾ ਹਰੀ ਚੰਦ ਨਾਲ ਇਕੱਲੇ ਇਕੱਲੇ ਜੁੱਟ ਪਿਆ। ਵਾਰ ਵਾਰ ਇੱਕ ਦੂਜੇ ਦਾ ਨਿਸ਼ਾਨਾ ਚੁੱਕ ਜਾਣ ਪਿਛੋਂ ਸੱਯਦ ਬੇਗ ਨੇ ਅਖੀਰ ਇੱਕ ਅਜੇਹਾ ਵਾਰ ਕੀਤਾ ਕਿ ਹਰੀਚੰਦ ਦਾ ਸਿਰ ਕੱਟ ਦਿਤਾ। ਇਹ ਵੇਖ ਕੇ ਸ਼ਾਹੀ ਫੌਜ ਦਾ ਦੀਨ ਬੇਗ ਫੁਰਤੀ ਨਾਲ ਸਯਦ ਬੇਗ ਵਲ

ਆਇਆ ਅਤੇ ਉਸ ਨੂੰ ਗੰਭੀਰ ਤੌਰ ਤੇ ਜ਼ਖ਼ਮੀ ਕਰ ਦਿਤਾ। ਮੈਮਨ ਖਾਨ ਆਪਣੇ ਘੋੜੇ ਤੇ ਸਵਾਰ ਚਾਰ ਚੁਫੇਰੇ ਧਾਵਾ ਕਰ ਰਿਹਾ ਸੀ ਅਤੇ ਉਸ ਨੇ ਸ਼ਾਹੀ ਫੌਜਾਂ ਵਿੱਚ ਭਾਰੀ ਤਬਾਹੀ ਮਚਾ ਦਿਤੀ। ਗੁਰੂ ਜੀ ਜਰਨੈਲ ਸਯਦ ਖਾਨ ਦੇ ਦਿਲ ਦੀਆਂ ਜਾਨਣਹਾਰ ਸਨ। ਦਿਖਾਵੇ ਦੇ ਤੌਰ ਤੇ ਉਹ ਧਾਵਾ ਬੋਲਦੇ ਸਯਦ ਖਾਨ ਵੱਲ ਵਧੇ। ਗੁਰੂ ਜੀ ਦੇ ਦਰਸ਼ਨ ਕਰਨ ਦੀ ਦਿਲ ਦੀ ਲਾਲਸਾ ਪੂਰੀ ਹੋ ਜਾਣ ਤੇ ਸੱਯਦ ਖਾਨ ਆਪਣੇ ਘੋੜੇ ਤੋਂ ਉਤਰਿਆ ਅਤੇ ਗੁਰੂ ਜੀ ਦੇ ਚਰਨਾਂ 'ਤੇ ਢਹਿ ਪਿਆ। ਗੁਰੂ ਜੀ ਨੇ ਉਸ ਉਤੇ ਸੱਚੇ ਨਾਮ ਦੀ ਬਖਸ਼ਿਸ਼ ਕੀਤੀ।

ਜਦ ਸੱਯਦ ਖਾਨ ਨੇ ਸ਼ਾਹੀ ਫੌਜ ਛੱਡ ਦਿਤੀ ਸੀ ਤਾਂ ਰਮਜ਼ਾਨ ਖਾਨ ਨੇ ਫੌਜ ਦੀ ਕਮਾਨ ਸੰਭਾਲੀ। ਰਮਜ਼ਾਨ ਖਾਨ ਬੜੀ ਹੀ ਬਹਾਦਰੀ ਨਾਲ ਸਿੱਖਾਂ ਵਿਰੁਧ ਲੜਿਆ। ਗੁਰੂ ਜੀਨੇ ਇੱਕ ਤੀਰ ਨਾਲ ਰਮਜ਼ਾਨ ਖਾਨ ਦੇ ਘੋੜੇ ਨੂੰ ਮਾਰ ਦਿਤਾ। ਸਿੱਖਾਂ ਨੇ ਇਕੱਠੇ ਹੋ ਕੇ ਸੂਰਬੀਰਤਾ ਨਾਲ ਵੈਰੀ ਦਾ ਸਾਹਮਣਾ ਕੀਤਾ ਪਰ ਗਿਣਤੀ ਵਿੱਚ ਬਹੁਤ ਹੀ ਥੋੜੇ ਹੋਣ ਕਰਕੇ ਸ਼ਾਹੀ ਫੌਜਾਂ ਉਹਨਾਂ ਉਤੇ ਭਾਰੂ ਹੋ ਗਈਆਂ। ਜਦ ਗੁਰੂ ਜੀ ਨੇ ਵੇਖਿਆ ਕਿ ਜਿੱਤ ਦੀ ਸੰਭਾਵਨਾ ਨਹੀਂ, ਉਨ੍ਹਾ ਨੇ ਅਨੰਦਪੁਰ ਛੱਡ ਜਾਣ ਦਾ ਫੈਸਲਾ ਕਰ ਲਿਆ। ਉਨ੍ਹਾਂ ਪਿਛੋਂ ਮੁਸਲਮਾਨ ਫੌਜ ਨੇ ਸ਼ਹਿਰ ਲੁਟ ਲਿਆ। ਲੁਟ ਦਾ ਮਾਲ ਲੈ ਕੇ ਫੌਜ ਵਾਪਸ ਸਰਹਿੰਦ ਚਲ ਪਈ। ਜਦ ਸ਼ਾਹੀ ਫੌਜ ਰਾਤ ਵੇਲੇ ਆਰਾਮ ਕਰ ਰਹੀ ਸੀ ਤਾਂ ਸਿੱਖਾਂ ਨੇ ਅਚਾਨਕ ਹਮਲਾ ਕਰ ਦਿਤਾ। ਵੈਰੀ ਦਲ ਵਿੱਚ ਭਾਰੀ ਹਫੜਾ ਦਫੜੀ ਮਚ ਗਈ। ਸਿੱਖਾਂ ਦਾ ਟਾਕਰਾ ਕਰਨ ਵਾਲੇ ਤੁਰਕ ਮਾਰੇ ਗਏ ਅਤੇ ਗੁਰੂਜੀ ਦੀ ਇਸ ਤਰ੍ਹਾਂ ਪਿਛਾ ਕਰ ਰਹੀ ਸੈਨਾ ਦੀ ਕਰੋਪੀ ਤੋਂ ਉਹੀ ਬਚੇ ਜੋ ਭਜ ਗਏ ਸਨ। ਸਿੱਖਾਂ ਨੇ ਸ਼ਾਹੀ ਫੌਜਾਂ ਕੋਲੋਂ ਅਨੰਦਪੁਰ ਤੋਂ ਲਿਆਂਦਾ ਲੁਟ ਦਾ ਮਾਲ ਵੀ ਖੋਹ ਲਿਆ। ਇਸ ਪਿਛੋਂ ਗੁਰੂ ਜੀ ਅਨੰਦਪੁਰ ਮੁੜ ਆਏ।

## ਅਨੰਦਪੁਰ ਦਾ ਪੰਜਵਾਂ ਯੁਧ :

ਬਾਦਸ਼ਾਹ ਨੇ ਆਪਣੀਆਂ ਫੌਜਾਂ ਤੋਂ ਉਹਨਾਂ ਦੀ ਇਸ ਤਰ੍ਹਾਂ ਬੁਜ਼ਦਿਲੀ ਦੀ ਜਵਾਬਦੇਹੀ ਮੰਗੀ। ਫੌਜਾਂ ਨੇ ਦਲੀਲ ਦਿਤੀ ਕਿ ਸਿੱਖਾਂ ਨੇ ਜੰਗ ਦੇ ਮੈਦਾਨ ਵਿੱਚ ਆਪਣੀ ਥਾਂ ਦਾ ਨਾਜਾਇਜ਼ ਫਾਇਦਾ ਉਠਾਇਆ ਸੀ। ਇੱਕ ਨੁਕਤੇ ਤੇ ਬਾਦਸ਼ਾਹ ਨੇ ਪੁਛਿਆ ਕਿ ਗੁਰੂ ਕਿਸ ਤਰ੍ਹਾਂ ਦਾ ਇਨਸਾਨ ਹੈ ਅਤੇ ਉਸ ਕੋਲ ਕਿਤਨੀ ਫੌਜ ਸੀ ? ਇੱਕ ਮੁਸਲਮਾਨ ਫੌਜੀ ਨੇ ਗੁਰੂ ਜੀ ਦੀ ਖੂਬਸੂਰਤੀ, ਪਾਵਨਤਾ ਅਤੇ ਬਹਾਦਰੀ ਦੀ ਬਹੁਤ ਹੀ ਰੰਗੀਨ ਤਸਵੀਰ ਪੇਸ਼ ਕੀਤੀ। ਉਸ ਨੇ ਦਸਿਆ ਕਿ ਗੁਰੂ ਇੱਕ ਜਵਾਨ ਖੂਬਸੂਰਤ ਆਦਮੀ, ਇੱਕ ਜ਼ਿੰਦਾ ਦਰਵੇਸ਼, ਆਪਣੇ ਲੋਕਾਂ ਦਾ ਬਾਪ ਅਤੇ ਜੰਗ ਵਿੱਚ ਇੱਕ ਲੱਖ ਪੰਝੀ ਹਜ਼ਾਰ (ਸਵਾ ਲੱਖ) ਆਦਮੀਆਂ ਦੇ ਬਰਾਬਰ ਬਹਾਦਰ ਹੈ। ਬਾਦਸ਼ਾਹ ਇਸ ਤਰ੍ਹਾਂ ਤਫਸੀਲ ਨਾਲ ਦਿਤੀ ਗੁਰੂ ਜੀ ਦੀ ਸਿਫਤ ਸੁਣ ਕੇ ਬਹੁਤ ਹੀ ਨਾਖੁਸ਼ ਹੋਇਆ ਅਤੇ ਉਸ ਨੇ ਹੁਕਮ ਦਿਤਾ ਕਿ ਗੁਰੂ ਜੀ ਨੂੰ ਉਸ ਕੋਲ ਪੇਸ਼ ਕੀਤਾ ਜਾਏ। ਇਤਨੇ ਵਿੱਚ ਰਾਜਾ ਅਜਮੇਰ ਚੰਦ ਨੇ ਬਾਦਸ਼ਾਹ ਕੋਲ ਇੱਕ ਸਖ਼ਤ ਦਰਖਾਸਤ ਦਿਤੀ ਕਿ ਗੁਰੂ ਜੀ ਨੂੰ ਅਧੀਨ ਕਰਨ ਲਈ ਸਹਾਇਤਾ ਕੀਤੀ ਜਾਏ।

ਕੁਝ ਸ਼ਰਧਾਲੂ ਸਿੱਖਾਂ ਨੇ ਰਾਜਾ ਅਜਮੇਰ ਚੰਦ ਵਲੋਂ ਬਾਦਸ਼ਾਹ ਨੂੰ ਦਿਤੀ ਦਰਖ਼ਾਸਤ ਦੇ ਫਲਸਰੂਪ ਹੋ ਰਹੀਆਂ ਜੰਗੀ ਤਿਆਰੀਆਂ ਦੀ ਖਬਰ ਗੁਰੂ ਜੀ ਨੂੰ ਦਿਤੀ। ਗੁਰੂ ਜੀ ਨੇ ਉਸੇ ਅਨੁਸਾਰ ਪ੍ਰਬੰਧ ਕੀਤੇ ਅਤੇ ਆਪਣੇ ਸਿਖਾ ਨੂੰ ਸੱਦ ਭੇਜਿਆ। ਮਾਝਾ, ਮਾਲਵਾ ਅਤੇ ਦੁਆਬਾ ਦੇ ਇਲਾਕਿਆਂ ਅਤੇ ਹੋਰ ਥਾਵਾਂ ਤੋਂ ਸਿੱਖ ਧਾ ਕੇ ਅਨੰਦਪੁਰ ਆਏ। ਉਹ ਜੰਗ ਦੀ ਸੰਭਾਵਨਾ ਵੇਖ ਖੁਸ਼ ਹੋਏ ਅਤੇ ਆਪਣੇ ਗੁਰੂ ਜੀ ਅਤੇ ਧਰਮ ਵਾਸਤੇ ਮਰਨ ਲਈ ਦਿਤੇ ਮੌਕੇ ਲਈ ਆਪਣੀ ਖੁਸ਼ਕਿਸਮਤੀ ਦੀਆਂ ਆਪਣੇ ਆਪ ਨੂੰ ਵਧਾਈਆਂ ਦੇਣ ਲੱਗੇ। ਗੁਰੂ ਜੀ ਨੇ ਦ੍ਰਿੜ੍ਹਾਇਆ ਕਿ ਆਪਣੇ ਧਰਮ ਦੇ ਨਾਮ ਤੇ ਰਣ-ਖੇਤਰ ਵਿੱਚ ਮਰਨਾ ਬਹੁਤ ਸਾਰੇ ਵਰ੍ਹਿਆਂ ਦੀ ਭਗਤੀ ਤੇ ਫਲ ਦੇ ਬਰਾਬਰ ਹੈ ਅਤੇ ਅਗਲੇ ਜਗਤ ਵਿੱਚ ਮਾਣ ਅਤੇ ਤੇਜ ਪਰਤਾਪ ਦਿਵਾਉਂਦਾ ਹੈ।

ਇਸ ਸਾਰੇ ਪ੍ਰਸੰਗ ਵਿੱਚ ਧਿਆਨਯੋਗ ਨੁਕਤਾ ਇਹ ਹੈ ਕਿ ਗੁਰੂ ਜੀ ਨੇ ਜੰਗਾਂ ਵਿੱਚ ਜਿੱਤਾਂ ਪਿਛੋਂ ਜਿੱਤਾਂ ਪ੍ਰਾਪਤ ਕਰਦਿਆਂ ਕਦੇ ਇੱਕ ਇੰਚ ਇਲਾਕੇ ਉਤੇ ਵੀ ਕਬਜ਼ਾ ਨਹੀਂ ਕੀਤਾ, ਨਾ ਕਦੇ ਕਿਸੇ ਨਾਲ ਦੁਸ਼ਮਨੀ ਪਾਲੀ ਅਤੇ ਨਾ ਹੀ ਕਦੇ ਕਿਸੇ ਉਤੇ ਪਹਿਲਾਂ ਹਮਲਾ ਕੀਤਾ। ਖਾਲਸਾ ਸਾਜ ਕੇ ਉਨ੍ਹਾਂ ਮਨੁੱਖ ਜਾਤੀ ਦੀ ਬਰਾਬਰਤਾ ਅਤੇ ਭਰਾਰਤੀ ਭਾਵ ਸਥਾਪਤ ਕੀਤਾ। ਸਮਾਜ ਦੇ ਲਤਾੜੇ ਹੋਏ ਵਰਗ, ਜਿਹਨਾਂ ਨੂੰ ਉੱਚੀ ਜਾਤੀ ਦੇ ਕਹਾਉਂਦੇ ਬ੍ਰਾਹਮਣ ਅਤੇ ਖਤਰੀ ਸਦਾ ਟਿਚਕਰਾਂ ਕਰਦੇ ਸਨ, ਹੁਣ ਗੁਰੂ ਜੀ ਤੋਂ ਅੰਮ੍ਰਿਤ ਛਕ ਕੇ ਅਤੇ ਖਾਲਸਾ ਪੰਥ ਵਿੱਚ ਪ੍ਰਵੇਸ਼ ਕਰਕੇ ਨਿਧੜਕ ਸੰਤ-ਸਿਪਾਹੀ ਬਣ ਗਏ ਸਨ। ਬ੍ਰਾਹਮਣ ਅਤੇ ਪਹਾੜੀ ਰਾਜੇ ਇਸ ਸਭ ਕੁਝ ਨੂੰ ਆਪਣੀ ਹੋਂਦ ਲਈ ਖਤਰਾ ਸਮਝਦੇ ਸਨ। ਇਸ ਕਾਰਨ ਉਹ ਗੁਰੂ ਜੀ ਅਤੇ ਉਨ੍ਹਾਂ ਦੇ ਸਿੱਖਾਂ ਵਿਰੁਧ ਲਗਾਤਾਰ ਜੰਗ ਕਰਦੇ ਰਹਿੰਦੇ ਸਨ।

ਜਿਹਨਾਂ ਪਹਾੜੀ ਰਾਜਿਆਂ ਨੇ ਗੁਰੂ ਜੀ ਦੇ ਵਿਰੁੱਧ ਆਪਣਾ ਜੁੱਟ ਬਣਾਇਆ ਸੀ ਉਹ ਸਨ ਕਹਿਲੂਰ ਦਾ ਰਾਜਾ ਅਮੀਰ ਚੰਦ, ਅਤੇ ਕਾਂਗੜਾ, ਕੁੱਲੂ, ਕੈਂਥਲ, ਮੰਡੀ, ਜੰਮੂ, ਨੂਰਪੁਰ, ਚੰਬਾ, ਗੁਲੇਰ, ਗੜ੍ਹਵਾਲ, ਬੀਝੜਵਾਲ, ਡਰੌਲੀ ਅਤੇ ਡਢਵਾਲ ਦੇ ਰਾਜੇ। ਉਹਨਾਂ ਨਾਲ ਇਲਾਕੇ ਦੇ ਗੁੱਜਰ ਅਤੇ ਰੰਘੜ ਵੀ ਰਲ ਗਏ ਅਤੇ ਇਹਨਾਂ

ਸਾਰਿਆਂ ਨੇ ਇੱਕ ਬਹਤੁ ਵੱਡੀ ਤਕੜੀ ਫੌਜ ਬਣਾ ਲਈ। ਸਰਹਿੰਦ, ਲਾਹੌਰ ਅਤੇ ਕਸ਼ਮੀਰ ਦੇ ਸੂਬੇਦਾਰਾਂ ਦੀ ਸ਼ਾਹੀ ਫੌਜ ਵੀ ਵੱਡੀ ਗਿਣਤੀ ਵਿੱਚ ਆ ਗਈ। ਇਤਿਹਾਸਕਾਰ ਨਿਆਂਯੁਕਤ ਤੌਰ ਤੇ ਵਿਚਾਰ ਦਿੰਦਾ ਹੈ ਕਿ ਖਾਲਸੇ ਨੂੰ ਜ਼ਰੂਰ ਵਧਾਈ ਦੇਣੀ ਬਣਦੀ ਹੈ ਕਿ ਉਹ ਭਾਵੇਂ ਗਿਣਤੀ ਵਿੱਚ ਥੋੜੇ ਸਨ ਪਰ ਆਪਣੇ ਗੁਰੂ ਜੀ ਦੀਆਂ ਬਖਸ਼ਿਸ਼ਾਂ ਮਿਲੀਆਂ ਹੋਣ ਕਰਕੇ ਆਪਣੇ ਧਰਮ ਵਾਸਤੇ ਜੂਝਣ ਲਈ ਪੂਰਾ ਸ੍ਵੈ-ਵਿਸ਼ਵਾਸ ਰਖਦੇ ਸਨ ਅਤੇ ਆਉਣ ਵਾਲੇ ਯੁਧ ਨੂੰ ਉਡੀਕਦੇ ਖੁਸ਼ ਹੁੰਦੇ ਸਨ। ਇਤਿਹਾਸ ਵਿੱਚ ਜ਼ਿਕਰ ਹੈ ਕਿ ਅਨੰਦਪੁਰ ਦਸ ਹਜ਼ਾਰ ਸਿੱਖ (ਸੈਨਕ) ਸਨ ਜਦ ਕਿ ਵਿਰੋਧੀ ਫੌਜ ਗਿਣਤੀ ਵਿੱਚ ਸਿੱਖਾਂ ਨਾਲੋਂ ਪੰਦਰਾਂ ਤੋਂ ਵੀਹ ਗੁਣਾ ਵਧ ਸੀ।

ਸ਼ਾਹੀ, ਆਦਿ, ਰਜਵੀਆਂ ਫੌਜਾਂ ਨੇ ਅਨੰਦਪੁਰ ਉਤੇ ਟਿੱਡੀ ਦਲ ਵਾਂਗ ਹਮਲਾ ਕਰ ਦਿਤਾ। ਇਹ ਵੇਖ ਕੇ ਗੁਰੂ ਜੀ ਨੇ ਆਪਣੇ ਤੋਪਚੀਆਂ ਨੂੰ ਹੁਕਮ ਦਿਤਾ ਕਿ ਵੈਰੀ ਫੌਜਾ ਦੇ ਸਭ ਤੋਂ ਵਧ ਸੰਘਣੇ ਹਿੱਸਿਆਂ ਉਤੇ ਤੋਪਾਂ ਦਾਗੋ। ਵੈਰੀਆਂ ਨੇ ਤੋਪਖਾਨਾ ਆਪਣੇ ਕਬਜ਼ੇ ਵਿੱਚ ਲੈਣ ਲਈ ਹੱਲਾ ਬੋਲਿਆ ਪਰ ਜਿਸ ਘਾਤਕ ਅਚੁਕ ਨਿਸ਼ਾਨੇ ਨਾਲ ਸਿੱਖਾਂ ਨੇ ਤੋਪਾਂ ਚਲਾਈਆਂ, ਵੈਰੀ ਫੌਜ ਨੂੰ ਛੇਤੀ ਹੀ ਰੋਕ ਦਿਤਾ। ਤੋਪਚੀਆਂ ਦੀ ਸਹਾਇਤਾ ਸਿਖਾ ਦੀ ਆਪਣੀ ਪੈਦਲ ਸੈਨਾ ਵੀ ਕਰ ਰਹੀ ਸੀ। ਅਨੰਦਪੁਰ ਸ਼ਹਿਰ ਉਚੇਰੇ ਤਲ 'ਤੇ ਸੀ ਅਤੇ ਵਿਰੋਧੀ ਫੌਜਾਂ ਖੁੱਲ੍ਹੇ ਮੈਦਾਨ ਵਿੱਚ, ਬਿਨਾਂ ਕਿਸੇ ਓਹਲੇ ਜਾਂ ਸੁਰੱਖਿਆ ਦੇ, ਜਿਸ ਦੇ ਫਲਸਰੂਪ ਉਹ ਢੇਰਾਂ ਦੇ ਢੇਰ ਮਾਰੇ ਗਏ। ਸਖਤ ਜੰਗ ਥੋੜੇ ਕੁ ਦਿਨ ਹੁੰਦਾ ਰਿਹਾ।

ਮੁਸਲਮਾਨ ਤੋਪਚੀਆਂ ਨੂੰ ਵੱਡੀ ਰਕਮ ਇਨਾਮ ਦੇਣ ਦਾ ਇਕਰਾਰ ਸੀ ਜੇ ਉਹ ਗੁਰੂ ਜੀ ਨੂੰ ਮਾਰ ਦੇਣ, ਪਰ ਉਹ ਸਫਲ ਨ ਹੋਏ, ਕਿਉਂਕਿ ਉਹਨਾਂ ਦੀਆਂ ਤੋਪਾਂ ਦੇ ਗੋਲੇ ਜਾਂ ਉਚੇ ਚਲੇ ਜਾਂਦੇ ਸਨ ਜਾਂ ਬਹੁਤ ਨੀਵੇਂ, ਜੋ ਨਿਸ਼ਾਨੇ ਤੋਂ ਉਕ ਜਾਂਦੇ। ਵੈਰੀ ਫੌਜਾਂ ਨੇ ਆਪਣੀਆਂ ਤੋਪਾਂ ਬੇਕਾਰ ਦੇਖ ਕੇ ਹੱਥੋਂ ਹੱਥ ਲੜਾਈ ਦੀ ਕੋਸ਼ਿਸ਼ ਕੀਤੀ। ਇਹ ਵੇਖਕੇ ਗੁਰੂ ਜੀ ਨੇ ਆਪਣੇ ਤੀਰਾਂ ਦੀ ਬੁਛਾੜ ਸ਼ੁਰੂ ਕਰ ਦਿਤੀ ਜਿਸ ਨੇ ਕਮਾਲ ਦਾ ਅਸਰ ਕੀਤਾ। ਭਿਆਨਕ ਕਤਲਾਮ ਜਾਰੀ ਰਹੀ, ਘੋੜਿਆਂ ਉਤੇ ਘੋੜੇ ਡਿਗੇ ਅਤੇ ਫੌਜੀਆਂ ਉਤੇ ਫੌਜੀ। ਵਿਰੋਧੀ ਫੌਜਾ ਨੇ ਇਕੱਠੇ ਹੋ ਕੇ ਜਿੱਤਣ ਲਈ ਇਕ ਤਕੜਾ ਜ਼ੋਰ ਲਾਇਆ, ਪਰ ਐਨੇ ਜ਼ੋਰ ਅਤੇ ਸਫਲਤਾ ਨਾਲ ਪਿਛਾਂਹ ਧੱਕੇ ਗਏ ਕਿ ਉਹ ਲੜਾਈ ਦੇ ਹਰੇਕ ਦਿਨ ਦੇ ਅੰਤ ਵਿੱਚ ਲੜਨਾ ਬੰਦ ਕਰ ਦੇਣ ਲਈ ਮਜਬੂਰ ਹੋ ਜਾਂਦੇ।

ਸਿੱਖਾਂ ਦੀ ਸਫਲਤਾ ਬਾਰੇ ਮੁਸਲਮਾਨਾਂ ਅਤੇ ਪਹਾੜੀ ਰਾਜਿਆਂ ਦੇ ਵਿਚਾਰ ਵੱਖ ਵੱਖ ਸਨ। ਕੁਝ ਤਾਂ ਸੋਚਦੇ ਸਨ ਕਿ ਗੁਰੂ ਜੀ ਕੋਲ ਉਚ ਦਰਜੇ ਦੀ ਕਰਾਮਾਤੀ ਤਾਕਤ ਹੈ ਅਤੇ ਉਹਨਾਂ ਵਲੋਂ ਦੈਵੀ ਸ਼ਕਤੀਆਂ ਲੜਾਈ ਕਰਦੀਆਂ ਹਨ। ਦੂਜਿਆਂ ਦਾ ਵਿਚਾਰ ਸੀ ਕਿ ਗੁਰੂ ਜੀ ਦੀ ਕਾਮਯਾਬੀ ਇਸ ਕਰਕੇ ਹੈ ਕਿ ਸਿੱਖ ਕਿਲ੍ਹੇ ਦੀ ਚਾਰਦੀਵਾਰੀ ਪਿਛੇ ਸੁਰੱਖਿਅਤ ਹਨ। ਜਦ ਇਹ ਬਹਿਸ ਚਲ ਰਹੀ ਸੀ ਤਾਂ ਮੁਸਲਮਾਨ ਸੂਬੇਦਾਰਾਂ ਨੇ ਫੈਸਲਾ ਕੀਤਾ ਕਿ ਜਿਸ ਕਿਲ੍ਹੇ ਵਿੱਚ ਗੁਰੂ ਜੀ ਸਥਿਤ ਹਨ ਉਸ ਉਤੇ ਸਿਧੀ ਚੜ੍ਹਾਈ ਕੀਤੀ ਜਾਏ। ਇਹ ਵੇਖ ਕੇ ਸਿੱਖਾ ਨੇ ਆਪਣੀਆਂ ਦੋ ਤੋਪਾਂ ਬਾਘਣ (ਸ਼ੇਰਨੀ) ਅਤੇ ਬਿਜੈ-ਘੋੜ (ਫਤਹਿ ਘੋਸ਼ਣਾ) ਬੀੜ ਦਿਤੀਆਂ। ਦੋਹਾਂ ਦੀ ਸ਼ਿਸਤ ਵੈਰੀ ਫੌਜਾਂ ਵਲ ਬੰਨ੍ਹ ਕੇ ਗੋਲਾਬਾਰੀ ਹੋਣ ਲੱਗੀ। ਵੈਰੀਆਂ ਦੇ ਤੰਬੂ ਉਡਾ ਦਿਤੇ ਅਤੇ ਭਾਰੀ ਤਬਾਹੀ ਮਚਾ ਦਿਤੀ। ਇਹ ਵੇਖ ਕੇ ਮੁਸਲਮਾਨ ਸੂਬੇਦਾਰ ਪਿਛਾਂਹ ਭੱਜ ਉਠੇ ਅਤੇ ਪਹਾੜੀ ਫੌਜਾਂ ਵੀ। ਉਸ ਸੰਧਿਆ ਸਮੇਂ ਗੁਰੂ ਜੀ ਨੇ ਅਕਾਲ ਪੁਰਖ ਜੋਗ ਕ੍ਰਿਤਗਤਾ ਦੀ ਅਰਦਾਸ ਕੀਤੀ ਅਤੇ ਜਿਤ ਦਾ ਨਗਾਰਾ ਵਜਾਇਆ।

ਸਿਧੇ ਹਮਲੇ ਵਿੱਚ ਅਸਫਲ ਰਹਿਣ ਤੇ ਵਿਰੋਧੀ ਫੌਜਾਂ ਨੇ ਅਨੰਦਪੁਰ ਸ਼ਹਿਰ ਦਾ ਘੇਰਾ ਪਾਉਣ ਦੀ ਵਿਉਂਤ ਬਣਾਈ ਇਸ ਢੰਗ ਨਾਲ ਸ਼ਹਿਰ ਵਿੱਚ ਸਾਮਾਨ ਜਾਂ ਲੋਕਾਂ ਦਾ ਆਉਣਾ ਜਾਂ ਸ਼ਹਿਰ ਵਿਚੋਂ ਨਿਕਲਣ ਦੇ ਸਾਰੇ ਰਾਹ ਪੂਰੀ ਤਰ੍ਹਾਂ ਨਾਲ ਬੰਦ ਕੀਤੇ ਜਾਣ। ਉਹਨਾਂ ਨੇ ਸ਼ਹਿਰ ਦੀ ਮੁਕੰਮਲ ਨਾਕਾਬੰਦੀ ਕਰ ਦਿਤੀ ਜਿਸ ਕਰਕੇ ਬਾਹਰੋਂ ਚੀਜ਼ ਵਸਤ ਆਉਣੀ ਬੰਦ ਹੋ ਗਈ। ਖਾਸ ਪਦਾਰਥਾਂ ਦੀ ਸਥਿਤੀ ਤਾਂ ਅਤੀ ਗੰਭੀਰ ਹੋ ਗਈ ਅਤੇ ਸਿੱਖ ਮਜਬੂਰ ਹੋ ਕੇ ਖਤਰਨਾਕ ਮੁਹਿਮਾਂ ਕਰਨ ਲਗੇ। ਉਹ ਰਾਤ ਸਮੇਂ ਘੇਰਾ ਪਾਉਣ ਵਾਲਿਆਂ ਦਾ ਰਸਦ-ਪਾਣੀ ਖੋਹ ਲਿਆਉਣ ਲਈ ਕਿਲ੍ਹੇ ਤੋਂ ਬਾਹਰ ਜਾਂਦੇ। ਕੁਝ ਪਿਛੋਂ ਵਿਰੋਧੀ ਫੌਜਾਂ ਆਪਣੇ ਭੰਡਾਰ ਇੱਕ ਥਾਂ ਇਕੱਠੇ ਕਰਕੇ ਰਾਤ ਦਿਨ ਪਹਿਰਾ ਦੇਣ ਲੱਗੀਆਂ।

ਜਦ ਵੈਰੀ ਨੂੰ ਸਿੱਖਾਂ ਦੀ ਦੁਖ ਭਰੀ ਸਥਿਤੀ ਦਾ ਪਤਾ ਲਗਾ ਤਾਂ ਉਹਨਾਂ ਨੇ ਗੁਰੂ ਜੀ ਨੂੰ ਅਨੰਦਪੁਰ ਛਡ ਜਾਣ ਲਈ ਮਨਾਉਣ ਵਾਸਤੇ ਹਿਕ ਹੋਰ ਤਰ੍ਹਾਂ ਦੀ ਚਾਲ ਵਿਉਂਤੀ। ਰਾਜਾ ਅਜਮੇਰ ਚੰਦ ਨੇ ਗੁਰੂ ਜੀ ਕੋਲ ਆਪਣਾ ਏਲਚੀ ਭੇਜਿਆ ਇਹ ਸੰਦੇਸ਼ ਦੇ ਕੇ ਕਿ ਜੇ ਗੁਰੂ ਜੀ ਅਨੰਦਪੁਰ ਛਡ ਜਾਣ ਤਾਂ ਵਿਰੋਧੀ ਫੌਜਾਂ ਹਟਾ ਲਈਆਂ ਜਾਣਗੀਆਂ। ਅਤੇ ਪਿਛੋਂ ਗੁਰੂ ਜੀ ਜਦ ਚਾਹੁੱਣ ਵਾਪਸ ਅਨੰਦਪੁਰ ਆ ਜਾਣ। ਗੁਰੂ ਜੀ ਨੇ ਇਸ ਤਜਵੀਜ਼ ਵਲ ਧਿਆਨ ਨਾ ਦਿਤਾ। ਇਹ ਪੇਸ਼ਕਸ਼ ਕਈ ਵਾਰ ਕੀਤੀ ਗਈ ਸੀ ਪਰ ਗੁਰੂ ਜੀ ਨੇ ਇਸ ਨੂੰ ਨਹੀਂ ਮੰਨਿਆ ਸੀ। ਅਤਿ ਦੀ ਤੰਗੀ ਸਹਿ ਚੁਕੇ ਹੋਦ ਕਾਰਨ ਸਿੱਖਾਂ ਨੇ ਗੁਰੂ ਜੀ ਨੂੰ ਕਿਲ੍ਹਾ ਖਾਲੀ ਕਰ ਜਾਣ ਲਈ ਬੇਨਤੀ ਕੀਤੀ, ਪਰ ਗੁਰੂ ਜੀ ਨੇ ਉਹਨਾਂ ਨੂੰ ਕੁਝ ਸਮਾਂ ਹੋਰ ਧੀਰਜ ਕਰਨ ਲਈ ਸਲਾਹ ਦਿਤੀ। ਜਿਹੜੇ ਸਿੱਖਾਂ ਨੇ ਵੈਰੀ ਦੀ ਤਜਵੀਜ਼ ਸੁਣੀ ਉਹੀ ਗੁਰੂ ਜੀ ਦੀ ਮਾਤਾ ਜੀ ਕੋਲ ਗਏ ਕਿ ਉਹ ਗੁਰੂ ਜੀ ਉਤੇ ਆਪਣਾ ਪ੍ਰਭਾਵ ਵਰਤਣ। ਮਾਤਾ ਜੀ ਨੇ ਵੀ ਗੁਰੂ ਜੀ ਕੋਲ ਸਿੱਖਾਂ ਦੀ ਬੇਨਤੀ ਦਾ ਸਮਰਥਨ ਕੀਤਾ ਪਰ ਅਸਫਲ। ਗੁਰੂ ਜੀ ਨੇ

ਮਾਤਾ ਜੀ ਨੂੰ ਦੱਸਿਆ ਕਿ ਵੈਰੀ ਦੀ ਤਜਵੀਜ਼ ਧੋਖੇਬਾਜ਼ੀ ਹੈ ਕਿਉਂਕਿ ਉਹਨਾਂ ਦੀ ਵਿਉਂਤ ਸਿੱਖਾਂ ਨੂੰ ਸ਼ਹਿਰ ਦੀ ਸੁਰੱਖਿਆ ਵਿਚੋਂ ਬਾਹਰ ਕੱਢ ਕੇ ਇਨ੍ਹਾਂ ਉਤੇ ਹਮਲਾ ਕਰਨ ਦੀ ਹੈ। ਕੁਝ ਮਸੰਦ ਅਤੇ ਸਿੱਖ ਜਿਹਨਾਂ ਉਤੇ ਪਹਾੜੀ ਰਾਜਿਆਂ ਨੇ ਪ੍ਰਭਾਵ ਪਾ ਲਿਆ ਸੀ ਉਹ ਵੀ ਵੈਰੀ ਦੀ ਤਜਵੀਜ਼ ਮੰਨ ਕੇ ਸ਼ਹਿਰ ਛੱਡ ਜਾਣ ਲਈ ਜ਼ੋਰ ਦੇਣ ਲੱਗੇ। ਕੁਝ ਸਿੱਖ ਅਧੀਰਜ ਹੋ ਗਏ ਅਤੇ ਹੌਸਲਾ ਛੱਡ ਬੈਠੇ। ਗੁਰੂ ਜੀ ਨੇ ਉਹਨਾਂ ਨੂੰ ਆਪਣੀ ਨਿਸ਼ਠਾ ਪ੍ਰਗਟ ਕਰਨ ਲਈ ਕਿਹਾ। ਉਹਨਾਂ ਵਿਚੋਂ ਚਾਲ੍ਹੀ ਸਿੱਖਾਂ ਨੇ ਬੇਦਾਵਾ ਲਿਖ ਕੇ ਦੇ ਦਿਤਾ ਕਿ ਉਹ ਉਹਨਾਂ ਦੇ ਗੁਰੂ ਨਹੀਂ ਅਤੇ ਨਾ ਹੀ ਉਹ ਗੁਰੂ ਜੀ ਦੇ ਸਿੱਖ ਹਨ। ਬੇਦਾਵੇ ਉਤੇ ਦਸਖਤ ਕਰ ਦੇਣ ਪਿਛੋਂ ਗੁਰੂ ਜੀ ਨੇ ਉਹਨਾਂ ਨੂੰ ਚਲੇ ਜਾਣ ਦੀ ਆਗਿਆ ਦੇ ਦਿਤੀ। ਫਿਰ ਗੁਰੂ ਜੀ ਨੇ ਵੈਰੀ ਦੀ ਧੋਖੇਬਾਜ਼ੀ ਨੂੰ ਨੰਗਿਆਂ ਕਰਨ ਦੀ ਇੱਕ ਵਿਉਂਤ ਬਣਾਈ।

ਗੁਰੂ ਜੀ ਨੇ ਰਾਜਾ ਅਜਮੇਰ ਚੰਦ ਦੇ ਏਲਚੀ ਨੂੰ ਸੱਦ ਭੇਜਿਆ ਅਤੇ ਉਸ ਨੂੰ ਦੱਸਿਆ ਕਿ ਗੁਰੂ ਜੀ ਅਨੰਦਪੁਰ ਛੱਡ ਜਾਣਗੇ ਜੇ ਵਿਰੋਧੀ ਫੌਜਾਂ ਪਹਿਲਾਂ ਗੁਰੂ ਜੀ ਨੂੰ ਆਪਣਾ ਖ਼ਜ਼ਾਨਾ ਅਤੇ ਜਾਇਦਾਦ ਸਾਮਾਨ ਭੇਜਣ ਦੇਣ। ਹਿੰਦੂਆਂ ਨੇ ਸਾਲਗਰਾਮ ਅਤੇ ਮੁਸਲਮਾਨਾਂ ਨੇ ਕੁਰਾਨ ਦੀ ਸਹੁੰ ਚੁਕ ਕੇ ਕਿਹਾ ਕਿ ਉਹ ਗੁਰੂ ਜੀ ਦਾ ਸਾਮਾਨ, ਆਦਿ, ਲਿਜਾਣ ਵਾਲਿਆਂ ਸੇਵਕਾਂ ਨੂੰ ਧੋਖਾ ਨਹੀਂ ਦੇਣਗੇ ਅਤੇ ਨ ਹੀ ਉਹਨਾਂ ਨੂੰ ਤੰਗ ਕਰਨਗੇ। ਗੁਰੂ ਜੀ ਨੇ ਉਸੇ ਵੇਲੇ ਬੇਕਾਰ ਸਾਮਾਨ ਦੇ ਗੱਡੇ ਲਦਵਾ ਕੇ ਤਿਆਰ ਕਰਵਾਏ। ਬਲਦਾਂ ਦੇ ਸਿੰਗਾਂ ਨਾਲ ਮਸ਼ਾਲਾਂ ਲਾ ਦਿਤੀਆਂ ਅਤੇ ਅੱਧੀ ਰਾਤ ਵੇਲੇ ਇੰਝ ਭਰੇ ਗੱਡਿਆਂ ਦਾ ਕਾਫਲਾ ਤੁਰ ਪਿਆ। ਨਾਲ ਕੁਝ ਸਿੱਖ ਸਨ। ਜਦ ਕਾਫਲਾ ਵੈਰੀ ਦਲਾਂ ਦੇ ਕੈਂਪਾਂ ਕੋਲ ਪੁੱਜਾ ਤਾਂ ਉਹ ਸੈਨਕ ਸਾਰੀਆਂ ਸੌਹਾਂ ਭੁਲ ਕੇ ਸਿੱਖਾਂ ਦੀ ਛੋਟੀ ਜਿਹੀ ਟੋਲੀ ਉਤੇ ਟੁੱਟ ਪਏ, ਖ਼ਜ਼ਾਨਾ ਲੁੱਟਣ ਵਾਸਤੇ। ਜਦ ਉਹਨਾਂ ਵੇਖਿਆ ਕਿ ਖ਼ਜ਼ਾਨਾ ਤਾਂ ਕੂੜਾ-ਕਰਕਟ ਹੀ ਸੀ ਤਾਂ ਬੜੇ ਹੀ ਨਿਰਾਸ਼ ਹੋਏ। ਇਸਤਰ੍ਹਾਂ ਗੁਰੂ ਜੀ ਨੇ ਵੈਰੀ ਦੀ ਧੋਖੇਬਾਜ਼ੀ ਨੂੰ ਨੰਗਿਆਂ ਕੀਤਾ ਅਤੇ ਸਿੱਖਾਂ ਨੂੰ ਦਸਿਆ ਕਿ ਜਿੰਨਾਂ ਵੀ ਕਸ਼ਟ ਉਹਨਾਂ ਨੇ ਸਹਾਰਿਆ ਹੈ ਇਹ ਸਭ ਅਕਾਲ ਪੁਰਖ ਦਾ ਭਾਣਾ ਹੈ। ਗੁਰੂ ਜੀ ਨੇ ਗੁਰੂ ਨਾਨਕ ਜੀ ਦਾ ਸ਼ਬਦ "ਦੁਖ ਦਾਰੂ ਸੁਖ ਰੋਗ ਭਇਆ ਜਾ ਸੁਖ ਤਾਮ ਨ ਹੋਈ" ਵੀ ਸੁਣਾਇਆ।

ਅਖੀਰ ਗੁਰੂ ਜੀ ਵੱਲ ਬਾਦਸ਼ਾਹ ਦੇ ਆਪਣੇ ਦਸਖਤ ਕੀਤੇ ਹੋਏ ਪੱਤਰ ਆਇਆ ਜਿਸ ਵਿੱਚ ਉਸ ਨੇ ਲਿਖਿਆ, "ਮੈਂ ਕੁਰਾਨ ਦੀ ਕਸਮ ਖਾਧੀ ਹੈ ਕਿ ਆਪ ਨੂੰ ਕੋਈ ਤਕਲੀਫ ਨਹੀਂ ਦੇਵਾਂਗਾ। ਜੇ ਦਿਆਂਗਾ ਤਾਂ ਮੈਨੂੰ ਅਗਲੇ ਜਹਾਨ ਅੱਲਾਹ ਦੇ ਦਰਬਾਰ ਵਿੱਚ ਥਾਂ ਨ ਮਿਲੇ। ਜੰਗ ਬੰਦ ਕਰਕੇ ਆਪ ਮੇਰੇ ਪਾਸ ਆ ਜਾਉ। ਜੇ ਇਧਰ ਨਹੀਂ ਆਉਣਾ ਚਾਹੁੰਦੇ ਤਾਂ ਜਿਥੇ ਆਪ ਦੀ ਖੁਸ਼ੀ ਹੋਵੇ ਜਾ ਸਕਦੇ ਹੋ।" ਬਾਦਸ਼ਾਹ ਦੇ ਹਰਕਾਰੇ ਨੇ ਵੀ ਕਿਹਾ ਕਿ ਬਾਦਸ਼ਾਹ ਨੇ ਇਕਰਾਰ ਕੀਤਾ ਹੈ ਕਿ ਗੁਰੂ ਸਾਹਿਬ ਨੂੰ ਕੋਈ ਨੁਕਸਾਨ ਨਹੀਂ ਪੁਚਾਏਗਾ। ਪਹਾੜੀ ਰਾਜਿਆਂ ਨੇ ਵੀ ਆਪਣੇ ਦੇਵਤਿਆਂ ਨੂੰ ਸਾਖੀ ਬਣਾ ਕੇ ਗਊ ਦੀਆਂ ਸੁਗੰਧਾਂ ਖਾਧੀਆਂ ਕਿ ਉਹ ਗੁਰੂ ਜੀ ਨੂੰ ਸਹੀ ਸਲਾਮਤ ਚਲੇ ਜਾਣ ਦੇਣਗੇ। ਗੁਰੂ ਜੀ ਨੇ ਵੈਰੀਆਂ ਨੂੰ ਦੱਸਿਆ, "ਆਪ ਸਭ ਝੂਠ ਬੋਲਦੇ ਹੋ ਅਤੇ ਇਸਲਈ ਤੁਹਾਡੇ ਬਾਦਸ਼ਾਹ ਦੀ ਅਤੇ ਤੁਹਾਡੀ ਮਾਣਤਾ ਮਿੱਟੀ ਵਿੱਚ ਮਿਲ ਜਾਏਗੀ। ਆਪ ਸਭ ਨੇ ਪਹਿਲਾਂ ਵੀ ਸਹੁੰਆਂ ਖਾਧੀਆਂ ਸਨ ਅਤੇ ਫਿਰ ਉਹਨਾਂ ਉਤੇ ਕਾਇਮ ਨਹੀਂ ਰਹੇ।"

ਸਿੱਖ ਫਿਰ ਗੁਰੂ ਜੀ ਦੀ ਮਾਤਾ ਜੀ ਕੋਲ ਗਏ ਤੇ ਸ਼ਿਕਾਇਤ ਕਰਨ ਕਿ ਗੁਰੂ ਜੀ ਨੇ ਦਲੀਲ ਦੀ ਗੱਲ ਸੁਣਨ ਤੋਂ ਇਨਕਾਰ ਕਰ ਦਿਤਾ ਹੈ। ਪਰ ਗੁਰੂ ਜੀ ਨੇ ਉਹਨਾਂ ਨੂੰ ਦਸਿਆ ਸੀ ਕਿ ਉਹਨਾਂ ਦਾ ਕਹਿਣਾ ਠੀਕ ਹੈ ਪਰ ਵੈਰੀ ਦੀਆਂ ਸ਼ਰਤਾਂ ਮੰਨਕੇ ਕਿਲ੍ਹੇ ਵਿਚੋਂ ਚਲੇ ਜਾਣਾ ਮੁਨਾਸਬ ਨਹੀਂ। ਸਿੱਖਾਂ ਨੇ ਭੁਖ ਦੇ ਦੁਖੋਂ ਹਰਕਾਰੇ ਦੀ ਗੱਲ ਕੀ ਹਿਮਾਇਤ ਕੀਤੀ। ਗੁਰੂ ਜੀ ਨੇ ਉਹਨਾਂ ਨੂੰ ਦਿਲਾਸਾ ਦਿਤਾ, "ਮੇਰੇ ਭਾਈਓ, ਡੋਲੋ ਨਾ, ਮੈਂ ਕੇਵਲ ਤੁਹਾਡੀ ਭਲਾਈ ਚਾਹੁੰਦਾ ਹਾਂ, ਤੁਸੀਂ ਜਾਂਣਦੇ ਨਹੀਂ ਕਿ ਇਹ ਵੈਰੀ ਲੋਕ ਧੋਖੇਬਾਜ਼ ਹਨ ਅਤੇ ਸਾਨੂੰ ਹਾਨੀ ਪਹੁੰਚਾਉਣ ਦੇ ਮਨਸੂਬੇ ਬਣਾ ਰਹੇ ਹਨ। ਜੇ ਤੁਸੀਂ ਥੋੜਾ ਜਿਹਾ ਹੋਰ ਸਮਾਂ ਧੀਰਜ ਕਰ ਲਵੋ ਤਾਂ ਤੁਹਾਨੂੰ ਜੀਅ ਭਰਕੇ ਖਾਣ ਲਈ ਮਿਲ ਜਾਏਗਾ।" ਜਦ ਸਿੱਖਾਂ ਨੇ ਹੋਰ ਉਡੀਕਣ ਤੋਂ ਇਨਕਾਰ ਕਰ ਦਿਤਾ ਤਾਂ ਗੁਰੂ ਜੀ ਨੇ ਉਹਨਾਂ ਨੂੰ ਕੇਵਲ ਥੋੜੇ ਕੁ ਦਿਨ ਹੋਰ ਧੀਰਜ ਕਰਨ ਲਈ ਕਿਹਾ ਜਦ ਮਹਾਨ ਅਕਾਲ ਪੁਰਖ ਉਹਨਾਂ ਨੂੰ ਰਾਹਤ ਭੇਜੇਗਾ।[੭]

ਪਰ ਸਿੱਖਾਂ ਨੇ ਇੱਕ ਦਿਨ ਵੀ ਰੁਕਣ ਤੋਂ ਨਾਂਹ ਕਰ ਦਿਤੀ। ਗੁਰੂ ਜੀ ਨੇ ਫਿਰ ਆਪਣੀ ਬੇਨਤੀ ਦੁਹਰਾਈ ਅਤੇ ਕਿਹਾ ਕਿ ਵੈਰੀ ਦਲ ਤਦ ਵਾਪਸ ਪਰਤ ਜਾਣਗੇ ਅਤੇ ਤੁਸੀਂ ਸਭ ਪ੍ਰਸੰਨ ਹੋ ਜਾਉਗੇ। ਉਨ੍ਹਾਂ ਨੇ ਸਿੱਖਾਂ ਨੂੰ ਤਾੜਣਾ ਵੀ ਕੀਤੀ, "ਪਿਆਰੇ ਖਾਲਸਾ ਜੀ, ਤੁਸੀਂ ਆਪਣੀ ਤਬਾਹੀ ਵੱਲ ਕਾਹਲੀ ਭੱਜ ਰਹੇ ਹੋ, ਜਦ ਕਿ ਮੈਂ ਤੁਹਾਨੂੰ ਬਚਾਉਣ ਦਾ ਜਤਨ ਕਰ ਰਿਹਾ ਹਾਂ।"

ਸਿੱਖ ਭੁੱਖ ਦੇ ਦੁਖੋਂ ਐਨੇ ਵਿਆਕੁਲ ਸਨ ਕਿ ਉਹਨਾਂ ਨੇ ਇੱਕ ਦਿਨ ਲਈ ਵੀ ਰੁਕਣ ਤੋਂ ਨਾਂਹ ਕਰ ਦਿਤੀ। ਗੁਰੂ ਜੀ ਦੇ ਮਾਤਾ ਜੀ ਵੀ ਕਿਲ੍ਹਾ ਛੱਡ ਜਾਣ ਦੇ ਹਕ ਵਿੱਚ ਸਨ। ਵੈਰੀ ਫੌਜਾਂ ਨੇ ਇੱਕ ਸੱਯਦ ਅਤੇ ਇੱਕ ਬ੍ਰਾਹਮਣ ਨੂੰ ਭੇਜਿਆ ਕਿ ਦੋਵੇਂ ਉਹਨਾਂ ਵਲੋਂ ਗੰਭੀਰ ਸਹੁੰਆਂ ਚੁੱਕ ਕੇ ਦਸਣ ਕਿ ਜੇ ਗੁਰੂ ਜੀ ਅਨੰਦਪੁਰ ਛੱਡ ਜਾਣ ਤਾਂ ਉਨ੍ਹਾਂ ਨੂੰ ਸਹੀ ਸਲਾਮਤ ਜਾਣ ਦਿਤਾ ਜਾਵੇਗਾ। ਇਹ ਵੇਖ ਕੇ ਸਿੱਖ ਗੁਰੂ ਜੀ ਲਈ ਵਫਾਦਾਰੀ

ਤੋਂ ਡੋਲਣ ਲੱਗੇ ਅਤੇ ਅਖੀਰ ਕੇਵਲ ਚਾਲੀ ਸਿੱਖਾਂ ਨੇ ਗੁਰੂ ਜੀ ਨਾਲ ਰਹਿਣ ਅਤੇ ਉਨ੍ਹਾਂ ਦੇ ਭਾਗਾਂ ਨਾਲ ਰਲੇ ਰਹਿਣ ਦਾ ਫੈਸਲਾ ਕੀਤਾ। ਗੁਰੂ ਜੀ ਨੇ ਉਨ੍ਹਾਂ ਨੂੰ ਕਿਹਾ ਕਿ ਉਹ ਵੀ ਛੱਡ ਕੇ ਜਾ ਸਕਦੇ ਹਨ। ਪਰ ਉਹਨਾਂ ਨੇ ਨਾਹ ਕਰ ਦਿਤੀ ਅਤੇ ਕਿਹਾ ਕਿ ਉਹ ਜਾਂ ਤਾਂ ਗੁਰੂ ਜੀ ਨਾਲ ਕਿਲ੍ਹੇ ਵਿੱਚ ਰਹਿਣਗੇ ਜਾਂ ਗੁਰੂ ਜੀ ਜਿਵੇਂ ਹੁਕਮ ਦੇਣਗੇ ਉਸੇ ਤਰ੍ਹਾਂ ਬਾਹਰ ਜਾਣ ਦਾ ਰਾਹ ਬੀਰਤਾ ਨਾਲ ਬਣਾ ਲੈਣਗੇ।ਗੁਰੂ ਜੀ ਉਸ ਸਮੇਂ ਜਾਣਦੇ ਸਨ ਕਿ ਉਨ੍ਹਾਂ ਦੇ ਧਰਮ ਦਾ ਬੀਜ ਪ੍ਰਫੁਲਤ ਹੋਵੇਗਾ। ਉਨ੍ਹਾਂ ਨੇ ਅਖੀਰ ਅਨੰਦਪੁਰ ਛੱਡ ਜਾਣ ਦਾ ਫੈਸਲਾ ਕਰ ਲਿਆ। ਉਨ੍ਹਾਂ ਨੇ ਆਪਣੇ ਸਿੱਖਾਂ ਨੂੰ ਹੁਕਮ ਦਿਤਾ ਕਿ ਸਭ ਰਾਤ ਸਮੇਂ ਚਲਣਗੇ। ਅਨੰਦਪੁਰ ਆਖਿਰ ੬-੭ ਪੋਹ ਸੰਮਤ ੧੭੬੨ (੨੦-੨੧ ਦਸੰਬਰ ੧੭੦੫) ਨੂੰ ਖਾਲੀ ਕਰ ਦਿਤਾ ਗਿਆ।

ਭਾਈ ਦਇਆ ਸਿੰਘ ਅਤੇ ਉਦੇ ਸਿੰਘ ਗੁਰੂ ਜੀ ਦੇ ਅੱਗੇ ਅੱਗੇ ਤੁਰੇ, ਮੋਹਕਮ ਸਿੰਘ ਅਤੇ ਸਾਹਿਬ ਸਿੰਘ ਗੁਰੂ ਜੀ ਦੇ ਸੱਜੇ ਪਾਸੇ, ਪੰਜ ਪਿਆਰਿਆਂ ਦੇ ਪਿਛੋਂ ਜਿਸ ਟੋਲੀ ਨੇ ਅੰਮ੍ਰਿਤ ਛਕਿਆ ਸੀ ਉਹ ਗੁਰੂ ਜੀ ਦੇ ਖੱਬੇ ਪਾਸੇ ਚਲ ਰਹੇ ਸਨ। ਗੁਰੂ ਜੀ ਦੇ ਸਾਹਿਬਜ਼ਾਦੇ ਅਜੀਤ ਸਿੰਘ ਅਤੇ ਜੁਝਾਰ ਸਿੰਘ ਤੀਰ ਕਮਾਨ ਫੜੀ ਗੁਰੂ ਜੀ ਦੇ ਪਿਛੇ ਪਿਛੇ ਜਾ ਰਹੇ ਸਨ। ਫਿਰ ਭਾਈ ਹਿੰਮਤ ਸਿੰਘ ਗੋਲੀ ਸਿੱਕਾ ਅਤੇ ਬੰਦੂਕਾਂ ਲਈ ਆ ਰਿਹਾ ਸੀ। ਗੁਲਾਬ ਰਾਇ, ਸ਼ਾਮ ਸਿੰਘ ਅਤੇ ਹੋਰ ਸਿੱਖ ਅਤੇ ਸੰਬੰਧੀ ਉਸ ਦੇ ਨਾਲ ਸਨ। ਬਾਕੀ ਸ਼ਰਧਾਲੂ ਜੋ ਕੁੱਲ ਪੰਜ ਕੁ ਸੌ ਸਨ ਸਭ ਤੋਂ ਪਿਛੇ ਆ ਰਹੇ ਸਨ।[8]

ਜਿਉਂ ਹੀ ਵੈਰੀ ਨੂੰ ਗੁਰੂ ਜੀ ਦੇ ਚੱਲਣ ਦੀ ਖਬਰ ਮਿਲੀ ਉਹ ਫੇਰ ਆਪਣੀਆਂ ਸਹੁੰਆਂ ਭੁਲ ਗਏ ਅਤੇ ਇਕਦਮ ਗੁਰੂ ਜੀ ਦਾ ਪਿੱਛਾ ਕਰਨ ਜੁੱਟ ਪਏ। ਛੋਟੀਆਂ ਝੜਪਾਂ ਕੀਰਤਪੁਰ ਤੋਂ ਸ਼ੁਰੂ ਹੋ ਗਈਆਂ। ਵਧ ਰਹੇ ਖਤਰੇ ਦਾ ਅਨੁਭਵ ਕਰਦੇ ਗੁਰੂ ਜੀ ਨੇ ਭਾਈ ਉਦੇ ਸਿੰਘ ਦੀ ਜ਼ਿੰਮੇਦਾਰੀ ਵੈਰੀ ਫੌਜਾਂ ਦੇ ਵਧਣ ਨੂੰ ਰੋਕਣ ਲਈ ਲਾ ਦਿਤੀ। ਭਾਈ ਉਦੇ ਸਿੰਘ ਨੇ ਸ਼ਾਹੀ ਟਿੱਬੀ 'ਤੇ ਇੱਕ ਖੂੰਖਾਰ ਲੜਾਈ ਲੜੀ। ਵੈਰੀ ਦਲ ਨੇ ਘੇਰ ਕੇ ਇਸ ਨਿਧੜਕ ਤੇ ਗੁਰੂ ਜੀ ਦੇ ਬਹਾਦਰ ਯੋਧਿਆਂ ਵਿਚੋਂ ਸਭ ਤੋਂ ਵਧ ਸੂਰਬੀਰ ਨੂੰ ਸ਼ਹੀਦ ਕਰ ਦਿਤਾ। ਜਦ ਸ਼ਾਹੀ ਟਿੱਬੀ ਦੀ ਲੜਾਈ ਚਲ ਰਹੀ ਸੀ, ਗੁਰੂ ਜੀ ਸਰਸਾ ਦਰਿਆ ਕੰਢੇ ਪੁਜ ਗਏ ਸਨ। ਉਸ ਸਮੇਂ ਖਬਰ ਮਿਲੀ ਕਿ ਇੱਕ ਵੈਰੀ ਸੈਨਾ ਦਲ ਤੇਜੀ ਨਾਲ ਆ ਰਿਹਾ ਹੈ। ਭਾਈ ਜੀਵਨ ਸਿੰਘ [9] ਨੂੰ ਪਿਛਾ ਕਰ ਰਹੇ ਸੈਨਾ ਦਲ ਦਾ ਟਾਕਰਾ ਕਰਨ ਲਈ ਇੱਕ ਸੌ ਸੂਰਬੀਰਾਂ ਦੀ ਟੋਲੀ ਸੌਂਪ ਦਿਤੀ ਗਈ। ਬਾਕੀ ਸਿੱਖਾਂ ਅਤੇ ਸਾਥ ਨਾਲ ਗੁਰੂ ਜੀ ਹੜ੍ਹ ਆਏ ਹੋਏ ਸਰਸਾ ਦਰਿਆ ਵਿੱਚ ਠਿੱਲ੍ਹ ਪਏ। ਹੜ੍ਹ ਐਨਾ ਜ਼ੋਰਦਾਰ ਸੀ ਕਿ ਬਹੁਤ ਸਾਰੇ ਡੁਬ ਗਏ ਅਤੇ ਬਹੁਤ ਸਾਰੇ ਵੱਖ ਵੱਖ ਪਾਸਿਆਂ ਵੱਲ ਨਿਖੜ ਗਏ ਜਿੰਨ੍ਹਾਂ ਵਿੱਚ ਗੁਰੂ ਜੀ ਦੇ ਮਾਤਾ ਜੀ ਅਤੇ ਦੋ ਛੋਟੇ ਸਾਹਿਬਜ਼ਾਦੇ ਜ਼ੋਰਾਵਰ ਸਿੰਘ ਅਤੇ ਫਤਹਿ ਸਿੰਘ ਸਨ। ਇਸ ਤੋਂ ਛੁਟ ਬਹੁਮੁੱਲਾ ਸਾਹਿਤ ਅਤੇ ਸਾਮਾਨ ਵੀ ਨਸ਼ਟ ਹੋ ਗਿਆ। ਗੁਰੂ ਜੀ ਆਪਣੇ ਦੋ ਵੱਡੇ ਸਾਹਿਬਜ਼ਾਦਿਆਂ ਅਤੇ ਕੁਝ ਨਿਪੁੰਨ ਸਿੱਖਾਂ ਨਾਲ ਸਰਸਾ ਦਰਿਆ ਦੇ ਪਾਰਲੇ ਕੰਢੇ ਤੇ ਘਨੌਲਾ ਪਿੰਡ ਪਹੁੰਚੇ। ਇਹ ਅਨੁਭਵ ਕਰਦਿਆਂ ਕਿ ਅੱਗੋਂ ਰਾਹ ਖਤਰੇ ਭਰਿਆ ਹੋ ਸਕਦਾ ਹੈ, ਗੁਰੂ ਜੀ ਨੇ ਭਾਈ ਬਚਿਤਰ ਸਿੰਘ ਨੂੰ ਇੱਕ ਸੌ ਸਿੱਖਾਂ ਦੀ ਸੌਂਪਣਾ ਕਰਕੇ ਸਿਧੇਰਾਹ ਰੋਪੜ ਜਾਣ ਲਈ ਆਦੇਸ਼ ਦਿਤਾ। ਆਪ ਗੁਰੂ ਜੀ ਕੁਝ ਪ੍ਰਮੰਨੇ ਸਿੱਖਾਂ ਨਾਲ ਲੰਮੇ ਰਸਤੇ ਜਾ ਕੇ ਰੋਪੜ ਨੇੜੇ ਕੋਟਲਾ ਨਿਹੰਗ ਪੁੱਜੇ ਜਿਥੇ ਉਨ੍ਹਾਂ ਨੇ ਪਠਾਨ ਨਿਹੰਗ ਖਾਨ ਕੋਲ ਠਹਿਰਨਾ ਸੀ। ਪਠਾਨ ਗੁਰੂ ਸਾਹਿਬਾਨ ਦਾ ਇੱਕ ਪੁਰਾਣਾ ਅਤੇ ਸੁਹਿਰਦ ਸ਼ਰਧਾਲੂ ਸੀ। ਭਾਈ ਬਚਿਤਰ ਸਿੰਘ ਅਤੇ ਸਾਥੀਆਂ ਨੂੰ ਰੋਪੜ ਨੇੜੇ ਇੱਕ ਪਿੰਡ, ਮਲਿਕ ਪੁਰ, ਦੇ ਰੰਘੜਾਂ ਦੇ ਘੇਰੇ ਵਿਚੋਂ ਅਤੇ ਰੋਪੜ ਦੇ ਪਠਾਨਾਂ ਵਿਚੋਂ ਲੜ ਕੇ ਲੰਘਣਾ ਪਿਆ। ਇਸ ਮੌਕੇ 'ਤੇ ਜੋ ਸਖਤ ਲੜਾਈ ਹੋਈ ਉਸ ਵਿੱਚ ਸਿੱਖਾਂ ਦੀ ਬਹੁਤ ਗਿਣਤੀ ਸ਼ਹੀਦ ਹੋ ਗਈ ਅਤੇ ਬਚਿਤਰ ਸਿੰਘ ਗੰਭੀਰ ਜ਼ਖ਼ਮੀ ਹੋ ਗਿਆ।

ਗੁਰੂ ਜੀ ਕੋਟਲਾ ਨਿਹੰਗ ਬਹੁਤਾ ਸਮਾਂ ਨਾ ਠਹਿਰੇ। ਜਾਪਦਾ ਸੀ ਕਿ ਉਨ੍ਹਾਂ ਨੇ ਮਾਛੀਵਾੜਾ ਅਤੇ ਰਾਇਕੋਟ ਜਾਣਾ ਸੀ। ਆਪਣੇ ਦੋ ਵੱਡੇ ਸਾਹਿਬਜ਼ਾਦਿਆਂ ਅਤੇ ਚਾਲ੍ਹੀ ਸਿੱਖਾਂ ਨਾਲ ਕੋਟਲਾ ਨਿਹੰਗ ਪਿਛੋਂ ਬੂਰ ਮਾਜਰਾ ਰੁਕੇ। ਉਨ੍ਹਾਂ ਨੂੰ ਖਬਰ ਮਿਲੀ ਕਿ ਸਰਹਿੰਦ ਦੀਆਂ ਫੌਜਾਂ ਦਾ ਇੱਕ ਵੱਡਾ ਦਲ ਉਹਨਾਂ ਦਾ ਪਿੱਛਾ ਕਰ ਰਿਹਾ ਹੈ। ਗੁਰੂ ਜੀ ਨੇ ਇਕਦਮ ਫੈਸਲਾ ਕੀਤਾ ਕਿ ਵੈਰੀ ਦਾ ਮੁਕਾਬਲਾ ਚਮਕੌਰ ਦੀ ਗੜ੍ਹੀ ਵਿਚੋਂ ਕੀਤਾ ਜਾਏ ਸੋ ਛੇਤੀ ਛੇਤੀ ਚਮਕੌਰ ਵੱਲ ਚਲ ਪਏ। ਉਨ੍ਹਾਂ ਨੂੰ ਇਸ ਗੜ੍ਹੀ ਦੀ ਮਹੱਤਤਾ ਦਾ ਪਤਾ ਸੀ ਕਿਉਂਕਿ ਉਹ ਇੱਕ ਪਹਿਲੇ ਮੌਕੇ ਤੇ ਇਸ ਥਾਂ ਤੇ ਲੜਾਈ ਲੜ ਚੁੱਕੇ ਸੀ।

## ਚਮਕੌਰ[10] ਦਾ ਯੁੱਧ :

ਸ਼ਾਹੀ ਸੈਨਾ, ਜੋ ਤੇਜ਼ੀ ਨਾਲ ਪਿੱਛਾ ਕਰ ਰਹੀ ਸੀ, ਨੇ ਆ ਕੇ ਗੜ੍ਹੀ ਨੂੰ ਘੇਰਾ ਪਾ ਲਿਆ। ਉਹਨਾਂ ਨਾਲ ਪਹਾੜੀ ਰਾਜੇ ਅਤੇ ਰੰਗੜ ਅਤੇ ਗੁੱਜਰ ਵੀ ਆ ਰਲੇ। ਗੁਰੂ ਜੀ ਨੇ ਗੜ੍ਹੀ ਦੀਆਂ ਚਾਰ ਕੰਧਾਂ ਦੀ ਰਖਵਾਲੀ ਲਈ ਹਰੇਕ ਉਤੇ ਅੱਠ ਅੱਠ ਸਿੱਖ ਨਿਯੁਕਤ ਕਰ ਦਿੱਤੇ। ਦੋ ਸਿੱਖ ਦਰਵਾਜ਼ੇ ਉਤੇ ਅਤੇ ਹੋਰ ਦੋ ਪਹਿਰਾ ਦੇਣ ਲਈ ਲਾ ਦਿਤੇ। ਗੁਰੂ ਜੀ ਆਪ, ਉਨ੍ਹਾਂ ਦੇ ਦੋਵੇਂ ਸਾਹਿਬਜ਼ਾਦੇ ਅਤੇ ਭਾਈ ਦਇਆ ਸਿੰਘ ਅਤੇ ਸੰਤ ਸਿੰਘ ਗੜ੍ਹੀ

ਦੀ ਸਭ ਤੋਂ ਉਪਰਲੀ ਛੱਤ 'ਤੇ ਚਲੇ ਗਏ। ਸ਼ਾਹੀ ਫੌਜਾਂ ਸਾਮ੍ਹਣੇ ਭਾਰੀ ਅਸਮਾਨਤਾ ਦੇ ਹੁੰਦਿਆਂ ਵੀ ਸਿੱਖ ਲੰਮੇ ਸਮੇਂ ਤਕ ਗੜ੍ਹੀ 'ਤੇ ਡਟੇ ਰਹੇ। ਸ਼ਾਹੀ ਫੌਜਾਂ ਦੇ ਦੋ ਅਫਸਰਾਂ, ਨਾਹਨ ਖਾਨ ਅਤੇ ਗੈਰਤ ਖਾਨ, ਨੇ ਗੜ੍ਹੀ ਉਤੇ ਚੜ੍ਹਣ ਦਾ ਯਤਨ ਕੀਤਾ ਪਰ ਗੁਰੂ ਜੀ ਦੀਆਂ ਗੋਲੀਆਂ ਨਾਲ ਮਾਰੇ ਗਏ। ਉਸ ਪਿਛੋਂ ਕਿਸੇ ਮੁਸਲਮਾਨ ਅਫਸਰ ਨੇ ਗੜ੍ਹੀ ਉਤੇ ਚੜ੍ਹਣ ਦਾ ਹੌਸਲਾ ਨਾ ਕੀਤਾ। ਪੰਜ ਸਿੱਖ ਵੈਰੀ ਦਾ ਟਾਕਰਾ ਕਰਨ ਲਈ ਅਗੇ ਆਏ। ਬੜੀ ਬਹਾਦਰੀ ਨਾਲ ਲੜਦਿਆਂ ਉਹ ਸਾਰੇ ਸ਼ਹੀਦ ਹੋ ਗਏ। ਇਸਤਰ੍ਹਾਂ ਪੰਜ ਪੰਜ ਸਿੱਖ ਲੜਣ ਲਈ ਅਗੇ ਆਉਂਦੇ ਲੜਦੇ ਰਹੇ। ਗੁਰੂ ਜੀ ਦੇ ਸਭ ਤੋਂ ਵੱਡੇ ਸਾਹਿਬਜ਼ਾਦੇ (ਜਿਸ ਦੀ ਉਮਰ ੧੮ ਕੁ ਵਰ੍ਹੇ ਸੀ) ਨੇ ਗੁਰੂ ਤੋਂ ਵੈਰੀ ਨਾਲ ਯੁਧ ਕਰਨ ਜਾਣ ਲਈ ਆਗਿਆ ਮੰਗੀ। ਗੁਰੂ ਜੀ ਮੰਨ ਗਏ ਅਤੇ ਅਜੀਤ ਸਿੰਘ ਪੰਜ ਸੂਰਬੀਰ ਸਿੱਖਾਂ ਨਾਲ ਆਇਆ। ਉਸ ਨੇ ਬਹਾਦਰੀ ਦੇ ਹੈਰਾਨ ਕਰ ਦੇਣ ਵਾਲੇ ਜੌਹਰ ਵਿਖਾਏ ਅਤੇ ਅਖੀਰ ਬਹਾਦਰੀ ਨਾਲ ਲੜਦਿਆਂ ਪੰਜਾਂ ਸਿੱਖਾਂ ਸਮੇਤ ਸ਼ਹੀਦ ਹੋ ਗਿਆ। ਆਪਣੇ ਵੀਰ ਦੀ ਸ਼ਹੀਦੀ ਵੇਖ ਕੇ, ਜੁਝਾਰ ਸਿੰਘ (੧੪ ਵਰ੍ਹੇ ਦੀ ਉਮਰ ਦਾ) ਰਹਿ ਨਾ ਸਕਿਆ ਅਤੇ ਆਪਣੇ ਪਿਤਾ ਗੁਰੂ ਜੀ ਤੋਂ ਲੜਣ ਜਾਣ ਲਈ ਆਗਿਆ ਮੰਗੀ। ਆਪਣੇ ਵੀਰ ਵਾਂਗ ਜੁਝਾਰ ਸਿੰਘ ਵੀ ਰਣ-ਖੇਤਰ ਵਿੱਚ ਜੂਝ ਪਿਆ ਅਤੇ ਜ਼ਰਾ ਕੁ ਸਮੇਂ ਪਿਛੋਂ ਵਾਪਸ ਆ ਕੇ ਪੀਣ ਲਈ ਪਾਣੀ ਮੰਗਿਆ। ਗੁਰੂ ਜੀ ਨੇ ਉੱਚੀ ਅਵਾਜ਼ ਵਿੱਚ ਕਿਹਾ, "ਬੇਟਾ ਵਾਪਸ ਜਾਉ। ਤੁਹਾਡੇ ਲਈ ਇਸ ਧਰਤੀ ਉਤੇ ਹੋਰ ਪਾਣੀ ਨਹੀਂ ਰਿਹਾ। ਔਹ ਵੇਖੋ, ਅਜੀਤ ਸਿੰਘ ਤੁਹਾਡੇ ਲਈ ਅੰਮ੍ਰਿਤ ਦਾ ਪਿਆਲਾ ਫੜੀ ਖਲੋਤਾ ਹੈ।" ਜੁਝਾਰ ਸਿੰਘ ਵਾਪਸ ਗਿਆ ਅਤੇ ਵੈਰੀ ਦਲਾਂ ਵਿੱਚ ਤਬਾਹੀ ਮਚਾ ਦਿਤੀ ਅਤੇ ਬਹਾਦਰੀ ਨਾਲ ਲੜਦਿਆਂ ਸ਼ਹੀਦ ਹੋ ਗਿਆ। **ਇਸ ਤੇ ਗੁਰੂ ਜੀ ਦਾ ਚਿਹਰਾ ਖਿੜ ਗਿਆ। ਆਪਣੇ ਸਾਹਿਬਜ਼ਾਦਿਆਂ ਦਾ ਚਮਤਕਾਰੀ ਅੰਤ ਵੇਖ ਕੇ ਗੁਰੂ ਜੀ ਦੇ ਚਿਹਰੇ ਉਤੇ ਉਹਨਾਂ ਦੀ ਮਾਨਸਕ ਸ਼ਾਂਤੀ ਦੈਵੀ ਪ੍ਰਕਾਸ਼ ਪਾ ਰਹੀ ਸੀ।**

ਆਪਣੇ ਸਾਹਿਬਜ਼ਾਦਿਆਂ ਦੀ ਸ਼ਾਨਦਾਰ ਉਦੇਸ਼ ਪ੍ਰਾਪਤ ਪਿਛੋਂ ਗੁਰੂ ਜੀ ਆਪ ਬਾਹਰ ਜਾ ਕੇ ਯੁਧ ਕਰਨ ਲਈ ਤਿਆਰ ਹੋਏ। ਥੋੜੇ ਕੁ ਸਿੱਖ ਜੋ ਬਚੇ ਸਨ ਉਹਨਾਂ ਗੁਰੂ ਜੀ ਦੇ ਚਰਨਾਂ ਤੇ ਨਿਉਂਕੇ ਜੋਦੜੀ ਕੀਤੀ ਕਿ ਬਾਹਰ ਨ ਜਾਉ। ਉਸ ਵੇਲੇ ਉਹਨਾਂ ਦੀ ਜਿਤ ਗੁਰੂ ਜੀ ਦੀ ਰੱਖਿਆ ਕਰਨ ਵਿੱਚ ਹੀ ਸੀ। ਇਸਲਈ ਉਹਨਾਂ ਨੇ ਗੁਰੂ ਜੀ ਨੂੰ ਮਨਾਉਣ ਦਾ ਜਤਨ ਕੀਤਾ ਕਿ ਗੁਰੂ ਜੀ ਗੜ੍ਹੀ ਛਡ ਕੇ ਚੁਪਚਾਪ ਨਿਕਲ ਜਾਣ। ਉਹਨਾਂ ਨੇ ਦਲੀਲ ਦਿਤੀ ਕਿ ਜੇ ਗੁਰੂ ਜੀ ਜੀਵਤ ਰਹਿਣ ਤਾਂ ਉਹ ਇਹਨਾਂ ਵਰਗੇ ਲਖਾਂ ਸੂਰਬੀਰ ਸਿੱਖ ਬਣਾ ਲੈਣਗੇ। ਪਰ ਗੁਰੂ ਜੀ ਉਹਨਾਂ ਦੀ ਤਜਵੀਜ਼ ਸੁਣਨਾ ਨਹੀਂ ਚਾਹੁੰਦੇ ਸੀ। ਤਦ ਭਾਈ ਦਇਆ ਸਿੰਘ, ਪੰਜਾਂ ਪਿਆਰਿਆਂ ਵਿਚੋਂ ਪਹਿਲੇ, ਹੱਥ ਜੋੜ ਖੜ੍ਹੇ ਹੋ ਬੇਨਤੀ ਕੀਤੀ ਕਿ ਸਤਿਗੁਰੂ ਜੀਉ, ਖਾਲਸਾ ਸਾਜਣ ਸਮੇਂ ਆਪ ਨੇ ਪ੍ਰਤਿਗਿਆ ਕੀਤੀ ਸੀ ਕਿ ਪੰਜ ਪਿਆਰੇ ਸਿੱਖਾਂ ਦਾ ਜੋ ਕਦੇ ਹੁਕਮ ਹੋਵੇਗਾ ਆਪ ਜ਼ਰੂਰ ਮੰਨੋਗੇ। ਸੋ ਭਾਈ ਦਇਆ ਸਿੰਘ ਨੇ ਦੂਜੇ ਚਾਰ ਸਿੱਖਾਂ ਨੂੰ ਲੈ ਕੇ ਪੰਜਾਂ ਨੇ ਰਲ ਕੇ ਗੁਰਮਤਾ ਪਾਸ ਕੀਤਾ, ਅਤੇ ਗੁਰੂ ਜੀ ਜੋਗ ਕਿਹਾ, "**ਸੱਚੇ ਪਾਤਸ਼ਾਹ, ਹੁਣ ਖਾਲਸੇ ਦਾ ਆਪ ਨੂੰ ਹੁਕਮ ਹੈ ਕਿ ਆਪ ਗੜ੍ਹੀ ਛੱਡ ਕੇ ਸਹੀ ਸਲਾਮਤ ਨਿਕਲ ਜਾਉ।" ਸੋ, ਆਪਣੀ ਪ੍ਰਤਿਗਿਆ ਅਨੁਸਾਰ, ਨਿਰਾਲੇ ਸ਼ਹਿਨਸ਼ਾਹਾਂ ਦੇ ਸ਼ਹਿਨਸ਼ਾਹ ਗੁਰੂ ਗੋਬਿੰਦ ਸਿੰਘ ਜੀ ਨੇ ਖਾਲਸੇ ਅੱਗੇ ਨਿਵ ਕੇ ਇਹਨਾਂ ਦਾ ਗੜ੍ਹੀ ਛੱਡ ਜਾਣ ਦਾ ਹੁਕਮ ਸਵੀਕਾਰ ਕਰ ਲਿਆ।**

ਭਾਈ ਸੰਤ ਸਿੰਘ ਅਤੇ ਸੰਗਤ ਸਿੰਘ ਪਿਛੇ ਗੜ੍ਹੀ ਵਿੱਚ ਰਹਿਣ ਲਈ ਤਿਆਰ ਹੋ ਗਏ ਜਦ ਕਿ ਭਾਈ ਦਇਆ ਸਿੰਘ, ਧਰਮ ਸਿੰਘ ਅਤੇ ਮਾਨ ਸਿੰਘ ਗੁਰੂ ਜੀ ਦੇ ਨਾਲ ਉਨ੍ਹਾਂ ਦੀ ਸੁਰਖਿਆ ਲਈ ਜਾਣ ਵਾਤੇ ਦ੍ਰਿੜ ਸਨ।[੧੧] ਕਿਹਾ ਜਾਂਦਾ ਹੈ ਕਿ ਭਾਈ ਸੰਤ ਸਿੰਘ ਦਾ ਮੁਹਾਂਦਰਾ ਗੁਰੂ ਜੀ ਨਾਲ ਬਹੁਤ ਸਾਰਾ ਮਿਲਦਾ ਸੀ। ਸੋ ਗੁਰੂ ਜੀ ਨੇ ਆਪਣੀ ਕਲਗੀ ਉਸ ਦੇ ਸਿਰ ਉਤੇ ਲਗਾ ਕੇ, ਆਪਣਾ ਜ਼ਰਾਬਖ਼ਤਰ ਉਸ ਨੂੰ ਪਹਿਨਾ ਕੇ ਉਪਰਲੀ ਛੱਤ ਦੇ ਕਮਰੇ ਵਿੱਚ ਬਿਠਾ ਦਿਤਾ ਜਿਥੇ ਗੁਰੂ ਜੀ ਬੈਠੇ ਸਨ। ਗੁਰੂ ਜੀ ਅਤੇ ਉਨ੍ਹਾਂ ਦੇ ਤਿੰਨ ਸਾਥੀ ਰਾਤ ਸਮੇਂ ਗੜ੍ਹੀ ਵਿਚੋਂ ਨਿਕਲ ਗਏ। ਗੁਰੂ ਜੀ ਨੇ ਤਿੰਨਾਂ ਸਿੱਖਾਂ ਨੂੰ ਕਿਹਾ ਕਿ ਜੇ ਉਹ ਕਿਸੇ ਕਾਰਨ ਉਨ੍ਹਾਂ ਤੋਂ ਵਿਛੜ ਜਾਣ ਤਾਂ ਉਹ ਇੱਕ ਤਾਰੇ ਦੀ ਸੇਧ, ਜੋ ਗੁਰੂ ਜੀ ਨੇ ਉਹਨਾਂ ਨੂੰ ਵਿਖਾਇਆ, ਵਿੱਚ ਚਲਦੇ ਜਾਣ। ਇਹ ਦਸੰਬਰ ਮਹੀਨੈ ਦੀ ਠੰਡੀ ਰਾਤ ਸੀ ਅਤੇ ਵੈਰੀ ਦਲ ਆਪਣੇ ਤੰਬੂਆ ਵਿੱਚ ਸੌਂ ਰਹੇ ਸਨ। ਗੁਰੂ ਜੀ ਨੇ ਵੈਰੀ ਨੂੰ ਜਗਾਉਣ ਦਾ ਫੈਸਲਾ ਕੀਤਾ ਤਾਂ ਜੁ ਉਹ ਨਾ ਸਮਝਣ ਕਿ ਗੁਰੂ ਭਗੌੜਾ ਹੋ ਗਿਆ ਹੈ। ਉਨ੍ਹਾਂ ਨੇ ਤੁਰਕੀ ਸੰਤਰੀਆਂ ਉਤੇ ਦੋ ਤੀਰ ਛੱਡੇ। ਤੀਰ ਪਹਿਲਾਂ ਤਾਂ ਸੰਤਰੀਆਂ ਹੱਥ ਫੜੀਆਂ ਮਸ਼ਾਲਾਂ ਉਤੇ ਲਗੇ ਅਤੇ ਫਿਰ ਉਹਨਾਂ ਦੇ ਸਰੀਰਾਂ ਵਿਚੋਂ ਪਾਰ ਹੋ ਗਏ। ਮਸ਼ਾਲਾਂ ਬੁਝ ਜਾਣ ਨਾਲ ਹੋਏ ਹਨੇਰੇ ਵਿੱਚ ਗੁਰੂ ਜੀ ਅਤੇ ਤਿੰਨ ਸਿੱਖ ਨਿਕਲ ਤੁਰੇ। ਜ਼ਰਾ ਕੁ ਹੋਰ ਅੱਗੇ ਆਏ ਤਾਂ ਗੁਰੂ ਜੀ ਨੇ ਤਾੜੀ ਮਾਰੀ ਅਤੇ ਲਲਕਾਰ ਕੇ ਆਵਾਜ਼ ਦਿਤੀ ਕਿ ਗੁਰੂ ਜਾ ਰਿਹਾ ਹੈ ਜੇ ਕੋਈ ਫੜਣਾ ਚਾਹੁੰਦਾ ਹੈ ਤਾਂ ਕੋਸ਼ਿਸ਼ ਕਰ ਲਵੇ।[੧੨]

ਜਦ ਗੁਰੂ ਜੀ ਗੜ੍ਹੀ ਵਿਚੋਂ ਨਿਕਲਣ ਲੱਗੇ ਸੀ ਤਾਂ ਉਨ੍ਹਾਂ ਨੇ ਪਿੱਛੇ ਰਹੇ ਸਿੱਖਾਂ ਨੂੰ, ਡਟੇ ਰਹਿਣ ਲਈ ਹੱਲਾਸ਼ੇਰੀ ਦਿੱਤੀ। ਇਹਨਾਂ ਸਿੱਖਾਂ ਨੇ ਵੈਰੀ ਦਲਾਂ ਦਾ ਭਾਰੀ ਨੁਕਸਾਨ ਕੀਤਾ। ਮੁਸਲਮਾਨ ਆਖਿਰ ਗੜ੍ਹੀ ਉਤੇ ਚੜ੍ਹਣ ਵਿੱਚ ਸਫਲ ਹੋ ਗਏ। ਉਹਨਾਂ ਨੂੰ ਯਕੀਨ ਸੀ ਕਿ ਉਹ ਗੁਰੂ ਜੀ ਨੂੰ ਕਬਜ਼ੇ ਵਿੱਚ ਕਰ ਲੈਣਗੇ। ਪਰ

ਉਹਨਾਂ ਨੂੰ ਭਾਰੀ ਨਿਰਾਸ਼ਤਾ ਹੋਈ ਜਦ ਉਹਨਾਂ ਨੂੰ ਪਿਛੋਂ ਪਤਾ ਲੱਗਾ ਕਿ ਕਲਗੀ ਲਗਾਈ ਜ਼ਰਾਬਖ਼ਤਰ ਪਹਿਨੀ ਬੈਠਾ ਵਿਅਕਤੀ ਗੁਰੂ ਨਹੀਂ, ਸੰਤ ਸਿੰਘ ਸੀ ਅਤੇ ਗੁਰੂ ਜੀ ਤਾਂ ਬਚ ਕੇ ਨਿਕਲ ਗਏ ਸਨ। ਵੈਰੀ ਫੌਜਾਂ ਆਪਣੀ ਆਪਣੀ ਥਾਂ ਪਰਤ ਗਈਆਂ। ਵਜ਼ੀਰ ਖਾਨ ਨੇ ਆਪਣੇ ਇਲਾਕਿਆਂ ਵਿੱਚ ਸਭ ਪਾਸੇ ਹੁਕਮ ਭੇਜ ਦਿਤੇ ਕਿ ਕੋਈ ਵੀ ਗੁਰੂ ਜੀ ਦੀ ਸਹਾਇਤਾ ਕਰੇਗਾ ਉਸ ਨੂੰ ਸਖ਼ਤ ਸਜ਼ਾ ਦਿਤੀ ਜਾਏਗੀ ਅਤੇ ਜੋ ਗੁਰੂ ਜੀ ਨੂੰ ਗਰਿਫਤਾਰ ਕਰੇਗਾ ਜਾਂ ਉਨ੍ਹਾਂ ਦੀ ਸੂਹ ਦੇਵੇਗਾ ਉਸ ਨੂੰ ਭਾਰੀ ਇਨਾਮ ਦਿਤੇ ਜਾਣਗੇ।

ਗੜ੍ਹੀ ਛਡਣ ਪਿਛੋਂ ਗੁਰੂ ਜੀ ਨੰਗੇ ਪੈਰੀਂ ਇਕੱਲੇ ਆਪਣੇ ਸਫਰ ਤੇ ਚਲਦੇ ਗਏ ਅਤੇ ਜੰਡਸਰ ਅਤੇ ਬਹਿਲੋਲਪੁਰ ਵਿਚੋਂ ਲੰਘ ਜਾਣ ਪਿਛੋਂ ਉਹ ਮਾਛੀਵਾਣੇ ਦੇ ਕੰਡਿਆਲੇ ਜੰਗਲ ਵਿੱਚ ਪੁੱਜੇ, ਜੋ ਰੋਪੜ ਅਤੇ ਲੁਧਿਆਣੇ ਵਿਚਕਾਰ ਸਥਿਤ ਹੈ। ਤ੍ਰੇਹ, ਭੁਖ ਅਤੇ ਥਕਾਵਟ ਨੇ ਘੇਰ ਰੱਖਿਆ ਸੀ। ਗੁਰੂ ਜੀ ਦੇ ਚਰਨ ਛਾਲਿਆਂ ਨਾਲ ਭਰੇ ਸਨ। ਜਦ ਉਹ ਇੱਕ ਬਾਗ ਵਿੱਚ ਪਹੁੰਚੇ ਤਾਂ ਇੱਕ ਮਿੱਟੀ ਦੀ ਡੇਰ ਉਤੇ ਸੀਸ ਟਿਕਾ ਕੇ ਸੌਂ ਗਏ। ਜਦ ਉਹ ਇਸਤਰ੍ਹਾਂ ਆਰਾਮ ਕਰ ਰਹੇ ਸੀ ਤਾਂ ਉਨ੍ਹਾਂ ਦੇ ਤਿੰਨੇ ਸਾਥੀ, ਭਾਈ ਦਇਆ ਸਿੰਘ, ਧਰਮ ਸਿੰਘ ਅਤੇ ਮਾਨ ਸਿੰਘ ਪਹੁੰਚੇ ਅਤੇ ਗੁਰੂ ਜੀ ਨਾਲ ਮੁੜ ਆ ਮਿਲੇ।

ਉਸ ਵੇਲੇ ਸਥਿਤੀ ਬੜੀ ਗੰਭੀਰ ਸੀ ਕਿਉਂਕਿ ਵੈਰੀ ਦਲ ਗੁਰੂ ਜੀ ਦਾ ਤੇਜ਼ੀ ਨਾਲ ਪਿੱਛਾ ਕਰ ਰਿਹਾ ਸੀ। ਮਾਛੀਵਾੜੇ ਦੇ ਪੁਰਾਣੇ ਮਸੰਦ, ਗੁਲਾਬਾ ਨੇ ਗੁਰੂ ਜੀ ਅਤੇ ਉਨ੍ਹਾਂ ਦੇ ਨਾਲ ਤਿੰਨਾਂ ਸਿੱਖਾਂ ਨੂੰ ਆਪਣੇ ਘਰ ਲੈ ਆਂਦਾ ਪਰ ਛੇਤੀ ਹੀ ਆਪਣੀ ਸੁਰੱਖਿਆ ਤੋਂ ਡਰਦਾ ਗੁਰੂ ਜੀ ਨੂੰ ਕੋਲ ਰੱਖਣ ਤੋਂ ਘਬਰਾ ਗਿਆ। ਇਸ ਮੌਕੇ ਤੇ ਦੋ ਪਠਾਨ, ਘੋੜਿਆਂ ਦੇ ਵਪਾਰੀ ਨਬੀ ਖਾਨ ਅਤੇ ਗਨੀ ਖਾਨ, ਜੋ ਗੁਰੂ ਜੀ ਦੇ ਪੁਰਾਣੇ ਜਾਣੂੰ ਸਨ, ਆਏ ਅਤੇ ਗੁਰੂ ਜੀ ਦੀ ਸੇਵਾ ਵਿੱਚ ਆਪਣੀਆਂ ਜਾਨਾਂ ਲਈ ਖਤਰਾ ਵੀ ਸਹੇੜਣ ਲਈ ਤਿਆਰ ਹੋ ਗਏ। ਉਸ ਪਿੰਡ ਵਿੱਚ ਇਕ ਸਿੱਖ ਬੀਬੀ ਰਹਿੰਦੀ ਸੀ ਜਿਸ ਨੇ ਗੁਰੂ ਜੀ ਵਾਸਤੇ ਇੱਕ ਕਪੜਾ ਬੁਣ ਕੇ ਤਿਆਰ ਕੀਤਾ ਹੋਇਆ ਸੀ ਅਤੇ ਪ੍ਰਣ ਕੀਤਾ ਸੀ ਕਿ ਇਸ ਨੂੰ ਸਾਂਭ ਕੇ ਰੱਖੀ ਰੱਖੇਗੀ ਜਦ ਤਕ ਗੁਰੂ ਜੀ ਪਿੰਡ ਵਿੱਚ ਚਰਨ ਪਾਉਣਗੇ। ਗੁਰੂ ਜੀ ਨੇ ਉਹ ਕੱਪੜਾ ਪ੍ਰਵਾਨ ਕਰਕੇ ਨੀਲਾ ਰੰਗਵਾ ਲਿਆ ਅਤੇ ਮੁਸਲਮਾਨ ਯਾਤਰੂਆਂ ਵਰਗਾ ਚੋਗਾ ਬਣਵਾ ਕੇ ਪਹਿਨ ਲਿਆ ਅਤੇ ਗੁਲਾਬੇ ਦੇ ਪਿੰਡ ਤੋਂ ਚਲ ਪਏ।ਗੁਰੂ ਜੀ ਨੂੰ ਇੱਕ ਪਾਲਕੀ ਵਿੱਚ ਬਿਠਾ ਕੇ ਨਬੀ ਖਾਨ ਅਤੇ ਗਨੀ ਖਾਨ ਨੇ ਅਗਲੇ ਪਾਸੇ ਤੋਂ ਚੁਕ ਲਿਆ ਅਤੇ ਭਾਈ ਧਰਮ ਸਿੰਘ ਅਤੇ ਮਾਨ ਸਿੰਘ ਨੇ ਪਿਛਲੇ ਪਾਸੇ ਤੋਂ ਜਦ ਕਿ ਭਾਈ ਦਇਆ ਸਿੰਘ ਗੁਰੂ ਜੀ ਉਤੇ ਚੌਰੀ [੧੩] ਕਰਦਾ ਗਿਆ। ਸਭ ਪੁਛਣ ਵਾਲਿਆਂ ਨੂੰ ਉਹਨਾਂ ਦੱਸਿਆ ਕਿ ਉਹ ਉੱਚ ਦੇ ਪੀਰ [੧੪] ਲਿਜਾ ਰਹੇ ਹਨ। ਕਿਉਂਕਿ ਨਬੀ ਖਾਨ ਅਤੇ ਗਨੀ ਖਾਨ ਉਸ ਇਲਾਕੇ ਵਿੱਚ ਘੋੜਿਆਂ ਦੇ ਪ੍ਰਸਿਧ ਵਪਾਰੀ ਸਨ ਲੋਕ ਉਨ੍ਹਾਂ ਉਤੇ ਯਕੀਨ ਕਰਦੇ ਸਨ।

ਉਥੋਂ ਗੁਰੂ ਜੀ ਘੰਗਰਾਲੀ ਪਿੰਡ ਪੁੱਜੇ ਅਤੇ ਉਸ ਤੋਂਅੱਗੇ ਲਾਲ। ਲਾਲ ਪਿੰਡ ਲੁਧਿਆਣੇ ਜ਼ਿਲ੍ਹੇ ਵਿੱਚ ਦੋਰਾਹਾ ਤੋਂ ਪੰਜ ਕੁ ਮੀਲ ਦੂਰ ਹੈ। ਇਥੇ ਇੱਕ ਫੌਜੀ ਅਫਸਰ ਨੂੰ ਕੁਝ ਸ਼ੰਕੇ ਹੋ ਗਏ ਅਤੇ ਉਸ ਨੇ ਜੰਗੀ ਪੁਛ ਪੜਤਾਲ ਕੀਤੀ। ਨੂਰਪੁਰ ਦਾ ਪੀਰ ਮੁਹੰਮਦ ਗੁਰੂ ਜੀ ਦਾ ਜਾਣੂ ਸੀ, ਉਸ ਨੂੰ ਅਫਸਰ ਨੇ ਪਾਲਕੀ ਵਿੱਚ ਬੈਠੇ ਵਿਅਕਤੀ ਦੀ ਪਛਾਣ ਕਰਨ ਲਈ ਕਿਹਾ। ਪੀਰ ਮੁਹੰਮਦ ਨੇ ਵੇਖ ਕੇ ਪੱਕਾ ਕਹਿ ਦਿਤਾ ਕਿ ਇਹ ਸਚਮੁਚ ਉਚ ਦਾ ਪੀਰ ਹੀ ਹੈ। ਸੋ ਅਫਸਰ ਨੇ ਗੁਰੂ ਜੀ ਦੀ ਪਾਲਕੀ ਨੂੰ ਜਾਣ ਦਿਤਾ। ਉਥੋਂ ਗੁਰੂ ਜੀ ਕਟਾਨਾ ਅਤੇ ਫਿਰ ਕਨੋਂਓ ਗਏ ਜਿਥੇ ਮਸੰਦ ਫਤਹਿ ਨੇ ਬਹਾਨੇ ਲਾ ਕੇ ਗੁਰੂ ਜੀ ਨੂੰ ਟਾਲ ਕੇ ਆਪਣੇ ਕੋਲ ਠਹਿਰਨ ਨ ਦਿਤਾ। ਉਥੋਂ ਗੁਰੂ ਜੀ ਆਲਮਗੀਰ ਪੁੱਜੇ। ਜਿਥੇ ਨੰਦ ਲਾਲ,ਇੱਕ ਜ਼ਿਮੀਦਾਰ ਨੇ ਗੁਰੂ ਜੀ ਨੂੰ ਇੱਕ ਘੋੜਾ [੧੫] ਭੇਟਾ ਕੀਤਾ ਜਿਸਤੋਂ ਗੁਰੂ ਜੀ ਨੇ ਪਾਲਕੀ ਛੱਡ ਕੇ ਘੋੜੇ ਤੇ ਸਵਾਰ ਹੋ ਗਏ। ਹੁਣ ਸਮੇਂ ਦੀ ਹਾਲਤ ਵਧੇਰੇ ਸੌਖੀ ਹੋ ਗਈ ਅਤੇ ਗੁਰੂ ਜੀ ਨੇ ਨਬੀ ਖਾਨ ਅਤੇ ਗਨੀ ਖਾਨ ਨੂੰ ਇੱਕ ਹੁਕਮਨਾਮਾ ਬਖਸ਼ਿਆ ਕਿ ਗੁਰਸਿੱਖ ਇਹਨਾਂ ਦੋਹਾਂ ਦਾ ਸਨਮਾਨ ਕਰਦੇ ਰਹਿਣ; ਅਤੇ ਦੋਹਾਂ ਨੂੰ ਘਰ ਵਾਪਸ ਚਲੇ ਜਾਣ ਲਈ ਕਿਹਾ। ਪੀਰ ਮੁਹੰਮਦ ਨੂੰ ਵੀ ਗੁਰੂ ਜੀ ਨੇ ਇੱਕ ਹੁਕਮਨਾਮਾ ਬਖਿਸ਼ਆ। ਆਲਮਗੀਰ ਤੋਂ ਗੁਰੂ ਜੀ ਘੋੜੇ ਤੇ ਸਵਾਰ ਰਾਇਕੋਟ ਵਲ ਗਏ।ਸਿਲੋਨੀ ਪਹੁੰਚਣ ਤੇ ਰਾਇਕੋਟ ਦਾ ਚੌਧਰੀ, ਰਾਇ ਕਾਲਾ, ਜੋ ਗੁਰੂ ਜੀ ਦਾ ਸ਼ਰਧਾਲੂ ਅਤੇ ਕੋਟਲਾ ਨਿਹੰਗ ਦੇ ਨਿਹੰਗ ਖਾਨ ਦਾ ਨੇੜੇ ਦਾ ਸਬੰਧੀ ਸੀ, ਗੁਰੂ ਜੀਦੀ ਸੇਵਾ ਵਿੱਚ ਹਾਜ਼ਰ ਹੋਇਆ ਅਤੇ ਉਨ੍ਹਾਂ ਨੂੰ ਰਾਇਕੋਟ ਲੈ ਗਿਆ। ਇਥੇ ਗੁਰੂ ਜੀ ਨੂੰ ਨੂਰਾ ਮਾਹੀ ਨੇ ਸਰਹਿੰਦ ਤੋਂ ਲਿਆਂਦੀ ਗੁਰੂ ਜੀ ਦੇ ਦੋ ਛੋਟੇ ਸਾਹਿਬਜ਼ਾਦਿਆਂ ਬਾਰੇ ਖਬਰ ਦਿਤੀ।

## ਮਾਸੂਮ ਸਾਹਿਬਜ਼ਾਦਿਆਂ ਦੀ ਸ਼ਹੀਦੀ :

ਚੜ੍ਹ ਆਏ ਸਰਸਾ ਦਰਿਆ ਨੂੰ ਪਾਰ ਕਰਦਿਆਂ ਸਮੇਂ ਆਈ ਬਿਪਤਾ ਵੇਲੇ ਗੁਰੂ ਜੀ ਦੇ ਸਾਥੀ ਅਤੇ ਪਰਵਾਰ ਵੱਖ ਵੱਖ ਦਿਸ਼ਾ ਵਲ ਖਿੰਡ ਪੁੰਡ ਗਏ। ਮਾਤਾ ਜੀਤ ਕੌਰ ਜੀ, ਮਾਤਾ ਸਾਹਿਬ ਕੌਰ ਜੀ ਅਤੇ ਉਹਨਾਂ ਦੀਆਂ ਦੋ ਦਾਸੀਆਂ, ਭਾਈ ਮਨੀ ਸਿੰਘ, ਧੰਨਾ ਸਿੰਘ ਅਤੇ ਜਵਾਹਰ ਸਿੰਘ ਸਾਰੇ ਇੱਕ ਟੋਲੀ ਵਿੱਚ ਇਕੱਠੇ ਸਨ।

ਜਵਾਹਰ ਸਿੰਘ, ਜੋ ਦਿੱਲੀ ਦਾ ਵਾਸੀ ਸੀ, ਇਹਨਾਂ ਸਭ ਨੂੰ ਆਪਣੇ ਘਰ ਦਿੱਲੀ ਲੈ ਗਿਆ। ਗੁਰੂ ਜੀ ਦੇ ਬਿਰਧ ਮਾਤਾ ਜੀ ਅਤੇ ਦੋ ਛੋਟੇ ਸਾਹਿਬਜ਼ਾਦੇ ਗੰਗੂ ਬ੍ਰਾਹਮਣ ਨਾਲ ਮੋਰਿੰਡਾ ਨੇੜੇ ਉਸ ਦੇ ਪਿੰਡ ਸਹੇੜੀ ਚਲੇ ਗਏ। ਗੰਗੂ ਨੇ ਗੁਰੂ ਜੀ ਦੇ ਲੰਗਰ ਵਿੱਚ ਇਕੀ ਵਰ੍ਹੇਕੰਮ ਕੀਤਾ ਸੀ। ਗੁਰੂ ਜੀ ਦੇ ਮਾਤਾ ਗੁਜਰੀ ਜੀ ਕੋਲ ਇੱਕ ਗੁੱਥੀ ਵਿੱਚ ਧਨ-ਰਾਸ਼ੀ ਸੀ। ਮਾਤਾ ਜੀ ਦਾ ਧਨ ਵੇਖ ਕੇ ਗੰਗੂ ਲਲਚਾ ਗਿਆ ਅਤੇ ਭੁੱਲ ਗਿਆ ਕਿ ਉਸ ਨੇ ਗੁਰੂ ਜੀ ਦਾ ਇੱਕੀ ਵਰ੍ਹੇ ਲੂਣ ਖਾਧਾ ਹੈ। ਜਦ ਮਾਤਾ ਜੀ ਅੱਧੀ ਨੀਂਦ ਵਿੱਚ ਸਨ, ਗੰਗੂ ਨੇ ਉਹ ਗੁੱਥੀ ਚੁਰਾ ਲਈ ਅਤੇ ਰੌਲਾ ਪਾ ਦਿੱਤਾ, "ਚੋਰ, ਚੋਰ", ਇਹ ਦਸਣ ਲਈ ਕਿ ਕੋਈ ਚੋਰ ਧਨ ਚੋਰੀ ਕਰਕੇ ਲੈ ਗਿਆ ਹੈ। ਮਾਤਾ ਜੀ ਗੰਗੂ ਕੋਲ ਆਏ ਅਤੇ ਉਸ ਨੂੰ ਕਿਹਾ ਕਿ ਉਨ੍ਹਾਂ ਨੇ ਕਿਸੇ ਹੋਰ ਨੂੰ ਘਰ ਵੜਦਿਆਂ ਨਹੀਂ ਵੇਖਿਆ। ਇਸ ਤੇ ਗੰਗੂ ਆਪਣੇ ਬਚਾਅ ਲਈ ਕਹਿਣ ਲੱਗਾ ਕਿ ਉਸ ਨੂੰ ਚੋਰੀ ਦਾ ਦੋਸ਼ ਇਸ ਕਰਕੇ ਦਿਤਾ ਜਾਂਦਾ ਹੈ ਕਿਉਂਕਿ ਉਸ ਨੇ ਬੇਘਰਾਂ ਅਤੇ ਕਾਨੂੰਨ ਤੋਂ ਭੱਜਿਆਂ ਨੂੰ ਆਸਰਾ ਦਿਤਾ ਹੈ। ਆਪਣਾ ਦੋਸ਼ ਮੰਨਣ ਦੀ ਥਾਂ ਉਸ ਨੇ ਮਾਤਾ ਜੀ ਅਤੇ ਸਾਹਿਬਜ਼ਾਦਿਆਂ ਨੂੰ ਘਰੋਂ ਨਿਕਲ ਜਾਣ ਲਈ ਕਹਿ ਦਿਤਾ। ਅੰਤ ਵਿੱਚ ਉਸ ਨੇ ਉਹਨਾਂ ਨੂੰ ਮੋਰਿੰਡਾ ਦੇ ਪੁਲਿਸ ਅਫਸਰ ਦੇ ਹਵਾਲੇ ਕਰ ਦਿਤਾ ਜਿਸ ਨੇ ਅਗੋਂ ਉਹਨਾਂ ਨੂੰ ਸਰਹਿੰਦ ਦੇ ਨਵਾਬ ਵਜ਼ੀਰ ਖਾਨ ਕੋਲ ਦੇ ਦਿਤਾ। ਉਹਨਾਂ ਨੂੰ ਉਥੇ ਇੱਕ ਬੁਰਜ ਵਿੱਚ ਕੈਦ ਕਰ ਦਿਤਾ ਗਿਆ।

ਅਗਲੀ ਸਵੇਰ ਦੋਵੇਂ ਸਾਹਿਬਜ਼ਾਦੇ ਨਵਾਬ ਦੀ ਕਚਹਿਰੀ ਵਿੱਚ ਪੇਸ਼ ਕੀਤੇ ਗਏ। ਵਜ਼ੀਰ ਖਾਨ ਦਾ ਖਿਆਲ ਸੀ ਕਿ ਜੇ ਸਾਹਿਬਜ਼ਾਦੇ ਮੁਸਲਮਾਨ ਬਣ ਜਾਣ ਤਾਂ ਉਸ ਦੇ ਮਜ਼ਹਬ ਇਸਲਾਮ ਦੀ ਸ਼ਾਨ ਹੋਵੇਗੀ। ਇਸ ਲਈ ਉਸ ਨੇ ਉਹਨਾਂ ਨੂੰ ਕਿਹਾ ਕਿ ਜੇ ਉਹ ਮੁਸਲਮਾਨ ਹੋ ਜਾਣ ਤਾਂ ਉਹ ਉਹਨਾਂ ਨੂੰ ਇੱਕ ਜਾਗੀਰ ਦੇਵੇਗਾ, ਉਹਨਾਂ ਦੀ ਸ਼ਾਦੀ ਸ਼ਹਿਜ਼ਾਦੀਆਂ ਨਾਲ ਕਰਵਾ ਦੇਵੇਗਾ ਅਤੇ ਉਹ ਸੁਖੀ ਰਹਿਣਗੇ ਅਤੇ ਬਾਦਸ਼ਾਹ ਵੀ ਉਹਨਾਂ ਦੀ ਇਜ਼ਤ ਕਰੇਗਾ। ਨੌਂ ਵਰ੍ਹੇ ਦੀ ਉਮਰ ਦੇ ਜ਼ੋਰਾਵਰ ਸਿੰਘ ਨੇ ਉਤਰ ਦਿਤਾ, "ਸਾਡੇ ਦਾਦਾ ਜੀ, ਗੁਰੂ ਤੇਗ ਬਹਾਦਰ ਸਾਹਿਬ ਨੇ ਆਪਣਾ ਸੀਸ ਬਲੀਦਾਨ ਕਰ ਦਿਤਾ ਸੀ ਪਰ ਧਰਮ ਨਹੀਂ ਛੱਡਿਆ ਸੀ ਅਤੇ ਉਨ੍ਹਾਂ ਨੇ ਸਾਨੂੰ ਉਹਨਾਂ ਦੇ ਪੂਰਨਿਆਂ ਉਤੇ ਚੱਲਣਾ ਹੁਕਮ ਕੀਤਾ ਸੀ। ਸਭ ਤੋਂ ਚੰਗਾ ਇਹ ਹੈ ਕਿ ਅਸੀਂ ਸਿੱਖ ਧਰਮ ਦੀ ਰਖਵਾਲੀ ਲਈ ਆਪਣੀਆ ਜਾਨਾਂ ਦੇ ਦੇਈਏ ਅਤੇ ਤੁਰਕਾਂ ਉਤੇ ਅਕਾਲ ਪੁਰਖ ਦੀ ਕਰੋਪੀ ਲਿਆਈਏ।" ਗੱਲ ਜਾਰੀ ਰਖਦਿਆਂ ਜ਼ੋਰਾਵਰ ਸਿੰਘ ਨੇ ਕਿਹਾ, "ਨਵਾਬ, ਮੈਂ ਤੇਰੇ ਧਰਮ ਨੂੰ ਠੋਕਰ ਮਾਰਦਾ ਹਾਂ ਅਤੇ ਆਪਣਾ ਧਰਮ ਨਹੀਂ ਛੱਡਾਂਗਾ। ਇਹ ਸਾਡੇ ਪਰਵਾਰ ਦੀ ਰੀਤ ਬਣ ਗਈ ਹੈ ਕਿ ਜਾਨ ਦੇ ਦੇਣੀ ਹੈ, ਆਪਣਾ ਧਰਮ ਨਹੀਂ। ਤੂੰ ਸਾਨੂੰ ਕੁੜੀਆਂ ਦੀਆਂ ਲਾਲਸਾਵਾਂ ਦਾ ਲਾਲਚ ਕਿਉਂ ਦੇਣਾ ਚਾਹੁੰਦਾ ਹੈਂ ? ਅਸੀਂ ਤੇਰੀ ਪੇਸ਼ਕਸ਼ ਦੇ ਝੂਠੇ ਫਾਇਦਿਆਂ ਕਾਰਨ ਆਪਣੇ ਰਾਹ ਤੋਂ ਭਟਕ ਨਹੀਂ ਜਾਵਾਂਗੇ।"

ਵਜ਼ੀਰ ਖਾਨ ਅਜੇਹੀਆਂ ਮੂੰਹਫਟ ਗੱਲਾਂ ਸਹਾਰ ਨ ਸਕਿਆ ਅਤੇ ਉਸ ਨੇ ਫੈਸਲਾ ਕੀਤਾ ਕਿ ਦੋਹਾਂ ਸਾਹਿਬਜ਼ਾਦਿਆਂ ਨੂੰ ਮਰਵਾ ਦਿਤਾ ਜਾਵੇ। ਸੁੱਚਾ ਨੰਦ, ਉਸ ਦੇ ਇੱਕ ਹਿੰਦੂ ਵਜ਼ੀਰ, ਨੇ ਨਵਾਬ ਦੀ ਹਾਮੀ ਭਰੀ ਇਹ ਕਹਿ ਕੇ ਕਿ ਸਾਹਿਬਜ਼ਾਦੇ ਦੇ ਅਜੇਹੇ ਹੰਕਾਰੀ ਲਫ਼ਜ਼ ਬੇਜਾ ਸਨ। ਉਸ ਨੇ ਵਜ਼ੀਰ ਖਾਨ ਦੇ ਗੁੱਸੇ ਨੂੰਹੋਰ ਭੜਕਾ ਦਿਤਾ ਇਹ ਕਹਿ ਕੇ ਕਿ ਇਹ ਬੱਚੇ ਵੱਡੇ ਹੋ ਕੇ ਆਪਣੇ ਬਾਪ ਦੇ ਕਦਮਾਂ ਉਤੇ ਚਲਣਗੇ ਅਤੇ ਦੁਸ਼ਮਨਾਂ ਨੂੰ ਤਬਾਹ ਕਰਨਗੇ। ਸੋ ਇਹਨਾਂ ਨਾਗ ਦੇ ਬੱਚਿਆਂ ਨੂੰ ਵੇਲੇ ਸਿਰ ਮਾਰ ਦੇਣਾ ਜ਼ਰੂਰੀ ਹੈ। ਉਸ ਵੇਲੇ ਮਲੇਰਕੋਟਲੇ ਦੇ ਨਵਾਬ ਸ਼ੇਰ ਮੁਹੰਮਦ ਖਾਨ ਨਿਝੱਕ ਹੋ ਕੇ ਬੋਲਿਆ, "ਨਵਾਬ ਸਾਹਿਬ, ਇਹ ਅਜੇ ਬਾਲਵਾੜੀ ਵਿੱਚ ਦੁੱਧ ਪੀਂਦੇ ਬੱਚੇ ਹਨ ਅਤੇ ਉਮਰ ਵਿੱਚ ਐਨੇ ਛੋਟੇ ਹਨ ਕਿ ਕੋਈ ਕਸੂਰ ਕਰਨ ਜੋਗੇ ਨਹੀਂ ਹਨ ਅਤੇ ਨ ਹੀ ਇਹਨਾਂ ਨੂੰ ਅਛੇ ਜਾਂ ਬੁਰੇ ਦੀ ਪਹਿਚਾਨ ਹੈ। ਮੁਤਬਰਕ ਕੁਰਾਨ ਮਾਸੂਮ ਅਤੇ ਬੇਆਸਰਾ ਬੱਚਿਆਂ ਨੂੰ ਕਤਲ ਕਰਨ ਦੀ ਇਜਾਜ਼ਤ ਨਹੀਂ ਦਿੰਦਾ। ਇਸਲਈ ਮਿਹਰਬਾਨੀ ਕਰਕੇ ਇਹਨਾਂ ਨੂੰ ਰਿਹਾਅ ਕਰ ਦਿਉ।" ਇਸ ਅਪੀਲ ਦੇ ਬਾਵਜੂਦ ਕਾਜ਼ੀ ਨੇ ਦੱਸਿਆ ਕਿ ਸ਼ਰੀਅਤ ਮੁਤਾਬਕ ਕਾਫ਼ਰਾਂ ਨੂੰ ਇਸਲਾਮ ਜਾਂ ਮੌਤ ਚੁਨਣ ਦਾ ਮੌਕਾ ਦਿਤਾ ਜਾਂਦਾ ਹੈ।

ਕਿਹਾ ਜਾਂਦਾ ਹੈ ਕਿ ਸਾਹਿਬਜ਼ਾਦਿਆਂ ਨੂੰ ਇਸਲਾਮ ਲਈ ਮਨਾਉਣ ਵਾਸਤੇ ਅਗਲੇ ਦਿਨ ਉਹਨਾਂ ਨੂੰ ਇੱਕ ਬਹੁਤ ਛੋਟੇ ਦਰਵਾਜ਼ੇ ਰਾਹੀਂ ਲੰਘਣ ਲਈ ਕਿਹਾ ਗਿਆ ਜਿਸ ਦੇ ਸਾਮ੍ਹਣੇ ਦੂਜੇ ਪਾਸੇ ਕੁਰਾਨ ਰੱਖਿਆ ਹੋਇਆ ਸੀ। ਇਸ ਦਾ ਭਾਵ ਇਹ ਸੀ ਕਿ ਦਰਵਾਜ਼ਾ ਛੋਟਾ ਹੋਣ ਕਾਰਨ ਸਾਹਿਬਜ਼ਾਦੇ ਸਿਰ ਨਿਵਾ ਕੇ ਲੰਘ ਸਕਣਗੇ ਅਤੇ ਇਸਤਰ੍ਹਾਂ ਲੰਘਣ ਪਿਛੋਂ ਉਹਨਾਂ ਨੂੰ ਕਿਹਾ ਜਾਏਗਾ ਕਿ ਉਹਨਾਂ ਨੇ ਕੁਰਾਨ ਸ਼ਰੀਫ ਅਗੇ ਸਿਰ ਝੁਕਾ ਦਿਤਾ ਹੈ ਜਿਸ ਦਾ ਮਤਲਬ ਹੈ ਕਿ ਇਸਲਾਮ ਕਬੂਲ ਕਰ ਲਿਆ ਹੈ। ਜਦ ਸਾਹਿਬਜ਼ਾਦਿਆਂ ਨੇ ਇਹ ਫਰੇਬ ਵੇਖਿਆ, ਸਤ ਵਰ੍ਹੇ ਦੀ ਉਮਰ ਦੇ ਫਤਹਿ ਸਿੰਘ ਨੇ ਦਰਵਾਜ਼ੇ ਵਿਚੋਂ ਲੰਘਦਿਆਂ ਪਹਿਲਾਂ ਪੈਰ ਅੱਗੇ ਕੀਤੇ। ਇਸ ਦਾ ਮਤਲਬ ਸੀ ਕਿ ਕੁਰਾਨ ਸ਼ਰੀਫ ਵਲ ਪੈਰ ਕਰਨੇ ਇਸਲਾਮ ਦੀ ਹੱਤਕ ਸੀ। ਇਸ ਤਰ੍ਹਾਂ ਵਜ਼ੀਰ ਖਾਨ ਗੁਰੂ ਗੋਬਿੰਦ ਸਿੰਘ ਜੀ ਦੇ ਸੱਤ ਅਤੇ ਨੌਂ ਵਰ੍ਹੇ ਦੇ ਸਾਹਿਬਜ਼ਾਦਿਆਂ ਨੂੰ ਜਿਤ ਨ ਸਕਿਆ। ਜਦ ਸਾਹਿਬਜ਼ਾਦਿਆਂ ਨੂੰ ਇਸਲਾਮ ਧਾਰਨ ਕਰਾਉਣ ਲਈ ਹਰੇਕ ਜਤਨ ਅਸਫਲ ਰਿਹਾ ਤਾਂ ਅਖੀਰ ਇਹ ਹੁਕਮ ਦਿਤਾ ਗਿਆ ਕਿ ਦੋਹਾਂ ਨੂੰ ਜਿੰਦਾ ਕੰਧ ਵਿੱਚ ਚਿਣ ਦਿਤਾ ਜਾਏ।

ਇਸ ਹੁਕਮ ਅਨੁਸਾਰ ਦੋਹਾਂ ਸਾਹਿਬਜ਼ਾਦਿਆਂ ਨੂੰ ਖੜਾ ਕਰਕੇ ਉਹਨਾਂ ਦੇ ਕੋਮਲ ਸਰੀਰਾਂ ਦੁਆਲੇ ਇਟ ਇਟ ਕਰਕੇ ਕੰਧ ਉਸਾਰੀ ਗਈ। ਜਦ ਕੰਧ ਸਾਹਿਬਜ਼ਾਦਾ ਫਤਹਿ ਸਿੰਘ ਦੇ ਮੋਢਿਆਂ ਤਕ ਆਈ ਤਾਂ ਜੱਲਾਦ ਆਪਣੀ ਤਲਵਾਰ ਲੈ ਕੇ ਅੱਗੇ ਵਧਿਆ ਅਤੇ ਪੁੱਛਣ ਲੱਗਾ ਕਿ ਦੋਹਾਂ ਵਿਚੋਂ ਕਿਸ ਦਾ ਸਿਰ ਪਹਿਲਾਂ ਕੱਟਿਆ ਜਾਏ ? ਇਸ ਤੇ ਸਾਹਿਬਜ਼ਾਦਾ ਫਤਹਿ ਸਿੰਘ ਬੋਲਿਆ, "ਓ ਜੱਲਾਦ ਸੁਣੋ, ਕਿਉਂਕਿ ਦੀਵਾਰ ਮੇਰੇ ਮੋਢਿਆਂ ਤਕ ਪਹਿਲਾਂ ਪਹੁੰਚੀ ਹੈ, ਇਸਲਈ ਮੇਰਾ ਸਿਰ ਪਹਿਲਾਂ ਕੱਟੋ।" ਸਾਹਿਬਜ਼ਾਦਾ ਜ਼ੋਰਾਵਰ ਸਿੰਘ ਜ਼ੋਰ ਨਾਲ ਬੋਲਿਆ, "ਨਹੀਂ ਤੂੰ ਜਿਨਾਂ ਚਿਰ ਮੇਰਾ ਸਿਰ ਨਹੀਂ ਕੱਟੇਂਗਾ ਇਸ ਦਾ ਸਿਰ ਨਹੀਂ ਕੱਟ ਸਕਦਾ ਕਿਉਂਕਿ ਮੈਂ ਇਸ ਤੋਂ ਉਮਰ ਵਿੱਚ ਵੱਡਾ ਹਾਂ ਅਤੇ ਮੇਰਾ ਹੱਕ ਬਣਦਾ ਹੈ ਪਹਿਲਾਂ ਜਾਣ ਲਈ। ਮੇਰਾ ਸਿਰ ਪਹਿਲਾਂ ਕੱਟੋ।" ਇਹੋ ਜੇਹੀ ਅਜੀਬ ਬਹਿਸ ਸੁਣ ਕੇ ਵਜ਼ੀਰ ਖਾਨ ਦੀ ਕਚਹਿਰੀ ਵਿੱਚ ਸਾਰੇ ਲੋਕ ਚਕਰਾ ਗਏ। ਛੋਟੇ ਜਿਹੇ ਬੱਚੇ ਮੌਤ ਦੇ ਫਰਿਸ਼ਤੇ ਦਾ ਮਖੌਲ ਉਡਾ ਰਹੇ ਸਨ। ਇਤਿਹਾਸਕਾਰ ਲਿਖਦਾ ਹੈ ਕਿ ਸਾਹਿਬਜ਼ਾਦਾ ਫਤਹਿ ਸਿੰਘ ਦਾ ਸੀਸ ਪਹਿਲਾਂ ਕੱਟਿਆ ਗਿਆ। ਇਸ ਲਈ ਇਸ ਸਥਾਨ ਦਾ ਨਾਮ ਫਤਹਿਗੜ੍ਹ ਸਾਹਿਬ ਇਹਨਾਂ ਦੋਹਾਂ ਸਾਹਿਬਜ਼ਾਦਿਆਂ ਦੀ ਯਾਦ ਵਿੱਚ ਰੱਖਿਆ ਗਿਆ। ਜਦ ਮਾਤਾ ਗੁਜਰੀ ਜੀ, ਜੋ ਸਾਹਿਬਜ਼ਾਦਿਆਂ ਦੀ ਉਡੀਕ ਕਰ ਰਹੇ ਸੀ, ਨੂੰ ਬੁਰਜ ਵਿੱਚ ਇਹ ਖਬਰ ਮਿਲੀ ਤਾਂ ਉਨ੍ਹਾਂ ਨੇ ਉਥੇ ਹੀ ਪ੍ਰਾਣ ਤਿਆਗ ਦਿਤੇ। ਇਹ ਧਰੋਹ-ਪੂਰਨ ਘਟਨਾ ੧੩ ਪੋਹ ਸੰਮਤ ੧੭੬੨ (੨੭ ਦਸੰਬਰ ੧੭੦੫) ਨੂੰ ਵਾਪਰੀ। ਟੋਡਰ ਮਲ [੧੬] ਨਾਮ ਦੇ ਇੱਕ ਧਨਵਾਨ ਸਿੱਖ ਨੇ ਗੁਰੂ ਜੀ ਦੀ ਮਾਤਾ ਜੀ ਅਤੇ ਦੋਹਾਂ ਸਾਹਿਬਜ਼ਾਦਿਆਂ ਦੀਆਂ ਦੇਹਾਂ ਦਾ ਸਸਕਾਰ ਕਰਨ ਲਈ ਅਗੇ ਆਇਆ। ਵਜ਼ੀਰ ਖਾਨ ਨੇ ਉਸ ਨੂੰ ਕਿਹਾ ਕਿ ਸਸਕਾਰ ਕਰਨ ਲਈ ਜਿਨੀ ਜਗਾ ਚਾਹੀਦੀ ਹੈ ਉਹ ਤਾਂ ਮਿਲੇਗੀ ਜੇ ਉਨੀ ਜਗਾ ਤੇ ਸੋਨੇ ਦੀਆਂ ਮੁਹਰਾਂ ਵਛਾਵੇਂ। ਟੋਡਰ ਮਲ ਨੇ ਸੋਨੇ ਦੀਆਂ ਮੁਹਰਾਂ ਵਛਾ ਕੇ ਜਗਾ ਖਰੀਦੀ ਅਤੇ ਸਸਕਾਰ ਕੀਤਾ। ਇਹਨਾਂ ਦੀ ਯਾਦ ਵਿੱਚ ਉਥੇ ਇੱਕ ਗੁਰਦੁਆਰਾ ਸਥਿਤੱ ਹੈ।ਇਥੇ ਆਏ ਸਾਲ ੧੧-੧੩ ਪੋਹ ਨੂੰ ਤਿੰਨ ਦਿਨ ਜੋੜ ਮੇਲਾ ਲਗਦਾ ਹੈ।

ਜਿਉਂ ਹੀ ਨੂਰਾ ਮਾਹੀ ਨੇ ਦੁਖ ਭਰੀ ਵਾਰਤਾ ਸੁਣਾਈ ਰਾਇ ਕਾਲਾ ਅਤੇ ਹੋਰ ਸੁਨਣ ਵਾਲੇ ਸੋਗ ਨਾਲ ਟੁਟ ਗਏ ਅਤੇ ਜ਼ਾਰ ਜ਼ਾਰ ਰੋਏ। ਪਰ ਗੁਰੂ ਜੀ ਅਡੋਲ ਅਤੇ ਸਦਾ ਵਾਂਗ ਸ਼ਾਂਤ ਚਿਤ ਸਨ। ਜਦ ਨੂਰਾ ਮਾਹੀ ਨੇ ਪੀੜਾਮਈ ਵਾਰਤਾ ਪੂਰੀ ਕੀਤੀ, ਗੁਰੂ ਜੀ ਨੇ ਅਕਾਲ ਪੁਰਖ ਦਾ ਧੰਨਵਾਦ ਕੀਤਾ ਕਿ ਆਪਣੇ ਸਪੁੱਤਰਾਂ ਦਾ ਸ਼ਾਨਦਾਰ ਅਤੇ ਵਿਜੈ-ਪੂਰਨ ਜੀਵਨ-ਅੰਤ ਹੋਇਆ ਹੈ। ਗੁਰੂ ਜੀ ਨੇ ਫਿਰ ਅਰਦਾਸ ਕੀਤੀ, "ਹੇ ਅਕਾਲ ਪੁਰਖ ਜੀਉ, ਆਪ ਜੀ ਨੇ ਮੈਨੂੰ ਪਿਤਾ ਜੀ, ਮਾਤਾ ਜੀ ਅਤੇ ਚਾਰ ਸਪੁਤਰ ਬਖਸ਼ੇ। ਇਹ ਸਭ ਆਪ ਜੀ ਦੀ ਮੇਰੇ ਕੋਲ ਅਮਾਨਤ ਸਨ। ਅੱਜ ਮੈਂ ਇਹ ਅਮਾਨਤ ਆਪ ਜੀ ਕੋਲ ਵਾਪਸ ਦੇਣ ਵਿੱਚ ਸਫਲ ਅਤੇ ਖੁਸ਼ ਹੋਇਆ ਹਾਂ।" ਜਦ ਗੁਰੂ ਜੀ ਨੂਰਾ ਮਾਹੀ ਤੋਂ ਸਾਰਾ ਹਾਲ ਸੁਣ ਰਹੇ ਸਨ ਤਾਂ ਇੱਕ ਝਾੜੀ ਪੁੱਟੀ ਜਾ ਰਹੇ ਸਨ। ਤਦ ਉਨ੍ਹਾਂ ਨੇ ਬਚਨ ਕੀਤਾ, "ਜਿਵੇਂ ਮੈਂ ਇਹ ਝਾੜੀ ਜੜ੍ਹਾਂ ਤੋਂ ਪੁੱਟੀ ਹੈ, ਇਸੇ ਤਰ੍ਹਾਂ ਤੁਰਕ ਜੜ੍ਹੋਂ ਪੁਟੇ ਜਾਣਗੇ।"[੧੭] ਗੁਰੂ ਜੀ ਨੇ ਇਹ ਵੀ ਫੁਰਮਾਇਆ, "ਮੇਰੇ ਬੱਚੇ ਮਰੇ ਨਹੀਂ, ਉਹ ਆਪਣੇ ਸਦੀਵੀ ਘਰ ਵਾਪਸ ਚਲੇ ਗਏ ਹਨ। ਸਰਹਿੰਦ ਹੈ ਜੋ ਮਰੇਗਾ।"[੧੮]

ਗੁਰੂ ਜੀ ਨੇ ਆਪਣਾ ਸਫਰ ਜਾਰੀ ਰੱਖਿਆ ਅਤੇ ਹੇਹਰ ਪੁੱਜੇ ਜਿਥੇ ਉਹ ਭੰਗਾਣੀ ਦੇ ਯੁਧ ਦੇ ਸੂਰਬੀਰ ਮਹੰਤ ਕ੍ਰਿਪਾਲ ਕੋਲ ਦੋ ਦਿਨ ਰਹੇ। ਅਗਲਾ ਟਿਕਾਣਾ ਜੰਮਾ ਜਟਪੁਰਾ ਸੀ। ਰਾਇ ਕੱਲਾ, ਜੋ ਗੁਰੂ ਜੀ ਦੇ ਨਾਲ ਆ ਰਿਹਾ ਸੀ, ਆਗਿਆ ਲੈ ਕੇ ਚਲਾ ਗਿਆ। ਇਹ ਅਨੁਭਵ ਕਰਦਿਆਂ ਕਿ ਰਾਇਕੋਟ ਦੇ ਆਲੇ ਦੁਆਲੇ ਦਾ ਇਲਾਕਾ ਵੈਰੀ ਦੀ ਵੰਗਾਰ ਦਾ ਟਾਕਰਾ ਕਰਨ ਲਈ ਠੀਕ ਨਹੀਂ, ਗੁਰੂ ਜੀ ਨੇ ਆਪਣੇ ਸਿੱਖਾਂ ਨੂੰ ਜੰਗਲ ਦੇਸ਼ ਵਲ ਚੱਲਣ ਦਾ ਆਦੇਸ਼ ਦਿਤਾ, ਜੋ ਬਰਾਰ ਲੋਕਾਂ ਦਾ ਇਲਾਕਾ ਸੀ। ਰਾਹ ਵਿੱਚ ਗੁਰੂ ਜੀ ਮਨੂਕੇ, ਮਹਿਦੀਆਨਾ ਚੱਕਰ, ਤਖਤਪੁਰ ਅਤੇ ਮੇਦਨ ਪਿੰਡਾਂ ਵਿਚੋਂ ਲੰਘੇ ਅਤੇ ਫ਼ਿਰੋਜ਼ਪੁਰ ਜ਼ਿਲ੍ਹੇ ਵਿੱਚ ਦੀਨਾ ਪੁੱਜੇ।

ਦੀਨਾ ਵਿੱਚ ਇੱਕ ਸ਼ਰਧਾਵਾਨ ਸਿੱਖ ਨੇ ਗੁਰੂ ਜੀ ਜੋਗ ਇੱਕ ਬਹੁਤ ਵਧੀਆ ਘੋੜਾ ਭੇਟ ਕੀਤਾ ਜੋ ਗੁਰੂ ਜੀ ਨੇ ਆਪਣੇ ਲਈ ਪ੍ਰਵਾਨ ਕਰ ਲਿਆ ਅਤੇ ਜਿਸ ਘੋੜੇ ਤੇ ਸਵਾਰ ਉਹ ਆਏ ਸਨ ਉਹ ਭਾਈ ਦਇਆ ਸਿੰਘ ਨੂੰ ਦੇ ਦਿਤਾ। ਗੁਰੂ ਜੀ ਦੇ ਆਉਣ ਦੀ ਖਬਰ ਇਲਾਕੇ ਦੀਆਂ ਸੰਗਤਾਂ ਨੂੰ ਮਿਲੀ ਅਤੇ ਉਹਨਾਂ ਦੀਆਂ ਵਹੀਰਾਂ ਗੁਰੂ ਜੀ ਦੇ ਦਰਸ਼ਨ ਕਰਨ ਆਉਣ ਲੱਗੀਆਂ। ਕੁਝ ਅਸਰ ਰਸੂਖ ਵਾਲੇ ਸਿੱਖ, ਜੋ ਗੁਰੂ ਜੀ ਦੇ ਦਰਸ਼ਨ ਕਰਨ ਆਏ ਸਨ : ਜੋਧਾ ਰਾਇ ਦੇ ਪੋਤਰੇ ਸ਼ਮੀਰਾ, ਲਖਮੀਰਾ ਅਤੇ ਤਖਤ ਮੱਲ। ਜੋਧਾ ਰਾਇ ਨੇ ਗੁਰੂ ਹਰਿਗੋਬਿੰਦ ਸਾਹਿਬ ਦੀ ਗੁਰੂਸਰ ਦੇ ਯੁਧ ਵਿੱਚ ਪਦਾਰਥਕ ਸੇਵਾ ਕੀਤੀ ਸੀ। ਭਾਈ ਰੂਪ ਚੰਦ ਦੇ ਪੋਤਰੇ ਪਰਮ ਸਿੰਘ ਅਤੇ ਧਰਮ ਸਿੰਘ ਵੀ ਗੁਰੂ ਜੀ ਦੇ ਦਰਸ਼ਨ ਕਰਨ ਆਏ। ਸਰਹਿੰਦ ਦੇ ਨਵਾਬ ਨੂੰ ਪਤਾ ਲੱਗਾ ਕਿ ਸ਼ਮੀਰਾ ਅਤੇ ਉਸ ਦੇ ਭਰਾਵਾਂ ਨੇ ਗੁਰੂ ਜੀ ਦੀ ਆਉ-ਭਗਤ ਕੀਤੀ ਹੈ। ਉਸ ਨੇ ਸ਼ਮੀਰੇ ਨੂੰ ਇਸ ਸਬੰਧੀ ਚਿਠੀ ਲਿਖੀ ਅਤੇ ਹੁਕਮ ਦਿਤਾ ਕਿ ਗੁਰੂ ਜੀ ਨੂੰ ਕੈਦ ਕਰ ਲਵੇ ਅਤੇ ਉਸ ਕੋਲ ਪੇਸ਼ ਕਰੇ। ਸ਼ਮੀਰੇ ਨੇ ਉਤਰ ਦਿਤਾ ਕਿ ਉਹ ਕੇਵਲ ਆਪਣੇ ਪ੍ਰੋਹਤ ਦੀ ਆਉ-ਭਗਤ ਕਰ ਰਿਹਾ ਸੀ ਜੋ ਸਿਰਫ ਆਪਣੇ ਸਿੱਖਾਂ ਨੂੰ ਦਰਸ਼ਨ ਦੇਣ ਆਏ ਹੋਏ ਹਨ ਅਤੇ ਕਿਸੇ ਨੂੰ ਕੋਈ ਤਕਲੀਫ ਨਹੀਂ ਦੇ ਰਹੇ। ਪਰ ਸ਼ਮੀਰਾ ਡਰਦਾ ਸੀ ਕਿ ਨਵਾਬ ਆਪਣੀ

ਫੌਜ ਭੇਜ ਕੇ ਗੁਰੂ ਜੀ ਨੂੰ ਕੈਦ ਕਰ ਲਵੇਗਾ। ਸੋ ਉਸ ਨੇ ਇੱਕ ਸੂਹੀਆ ਭੇਜਿਆ ਨਵਾਬ ਦੀਆਂ ਹਰਕਤਾਂ ਅਤੇ ਚਾਲਾਂ ਬਾਰੇ ਖਬਰ ਲਿਆਉਣ ਲਈ।

ਗੁਰੂ ਜੀ ਦੀਨੇ ਕੁਝ ਦਿਨ ਠਹਿਰੇ। ਏਥੇ ਹੀ ਗੁਰੂ ਜੀ ਨੇ ਆਪਣਾ ਪ੍ਰਸਿੱਧ 'ਜ਼ਫ਼ਰਨਾਮਾ'[੧੯] ਬਾਦਸ਼ਾਹ ਔਰੰਗਜ਼ੇਬ ਦੇ ਨਾਮ ਫ਼ਾਰਸੀ ਵਿੱਚ ਪਤਰ ਲਿਖਿਆ ਸੀ। ਅਸਲ ਵਿੱਚ ਇਹ ਬਾਦਸ਼ਾਹ ਵਲੋਂ ਗੁਰੂ ਜੀ ਨੂੰ ਆਏ ਨਿਮੰਤ੍ਰਣ ਪਤਰਾਂ ਦਾ ਅਤੀ ਉਤਮ ਉਤਰ ਸੀ। ਇਹ ਪਤਰ ਗੁਰੂ ਜੀ ਦੀ ਮਹਾਨਤਾ ਦਾ ਸੂਚਕ ਹੈ ਅਤੇ ਇਸ ਦੀ ਇੱਕ ਇੱਕ ਸਤਰ ਟੁੰਬਦੀਆਂ ਸਚਾਈਆਂ ਅਤੇ ਨਿਆਂਕਾਰੀ ਨਾਰਾਜ਼ਗੀ ਨਾਲ ਭਰੀ ਹੋਈ। ਗੁਰੂ ਜੀ ਨੇ ਬਾਦਸ਼ਾਹ ਨੂੰ ਲਿਖਿਆ ਕਿ ਉਨ੍ਹਾਂ ਨੂੰ ਉਸ ਦੇ ਅੱਲਾਹ ਦੇ ਨਾਮ 'ਤੇ ਕੀਤੇ ਸੰਜੀਦਾ ਇਕਰਾਰਾਂ ਅਤੇ ਕੁਰਾਨ ਉਤੇ ਖਾਧੀਆਂ ਸਹੁੰਆਂ 'ਤੇ ਕੋਈ ਭਰੋਸਾ ਨਹੀਂ। ਅਸਲੀਅਤ ਇਹ ਰਹੀ ਕਿ ਬਾਦਸ਼ਾਹ ਹਰ ਮੌਕੇ 'ਤੇ ਆਪਣੇ ਸੰਜੀਦਾ ਇਕਰਾਰਾਂ ਤੇ ਨ ਟਿਕਿਆ ਰਿਹਾ ਅਤੇ ਝੂਠਾ, ਕਮੀਨਾ ਅਤੇ ਧੋਖੇਬਾਜ਼ ਸਾਬਤ ਹੋਇਆ। ਗੁਰੂ ਜੀ ਨੇ ਲਿਖਿਆ, "ਕੀਹ ਹੋਇਆ ਜੋ ਮੇਰੇ ਚਾਰ ਬੇਟੇ ਮਾਰੇ ਗਏ, ਮੈਂ ਤਾਂ ਪਿਛੇ ਕੁੰਡਲੀ ਮਾਰੀ ਸੱਪ ਵਾਂਗ ਬੈਠਾ ਹਾਂ ! ਥੋੜੀਆਂ ਕੁ ਜੀਵਨ ਦੀਆਂ ਚੰਗਿਆੜੀਆਂ ਬੁਝਾ ਦੇਣਾ ਕੀਹ ਬਹਾਦਰੀ ਹੋਈ ? ਤੂੰ ਕੇਵਲ ਇੱਕ ਤੇਜ਼ ਬਲ ਰਹੀ ਅੱਗ ਨੂੰ ਹੋਰ ਭੜਕਾ ਰਿਹਾ ਹੈਂ। ... ਜਿਵੇਂ ਤੂੰ ਉਸ ਦਿਨ ਆਪਣੇ ਕਹੇ ਨੂੰ ਭੁਲਾ ਦਿਤਾ ਸੀ, ਉਸੇ ਤਰ੍ਹਾਂ ਅੱਲਾਹ ਤੈਨੂੰ ਭੁਲ ਜਾਏਗਾ।ਅੱਲਾਹ ਤੈਨੂੰ ਤੇਰੇ ਸ਼ੈਤਾਨੀ ਕੰਮਾਂ ਦਾ ਫਲ ਦੇਵੇਗਾ।... ਤੂੰ ਆਪਣੀ ਸਲਤਨਤ ਦਾ ਗੁਮਾਨ ਕਰਦਾ ਹੈਂ, ਮੈਨੂੰ ਆਪਣੇ ਅਕਾਲ ਪੁਰਖ (ਅਮਰ ਪਰਮਾਤਮਾ) ਦੇ ਰਾਜ ਦਾ ਮਾਣ ਹੈ। ... ਜਦ ਅਕਾਲ ਪੁਰਖ ਮਿਤ੍ਰ ਹੈ ਤਾਂ ਦੁਸ਼ਮਨ ਕੀਹ ਕਰ ਸਕਦਾ ਹੈ, ਭਾਵੇਂ ਉਹ ਸੌ ਗੁਣਾਂ ਵੱਡਾ ਹੋ ਜਾਏ। ਜੇ ਇੱਕ ਦੁਸ਼ਮਨ ਹਜ਼ਾਰ ਵਾਰੀ ਦੁਸ਼ਮਨੀ ਕਰਦਾ ਹੈ, ਜਿੰਨਾ ਚਿਰ ਅਕਾਲ ਪੁਰਖ ਮਿਤਰ ਹੈ ਉਤਨਾ ਚਿਰ ਦੁਸ਼ਮਨ ਉਸ ਦਾ ਇੱਕ ਵਾਲ ਵੀ ਵਿੰਗਾ ਨਹੀਂ ਕਰ ਸਕਦਾ।"

ਇਹ ਪੱਤਰ ਭਾਈ ਦਇਆ ਸਿੰਘ ਅਤੇ ਧਰਮ ਸਿੰਘ ਹੱਥੀਂ ਬਾਦਸ਼ਾਹ ਨੂੰ ਭੇਜਿਆ ਗਿਆ ਜੋ ਉਹਨਾਂ ਨੇ ਦੱਖਣ ਵਿੱਚ ਉਸ ਨੂੰ ਦੇ ਦਿਤਾ। ਇਸ ਪੱਤਰ ਨੇ ਬਾਦਸ਼ਾਹ ਦੇ ਸੁੱਤੇ ਹੋਏ ਅੰਤਹਕਰਣ ਨੂੰ ਜਗਾਇਆ ਅਤੇ ਉਸ ਵਿੱਚ ਸੱਚੇ ਪਛਤਾਵੇ ਦੀ ਭਾਵਨਾ ਜਗਾ ਦਿਤੀ। ਇਸ ਪਤਰ ਨੇ ਉਸ ਉਤੇ ਅਜੇਹਾ ਜਾਦੂਮਈ ਪ੍ਰਭਾਵ ਪਾਇਆ ਕਿ ਉਹ ਤੜਫਨ ਲਗ ਪਿਆ ਅਤੇ ਛੇਤੀ ਹੀ ਆਪਣੇ ਬਿਸਤਰੇ ਤੇ ਜਾ ਢੱਠਾ। ਜਦ ਔਰੰਗਜ਼ੇਬ ਦੀ ਮੌਤ ਨੇੜੇ ਸੀ ਤਾਂ ਉਸ ਨੇ ਆਪਣੇ ਬੇਟੇ ਨੂੰ ਇਹ ਚਿਠੀ ਲਿਖਵਾਈ, ਜਿਸ ਵਿੱਚ ਉਸ ਨੇ ਬਿਤਾਈ ਜ਼ਿੰਦਗੀ ਵਿੱਚ ਆਪਣੀ ਹਾਰ ਦਾ ਇਕਬਾਲ ਕੀਤਾ :

"... ਜੋ ਕੁਝ ਵੀ ਅੱਛਾ ਜਾਂ ਖਰਾਬ ਕੰਮ ਮੈਂ ਕੀਤਾ ਹੈ, ਮੈਂ ਉਸ ਨੂੰ ਆਪਣੇ ਸਿਰ ਉਤੇ ਬੋਝ ਵਾਂਗ ਉਸ ਅਦਿਖ ਅੱਲਾਹ ਦੀ ਦਰਗਾਹ ਵਿੱਚ ਲਿਜਾ ਰਿਹਾ ਹਾਂ। ... ਮੈਂ ਆਪਣੀ ਕਿਸਮਤ, ਜੋ ਮੇਰੀ ਇੰਤਜ਼ਾਰ ਵਿੱਚ ਹੈ, ਤੋਂ ਬਿਲਕੁਲ ਅਨਜਾਣ ਹਾਂ। ਪਰ ਜੋ ਮੈਂ ਜਾਣਦਾ ਹਾਂ ਉਹ ਹੈ ਕਿ ਮੈਂ ਬਹੁਤ ਭਾਰੀ ਗੁਨਾਹ ਕੀਤੇ ਹਨ। ਕਹਿ ਨਹੀਂ ਸਕਦਾ ਕਿ ਮੇਰੇ ਲਈ ਕੀ ਸਖਤ ਸਜ਼ਾ ਲਿਖੀ ਗਈ ਹੈ। ..."

ਗੁਰੂ ਜੀ ਦੀਨਾ ਵਿੱਚ ਰਹਿੰਦਿਆਂ ਆਸ ਪਾਸ ਦੀਆਂ ਕੁਝ ਕੁ ਥਾਵਾਂ ਤੇ ਵੀ ਗਏ। ਇਤਨੇ ਵਿੱਚ ਉਨ੍ਹਾਂ ਨੂੰ ਪਤਾ ਲੱਗ ਗਿਆ ਕਿ ਸਰਹਿੰਦ ਦਾ ਸੂਬੇਦਾਰ ਜਾਣ ਗਿਆ ਹੈ ਕਿ ਗੁਰੂ ਜੀ ਕਿੱਥੇ ਹਨ। ਸੋ ਗੁਰੂ ਜੀ ਡੂੰਘੀ ਵਿਚਾਰ ਕਰ ਰਹੇ ਸੀ ਕਿ ਵੈਰੀ ਦੀ ਵੰਗਾਰ ਦਾ ਟਾਕਰਾ ਕਰਨ ਲਈ ਕਿਹੜੀ ਥਾਂ ਚੰਗੀ ਰਹੇਗੀ। ਗੁਰੂ ਜੀ ਦੀਨਾ ਤੋਂ ਚਲੇ ਗਏ ਅਤੇ ਬੰਦੇਰ, ਬਾਰਗੜ, ਸੈਹਬਲ ਅਤੇ ਸਰਾਵਨ ਆਦਿ ਕਈ ਥਾਵਾਂ ਤੇ ਵਿਚਰੇ। ਸਰਾਵਨ ਵਿੱਚ ਗੁਰੂ ਜੀ ਨੇ ਆਪਣੇ ਸਿੱਖਾਂ ਨੂੰ ਤੀਰ-ਅੰਦਾਜ਼ੀ ਦਾ ਅਭਿਆਸ ਕਰਾਇਆ। ਉਸ ਤੋਂ ਅੱਗੇ ਗੁਰੂ ਜੀ ਜੈਤੋ, ਕੋਟਲਾ ਮਲੂਕ ਦਾਸ, ਲਾਂਭਾਵਾਲੀ ਗਏ ਅਤੇ ਉਸ ਤੋਂ ਪਿਛੋਂ ਕੋਟਕਪੂਰਾ ਪੁੱਜੇ। ਇਹ ਅਨੁਭਵ ਕਰਦਿਆਂ ਕਿ ਪਿੱਛਾ ਕਰ ਰਿਹਾ ਵੈਰੀ ਦਲ ਬਹੁਤ ਨੇੜੇ ਆ ਚੁੱਕਾ ਹੈ, ਗੁਰੂ ਜੀ ਨੇ ਚੌਧਰੀ ਕਪੂਰਾ, ਜੋ ਇੱਕ ਬਰਾੜ ਜੱਟ ਸੀ, ਨੂੰ ਉਸ ਦਾ ਕਿਲ੍ਹਾ ਥੋੜੇ ਕੁ ਦਿਨਾਂ ਲਈ ਵਰਤਣ ਲਈ ਦੇਣ ਵਾਸਤੇ ਕਿਹਾ। ਮੁਗਲਾਂ ਦੀ ਕਰੋਪੀ ਤੋਂ ਡਰਦਿਆਂ ਕਪੂਰਾ ਨੇ ਨਾਂਹ ਕਰ ਦਿਤੀ।

ਉਥੋਂ ਗੁਰੂ ਜੀ ਢਿਲਵਾਂ ਸੋਢੀਆਂ ਪੁੱਜੇ ਜਿਥੇ ਗੁਰੂ ਜੀਹ ਦੇ ਇੱਕ ਸੰਬੰਧੀ ਨੇ ਗੁਰੂ ਜੀ ਦਾ ਬੜਾ ਨਿੱਘਾ ਅਤੇ ਸੁਹਰਿਦ ਸਵਾਗਤ ਕੀਤਾ। ਇਥੇ ਹੀ ਸੀ, ਜਿਵੇਂ ਰਵਾਇਤ ਚਲੀ ਆ ਰਹੀ ਹੈ, ਕਿ ਪ੍ਰਿਥੀਚੰਦ ਦੀ ਵੰਸ਼ ਵਿੱਚ ਕੌਲ ਨਾਮੀ ਸਿੱਖ ਗੁਰੂ ਜੀ ਦ ਦਰਸ਼ਨ ਕਰਨ ਆਇਆ ਅਤੇ ਕੁਝ ਬਸਤਰ ਭੇਟਾ ਕੀਤੇ। ਗੁਰੂ ਜੀ ਨੇ ਆਪਣਾ ਨੀਲਾ ਚੋਗਾ, ਜੋ ਮਾਛੀਵਾੜੇ ਤੋਂ ਚਲਣ ਵੇਲੇ ਤੋਂ ਪਹਿਨੀ ਆ ਰਹੇ ਸੀ, ਲਾਹ ਦਿਤਾ ਅਤੇ ਇਸ ਨੂੰ ਟੁਕੜੇ ਟੁਕੜੇ ਕਰਕੇ ਸਾੜ ਦਿਤਾ। ਇਸ ਮੌਕੇ ਤੇ ਗੁਰੂ ਜੀ ਨੇ, ਕਿਹਾ ਜਾਂਦਾ ਹੈ, ਇਹ ਬਚਨ ਕਹੇ :

"ਮੈਂ ਨੀਲੇ ਬਸਤਰ ਜੋ ਪਹਿਨੇ ਹੋਏ ਸਨ ਪਾੜ ਦਿਤੇ ਹਨ ਅਤੇ ਇਸ ਦੇ ਨਾਲ ਤੁਰਕਾਂ ਅਤੇ ਪਠਾਨਾਂ ਦੇ ਰਾਜ ਦਾ ਅੰਤ ਹੈ।"

ਚੌਧਰੀ ਕਪੂਰਾ ਆਪਣੇ ਗੁਰੂ ਜੀ ਨਾਲ ਕੋਝੇ ਵਰਤਾਉ ਬਾਰੇ ਪਸਚਾਤਾਪ ਕਰ ਰਿਹਾ ਸੀ। ਉਹ ਗੁਰੂ ਜੀ ਕੋਲ ਆ ਕੇ ਖਿਮਾ ਮੰਗਣ ਲੱਗਾ। ਗੁਰੂ ਜੀ ਨੇ ਬਖਸ਼ਿਸ਼ ਕੀਤੀ, ਖਿਮਾ ਕਰ ਦਿਤਾ। ਚੌਧਰੀ ਨੇ ਗੁਰੂ ਜੀ ਦੀ

ਸੇਵਾ ਵਿੱਚ ਇੱਕ ਚੰਗਾ ਰਸਤੇ ਦੱਸਣ ਵਾਲਾ, ਚੌਧਰੀ ਖੰਨਾ ਲਾ ਦਿਤਾ। ਗੁਰੂ ਜੀ ਉਸ ਦੇ ਨਾਲ ਪੱਛਮ ਵੱਲ, ਖਿਦਰਾਨੇ ਦੀ ਢਾਬ ਵਾਲੇ ਪਾਸੇ ਚਲ ਪਏ। ਰਾਹ ਵਿੱਚ ਉਹ ਰਮੀਨਾ, ਮੱਲਨ, ਗੌਰੀ ਸੰਘਰ, ਅਤੇ ਕਾਉਨੀ ਵਿਚੋਂ ਲੰਘੇ।

ਇਤਨੇ ਸਮੇਂ ਵਿੱਚ ਗੁਰੂ ਜੀ ਨਾਲ ਇੱਕ ਵੱਡੀ ਗਿਣਤੀ ਵਿੱਚ ਉਨ੍ਹਾਂ ਦੇ ਸ਼ਰਧਾਲੂ ਰਲ ਗਏ। ਚਾਲੀ ਸਿੱਖ ਜੋ ਅਨੰਦਪੁਰ ਗੁਰੂ ਜੀ ਨੂੰ ਬੇਦਾਵਾ ਲਿਖ ਕੇ ਦੇ ਆਏ ਸਨ ਉਹਨਾਂ ਨੂੰ ਉਹਨਾਂ ਦੀਆਂ ਪਤਨੀਆਂ ਨੇ ਤਾਹਨੇ ਮਾਰੇ ਅਤੇ ਘਰਾਂ ਵਿੱਚ ਨਾ ਵੜਨ ਦਿਤਾ। ਉਹ ਗੁਰੂ ਜੀ ਦੀ ਛੋਟੀ ਸੈਨਾ ਵਿੱਚ ਜੁੜਨ ਲਈ ਵਾਪਸ ਪਰਤ ਆਏ। ਇੱਕ ਬਹਾਦਰ ਬੀਬੀ, ਮਾਈ ਭਾਗੋ, ਉਹਨਾਂ ੪੦ ਸਿੱਖਾਂ ਅਤੇ ਬਹੁਤ ਸਾਰੇ ਮਾਝੇ ਦੇ ਹੋਰ ਸਿੱਖਾਂ ਨੂੰ ਗੁਰੂ ਜੀ ਦੀ ਸੇਵਾ ਵਿੱਚ ਲੈ ਕੇ ਆਈ। ਗੁਰੂ ਜੀ ਨੇ ਫ਼ਿਰੋਜ਼ਪੁਰ ਜ਼ਿਲ੍ਹੇ ਵਿੱਚ ਖਿਦਰਾਨੇ ਦੀ ਇੱਕ ਰੇਤਲੀ ਟਿੱਬੀ ਉਤੇ ਮੋਰਚਾ ਲਾ ਲਿਆ ਸੀ। ਮੁਗਲ ਫੌਜ ਗੁਰੂ ਜੀ ਦੇ ਕੈਂਪ ਵਲ ਵਧੀ, ਪਰ ਗੁਰੂ ਜੀ ਉਤੇ ਹਮਲਾ ਕਰਨ ਤੋਂ ਪਹਿਲਾਂ ਮਾਈ ਭਾਗੋ ਅਤੇ ਜਥੇਦਾਰ ਮਹਾਂ ਸਿੰਘ ਦੇ ਇੱਕ ਸੈਨਾ-ਦਲ ਦਾ ਸਾਹਮਣਾ ਕਰਨਾ ਪਿਆ। ਸਖਤ ਲੜਾਈ ਹੋਈ। ਤਜਰਬੇਕਾਰ ਮੁਗਲ ਕਮਾਂਡਰ ਨੇ ਕਦੇ ਇਹੋ ਜੇਹੇ ਬਹਾਦਰੀ ਦੇ ਜੌਹਰ ਨਹੀਂ ਵੇਖੇ ਸਨ। ਪਰ ਮੁਗਲ ਫੌਜ ਭਾਰੀ ਗਿਣਤੀ ਵਿੱਚ ਹੋਣ ਕਰਕੇ ਮਾਈ ਭਾਗੋ ਦੇ ਸੈਨਾਂ ਦਲ ਉਤੇ ਭਾਰੂ ਹੋ ਗਈ। ਇਸ ਲੜਾਈ ਵਾਲੀ ਥਾਂ ਤੋਂ ਦੋ ਕੁ ਮੀਲ ਦੂਰ ਗੁਰੂ ਜੀ ਨੇ ਟਿੱਬੀ ਦੀ ਉਚਾਈ ਤੇ ਆਪਣੇ ਮੋਰਚੇ ਤੋਂ ਮੁਸਲਮਾਨਾਂ ਦੀ ਸੈਨਾ ਉਤੇ ਤੀਰ ਵਰਸਾਏ ਜਿਹਨਾਂ ਨੇ ਚੰਗੀ ਮਾਰ ਕੀਤੀ ਪਰ ਵੈਰੀ ਦਲਾਂ ਨੂੰ ਦਿਸਦਾ ਨਹੀਂ ਸੀ ਕਿ ਕਿਸ ਪਾਸੇ ਤੋਂ ਤੀਰਾਂ ਦੀ ਤਬਾਹੀ ਆ ਰਹੀ ਹੈ। ਖਿਦਰਾਨੇ ਦੀ ਝੀਲ ਸੁੱਕ ਗਈ ਹੋਣ ਕਾਰਨ ਮੁਸਲਮਾਨ ਫੌਜ ਪੀਣ ਵਾਲੇ ਪਾਣੀ ਖੁਣੋਂ ਬੜੇ ਦੁਖੀ ਸਨ। ਸੋ ਵਜ਼ੀਰ ਖਾਨ ਨੇ ਖਾਲਸੇ ਦੀ ਸੈਨਾ ਦੇ ਮੁਖ ਭਾਗ ਉਤੇ ਹਮਲੇ ਕੀਤੇ ਬਿਨਾਂ ਵਾਪਸ ਚਲੇ ਜਾਣ ਦਾ ਫੈਸਲਾ ਕਰ ਲਿਆ। ਗੁਰੂ ਜੀ ਦੀ ਜਿਤੱ ਹੋ ਗਈ।

ਮੁਸਲਮਾਨ ਸੈਨਾ ਦੇ ਚਲੇ ਜਾਣ ਪਿਛੋਂ ਗੁਰੂ ਜੀ ਰਣ ਖੇਤਰ ਵਿੱਚ ਆ ਕੇ ਸ਼ਹੀਦ ਹੋਏ ਅਤੇ ਜ਼ਖ਼ਮੀ ਹੋਏ, ਦੋਹਾਂ ਦਲਾਂ ਦੇ ਸੂਰਬੀਰਾਂ ਦੇ ਚਿਹਰੇ ਪੂੰਝਦੇ ਅਤੇ ਉਹਨਾਂ ਦੀ ਲਾਸਾਨੀ ਸੂਰਬੀਰਤਾ ਦੀ ਸ਼ਲਾਘਾ ਕਰਦੇ ਜਾਂਦੇ ਸਨ। ਗੁਰੂ ਜੀ ਨੇ ਵੇਖਿਆ ਕਿ ਅਨੰਦਪੁਰ ਤੋਂ ਬੇਦਾਵਾ ਦੇ ਕੇ ਆਏ ੪੦ ਸਿੱਖ ਵੀ ਬਹਾਦਰੀ ਨਾਲ ਲੜਦੇ ਸ਼ਹੀਦ ਹੋਏ ਪਏ ਸਨ, ਸਿਵਾ ਮਹਾਂ ਸਿੰਘ ਦੇ। ਮਹਾਂ ਸਿੰਘ ਅਜੇ ਜੀਵਤ ਸੀ, ਪਰ ਅਖੀਰਲੇ ਸਵਾਸਾਂ ਤੇ, ਜਦ ਗੁਰੂ ਜੀ ਨੇ ਉਸ ਨੂੰ ਅੱਖਾਂ ਖੋਹਲਣ ਲਈ ਕਿਹਾ ਅਤੇ ਬਚਨ ਕੀਤਾ, "ਮਹਾਂ ਸਿੰਘ ਪਾਤਸ਼ਾਹੀ ਤੋਂ ਲੈ ਕੇ ਮੁਕਤੀ ਤਕ ਜੋ ਕੁਝ ਚਾਹੋ ਮੰਗ ਲਵੋ।" ਅੱਖਾਂ ਖੋਲ੍ਹਣ ਪਿਛੋਂ ਮਹਾਂ ਸਿੰਘ ਗੁਰੂ ਜੀ ਦੇ ਦਰਸ਼ਨ ਕਰਕੇ ਬੜਾ ਖੁਸ਼ ਹੋਇਆ ਅਤੇ ਉਸ ਨੇ ਉਤਰ ਦਿੱਤਾ, "ਸੱਚੇ ਪਾਤਸ਼ਾਹ, ਅਸੀਂ ਪਾਪੀ ਹਾਂ ਕਿ ਉਸ ਸੰਕਟ ਵੇਲੇ ਅਸੀਂ ਅਨੰਦਪੁਰ ਆਪ ਜੀ ਨੂੰ ਬੇਦਾਵਾ ਦੇ ਦਿੱਤਾ। ਸਾਡੇ ਵਿਚੋਂ ਜਿਹੜੇ ਮੇਰੇ ਤੋਂ ਅਗੇ ਚਲੇ ਗਏ ਉਹਨਾਂ ਵਾਸਤੇ ਸਵਰਗ ਦੇ ਦਰਵਾਜ਼ੇ ਬੰਦ ਹਨ। ਪਾਤਸ਼ਾਹ, ਬਖਸ਼ਿਸ਼ ਕਰੋ ਅਤੇ ਸਾਡਾ ਉਹ ਬੇਦਾਵਾ ਅੱਖੋਂ ਓਹਲੇ ਕਰ ਦਿਉ।" ਇਤਿਹਾਸ ਵਿੱਚ ਲਿਖਿਆ ਹੈ ਕਿ ਕਿਰਪਾ ਨਿਧਾਨ ਸਤਿਗੁਰੂ ਜੀ ਨੇ ਉਹ ਬੇਦਾਵਾ ਪਤਰ ਜੋ ਗੁਰੂ ਜੀ ਨੇ ਇਸ ਸਾਰੇ ਸਮੇਂ ਆਪਣੇ ਕੋਲ ਰਖੀ ਰਖਿਆ ਸੀ, ਕੱਢ ਕੇ ਪਾੜ ਦਿੱਤਾ ਜਿਸ ਦਾ ਭਾਵ ਸੀ, ਖਿਮਾਂ ਦੀ ਬਖਸ਼ਿਸ਼ ਅਤੇ ਪੁਨਰ ਮੇਲ ਹੋ ਜਾਣਾ। ਮਹਾਂ ਸਿੰਘ ਨੇ ਇਹ ਆਪਣੀਆਂ ਅੱਖਾਂ ਨਾਲ ਵੇਖਿਆ ਅਤੇ ਅੰਤਮ ਸਵਾਸ ਲੈ ਲਏ, ਪ੍ਰਸੰਨ ਚਿਤ, ਬਖਸ਼ਿਸ਼ ਨਾਲ ਵਰੋਸਾਇਆ ਅਤੇ ਮੁਕਤ। ਚਾਲੀ ਸਿੱਖਾਂ ਦੀਆਂ ਹੀ ਆਤਮਾਵਾਂ ਮੁਕਤ ਹੋ ਗਈਆਂ। ਇਹਨਾਂ ਨੂੰ ਚਾਲੀ ਮੁਕਤੇ ਕਿਹਾ ਜਾਂਦਾ ਹੈ ਅਤੇ ਸਾਡੀ ਰੋਜ਼ ਦੀ ਅਰਦਾਸ ਵਿੱਚ ਯਾਦ ਕੀਤਾ ਜਾਂਦਾ ਹੈ। ਖਿਦਰਾਨਾ ਦਾ ਨਾਮ ਸੀ ਤਦ ਤੋਂ ਮੁਕਤਸਰ ਕਹਾਉਂਦਾ ਹੈ। ਫਿਰ ਗੁਰੂ ਜੀ ਨੇ ਮਾਈ ਭਾਗੋ ਨੂੰ ਵੇਖਿਆ ਜਿਸ ਨੇ ਇਹਨਾਂ ਚਾਲੀ ਸਿੱਖਾਂ ਨੂੰ ਉਤਸ਼ਾਹਤ ਕੀਤਾ ਸੀ। ਥੋੜੀ ਕੁ ਸਹਾਇਤਾ ਨੇ ਉਸ ਨੂੰ ਸੁਰਜੀਤ ਕਰ ਦਿਤਾ ਅਤੇ ਗੁਰੂ ਜੀ ਨੇ ਉਸ ਉਤੇ ਵੀ ਬਖਸ਼ਿਸ਼ ਕੀਤੀ।

ਮੁਕਤਸਰ ਤੋਂ ਗੁਰੂ ਜੀ ਰੁਪਾਨਾ, ਭੰਡੇਰ, ਗੁਰੂਸਰ, ਥੇਹੜੀ ਬੰਬੀਹਾ, ਰੋਹੀਲਾ, ਜੰਗਿਆਨਾ ਅਤੇ ਭਾਈ ਕਾ ਕੋਟ ਆਏ। ਫਿਰ ਉਹ ਸਾਹਿਬ ਚੰਦ ਵਲ ਚਲ ਪਏ ਅਤੇ ਚਟਿਆਨਾ ਪੁੱਜੇ ਜਿਥੇ ਬਰਾਰਾਂ ਨੇ, ਜੋ ਗੁਰੂ ਜੀ ਦੀ ਸੈਨਾ ਵਿੱਚ ਲੜੇ ਸਨ, ਆਪਣੀ ਤਨਖਾਹ ਦਾ ਬਕਾਇਆ ਮੰਗਿਆ, ਨਹੀਂ ਤਾਂ ਗੁਰੂ ਜੀ ਨੂੰ ਅੱਗੇ ਜਾਣ ਤੋਂ ਰੋਕਣ ਦੀ ਧਮਕੀ ਦਿਤੀ। ਅਕਾਲ ਪੁਰਖ ਦੀ ਮਿਹਰ ਸਦਕਾ ਉਸ ਸਮੇਂ ਇੱਕ ਸਿੱਖ ਗਵਾਂਢੀ ਥਾਂ ਤੋਂ ਕਾਫੀ ਧਨ ਗੁਰੂ ਜੀ ਦੀ ਸੇਵਾ ਕਰਨ ਵਾਸਤੇ ਲਿਆਇਆ ਜਿਸ ਨਾਲ ਗੁਰੂ ਜੀ ਨੇ ਸਾਰੇ ਬਕਾਏ ਭੁਗਤਾ ਦਿੱਤੇ। ਪਰ ਬਰਾਰਾਂ ਦਾ ਮੁਖੀ, ਚੌਧਰੀ ਦਾਨਾ, ਆਪਣੇ ਲੋਕਾਂ ਦਾ ਘਮੰਡੀ ਵਰਤਾਉ ਤੋਂ ਬਹੁਤ ਹੀ ਪਸ਼ੇਮਾਨ ਸੀ ਅਤੇ ਉਸ ਨੇ ਆਪਣੀ ਤਨਖਾਹ ਦਾ ਕੁਝ ਸਵੀਕਾਰ ਨਾ ਕੀਤਾ। ਚੌਧਰੀ ਦਾਨਾ ਦੀ ਬੇਨਤੀ ਤੇ ਗੁਰੂ ਜੀ ਉਸ ਦੇ ਨਗਰ ਮਹਿਮਾ-ਸਵਾਏ ਗਏ। ਉਥੇ ਪਹੁੰਚ ਕੇ ਗੁਰੂ ਜੀ ਨੇ ਆਪਣਾ ਡੇਰਾ ਇੱਕ ਥਾਂ ਤੇ ਲਾਇਆ ਜਿਸ ਨੂੰ ਅੱਜਕਲ੍ਹ ਲਖੀਸਰ ਕਹਿੰਦੇ ਹਨ। ਉਥੋਂ ਗੁਰੂ ਜੀ ਆਸ ਪਾਸ ਹੋਰ ਥਾਵਾਂ ਤੇ ਵੀ ਗਏ। ਚੌਧਰੀ ਡੱਲਾ ਦੀ ਬੇਨਤੀ ਮੰਨ ਕੇ ਗੁਰੂ ਜੀਨੇ ਤਦ ਆਪਣਾ ਡੇਰਾ ਤਲਵੰਡੀ ਸਾਬੋ ਲੈ ਜਾਣ ਦਾ ਫੈਸਲਾ ਕੀਤਾ। ਰਾਹ ਵਿੱਚ ਗੁਰੂ ਜੀ ਚਟਿਆਨਾ, ਕੋਟ ਸਾਹਿਬ ਚੰਦ, ਕੋਟ ਭਾਈ, ਗਿਦੜਬਾਹਾ, ਰੋਹੀਲਾ, ਜੰਗੀਰਾਨਾ, ਬੰਬੀਹਾ, ਬਜਕ, ਕਲਵਿਰਾਨੀ, ਚੱਸੀ ਬਾਗਵਾਲੀ, ਪੱਕਾ ਕਲਾਂ ਅਤੇ

ਚੱਕ ਹੀਰਾ ਸਿੰਘ ਵਿਚੋਂ ਲੰਘੇ ਅਤੇ ਤਲਵੰਡੀ ਸਾਬੋ ਪੁੱਜੇ ਜਿਸ ਨੂੰ ਹੁਣ ਦਮਦਮਾ ਸਾਹਿਬ, ਜਾਂ ਤਖ਼ਤ ਦਮਦਮਾ ਸਾਹਿਬ, ਕਹਿੰਦੇ ਹਨ। ਇਸ ਥਾਂ ਨੇ ਗੁਰੂ ਜੀ ਨੂੰ ਐਨਾ ਪ੍ਰਭਾਵਤ ਕੀਤਾ ਕਿ ਗੁਰੂ ਜੀ ਨੇ ਉਥੇ ਪੱਕਾ ਰਿਹਾਇਸ਼ ਅਸਥਾਨ ਬਣਾ ਲਿਆ ਅਤੇ ਉਥੇ ਗੁਰੂ ਜੀ ਨੇ ਨੌ ਮਹੀਨੇ ਅਤੇ ਨੌ ਦਿਨ ਨਿਵਾਸ ਰੱਖਿਆ।

## ਗੁਰੂ ਜੀ ਦਮਦਮਾ ਸਾਹਿਬ ਵਿੱਚ :

ਇਸ ਸਮੇਂ ਤਕ ਮੁਗਲ ਬਾਦਸ਼ਾਹ ਨੇ ਗੁਰੂ ਜੀ ਵਿਰੁਧ ਸਾਰੀਆਂ ਬੰਦਸ਼ਾਂ ਹਟਾ ਦਿਤੀਆਂ। ਜ਼ਫ਼ਰਨਾਮਾ ਮਿਲਣ ਤੇ ਔਰੰਗਜ਼ੇਬ ਨੇ ਸਾਰੇ ਸੂਬੇਦਾਰਾਂ ਨੂੰ ਹੁਕਮ ਭੇਜ ਦਿਤੇ ਕਿ ਗੁਰੂ ਜੀ ਨੂੰ ਤਕਲੀਫ ਦੇਣ ਵਾਲੀਆਂ ਸਾਰੀਆਂ ਕਾਰਵਾਈਆਂ ਬੰਦ ਕੀਤੀਆਂ ਜਾਣ।

ਇਥੇ ਹੀ ਗੁਰੂ ਜੀ ਦੇ ਮਹਿਲ ਆ ਮਿਲੇ। ਜਦ ਮਾਤਾ ਜੀ ਪਹੁੰਚੀ ਤਾਂ ਗੁਰੂ ਜੀ ਗੁਰਸਿੱਖਾਂ ਦੇ ਵੱਡੇ ਦੀਵਾਨ ਵਿੱਚ ਬੈਠੇ ਹੋਏ ਸਨ, ਮਾਤਾ ਜੀ ਨੇ ਗੁਰੂ ਜੀ ਤੋਂ ਪੁੱਛਿਆ, "ਮੇਰੇ ਚਾਰੇ ਲਾਲ (ਸਪੁੱਤਰ) ਕਿਥੇ ਹਨ ?" ਸਤਿਗੁਰੂ ਜੀ ਨੇ ਉਤਰ ਦਿਤਾ, ਚਾਰ ਮੁਏ ਤਾਂ ਕਿਆ ਹੂਆ ਜੀਵਤ ਕਈ ਹਜ਼ਾਰ-ਖਾਲਸਾ-ਸੂਰਬੀਰ ਲਾਲ"

ਦਮਦਮਾ ਸਾਹਿਬ ਵਿੱਚ ਸ਼ਾਂਤੀ ਦਾ ਸਮਾਂ ਗੁਰੂ ਜੀ ਨੇ ਵਧ ਤੋਂ ਵਧ ਲਾਭਕਾਰੀ ਕਾਰਜਾਂ ਵਿੱਚ ਲਗਾਇਆ। ਉਨ੍ਹਾਂ ਨੇ ਮਾਲਵਾ ਇਲਾਕੇ ਵਿੱਚ ਸਿੱਖ ਧਰਮ ਦੀਆਂ ਸਥਾਈ ਨੀਂਹਾਂ ਰੱਖ ਦਿਤੀਆਂ। ਦੂਰੋਂ ਨੇੜਿਓਂ ਸੰਗਤਾਂ ਦੀਆਂ ਵਹੀਰਾਂ ਔਣ ਲੱਗੀਆਂ ਅਤੇ ਉਥੇ ਇੱਕ ਨਵਾਂ ਅਨੰਦਪੁਰ ਵਰਗਾ ਵਾਤਾਵਰਣ ਬਣਾ ਦਿਤਾ। ਗੁਰੂ ਜੀ ਗਵਾਂਢੀ ਥਾਵਾਂ ਤੇ ਦੂਰ ਦੂਰ ਤਕ ਗਏ। ਬਹੁਤ ਸਾਰੇ ਪੁਰਾਣੇ ਅਤੇ ਜੱਦੀ ਸਿੱਖਾਂ ਨੂੰ ਅੰਮ੍ਰਿਤ ਛਕਾਇਆ ਗਿਆ ਅਤੇ ਕਈ ਹੋਰਨਾਂ ਨੂੰ ਖਾਲਸਾ ਪੰਥ ਵਿੱਚ ਹੋਰ ਪੱਕੀ ਤਰ੍ਹਾਂ ਸ਼ਾਮਲ ਕੀਤਾ ਗਿਆ। ਤਲਵੰਡੀ ਦਾ ਮੁਖੀ, ਡੱਲਾ, ਨਾਭਾ ਰਿਆਸਤ ਦਾ ਵਡੇਰਾ, ਤਿਲੋਕਾ, ਅਤੇ ਪਟਿਆਲਾ ਰਿਆਸਤ ਦਾ ਵਡੇਰਾ, ਰਾਮਾ, ਪ੍ਰਮੁਖ ਉਦਾਹਰਣ ਹਨ। ਇਹਨਾਂ ਤੋਂ ਇਲਾਵਾ ਭਾਰੀ ਗਿਣਤੀ ਵਿੱਚ ਨਵੇਂ ਬਣੇ ਸਿੱਖ ਵੀ ਸਨ।

ਗੁਰੂ ਜੀ ਨੇ ਕਰਤਾਰਪੁਰ (ਬਿਆਸ ਦੇ ਨੇੜੇ ਤੋਂ ਆਦਿ ਗ੍ਰੰਥ ਦੀ ਬੀੜ ਮੰਗਵਾ ਭੇਜੀ ਤਾਂ ਜੋ ਗੁਰੂ ਤੇਗ ਬਹਾਦਰ ਜੀ ਦੀ ਬਾਣੀ ਵੀ ਉਸ ਵਿੱਚ ਅੰਕਿਤ ਕੀਤੀ ਜਾਏ। ਇਹ ਮੌਲਿਕ ਬੀੜ ਧੀਰਮੱਲੀਆਂ ਕੋਲ ਸੀ ਅਤੇ ਉਹਨਾਂ ਨੇ ਦੇਣ ਤੋਂ ਨਾਂਹ ਕਰ ਦਿਤੀ, ਸਗੋਂ ਨਾਲ ਇਹ ਵੀ ਕਿਹਾ ਕਿ ਜੇ ਗੁਰੂ ਗੋਬਿੰਦ ਸਿੰਘ ਗੁਰੂ ਹਨ ਤਾਂ ਉਹ ਆਪ ਇੱਕ ਗ੍ਰੰਥ ਰਚ ਲੈਣ। ਇਸ ਲਈ, ਇਸੇ ਥਾਂ ਤੇ ਗੁਰੂ ਜੀ ਨੇ ਭਾਈ ਮਨੀ ਸਿੰਘ ਨੂੰ ਸਾਰਾ ਗ੍ਰੰਥ ਸਾਹਿਬ, ਜੋ ਅੱਜ ਤਕ ਪ੍ਰਚਲਤ ਹੈ, ਲਿਖਵਾਇਆ। ਪਾਵਨ ਗ੍ਰੰਥ ਸਾਹਿਬ ਦੇ ਅੰਤ ਵਿੱਚ 'ਰਾਗ ਮਾਲਾ' (੧੪੩੦ ਪੰਨੇ) ਹੈ। ਜਾਪਦਾ ਹੈ ਕਿ 'ਰਾਗ ਮਾਲਾ' ਗੁਰੂ ਗ੍ਰੰਥ ਸਾਹਿਬ ਦਾ ਆਵਸ਼ਕ ਭਾਗ ਨਹੀਂ। ਗੁਰੂ ਗ੍ਰੰਥ ਸਾਹਿਬ ਦੇ ਹਰ ਇੱਕ ਸ਼ਬਦ ਦਾ ਸਿਰਲੇਖ, (Heading) ਸ਼ਬਦ ਦੇ ਲੇਖਕ ਬਾਬਤ ਦਸਦਾ ਹੈ ਪਰ ਰਾਗ ਮਾਲਾ ਦੇ ਸਿਰਲੇਖ "੧ਓ ਸਤਿਗੁਰ ਪ੍ਰਸਾਦਿ। ਰਾਗ ਮਾਲਾ" ਇਸ ਦੇ ਲੇਖਕ ਬਾਬਤ ਕੋਈ ਪਤਾ ਨਹੀਂ ਦੇਂਦਾ ਕਿ ਕਿਸ ਦੀ ਰਚਨਾ ਹੈ? ਮੈਕਾਲਿਫ ਲਿਖਦਾ ਹੈ :

"ਆਲਿਮ ਨਾਮ ਦੇ ਇੱਕ ਮੁਸਲਮਾਨ ਕਵੀ ਨੇ ਸੰਨ ੧੫੮੩ ਈ. (੬੯੧ ਹਿਜਰੀ) ਵਿੱਚ ੩੫੩ ਪਦਿਆਂ ਦਾ (ਇੱਕ ਪਦਾ ਸਾਧਾਰਨ ਤੌਰ ਤੇ ਚਾਰ ਤੋਂ ਛੇ ਸਤਰਾਂ ਦਾ ਸੀ) "ਮਾਧਵ ਨਲ ਸੰਗੀਤ" ਨਾਮੀ ਗ੍ਰੰਥ ਲਿਖਿਆ ਜਿਸ ਦਾ ਉਦੇਸ਼ ਮਾਧਵ ਨਲ ਅਤੇ ਕਾਮ ਕੰਦਲਾ ਦੀ ਪ੍ਰੇਮ ਕਥਾ ਹੈ। ਰਾਗ ਮਾਲਾ ਜੋ ਗੁਰੂ ਗ੍ਰੰਥ ਸਾਹਿਬ ਦੇ ਅੰਤ ਵਿੱਚ ਅੰਕਿਤ ਹੈ, ਜਿਸ ਵਿੱਚ ਰਾਗਾਂ, ਰਾਗਨੀਆਂ ਅਤੇ ਉਹਨਾਂ ਦੇ ਹੋਰ ਉਪਖੰਡਾਂ ਦਾ ਵੇਰਵਾ ਹੈ, ਆਲਿਮ ਦੀ ਰਚਨਾ ਦਾ ਅੰਸ਼ ਹੈ, ਇਸ ਦੇ ਤਰੇਹਠਵੇਂ ਤੋਂ ਲੈ ਕੇ ਬਹੱਤਰਵੇਂ ਪਦੇ ਤਕ। ਇਹ ਸਮਝ ਨਹੀਂ ਆਉਂਦੀ ਕਿ ਇਹ ਪਵਿੱਤਰ ਗ੍ਰੰਥ ਸਾਹਿਬ ਵਿੱਚ ਕਿਵੇਂ ਸ਼ਾਮਲ ਕੀਤੀ ਗਈ। ਇਸ ਵਿੱਚ ਦਸੇ ਰਾਗ ਗੁਰੂ ਗ੍ਰੰਥ ਸਾਹਿਬ ਵਿੱਚ ਅੰਕਿਤ ਹੋਏ ਰਾਗਾਂ ਅਨੁਸਾਰ ਨਹੀਂ ਹਨ।"

ਗੁਰੂ ਗੋਬਿੰਦ ਸਿੰਘ ਜੀ ਨੇ ਜੋ ਗ੍ਰੰਥ ਸਾਹਿਬ ਜੀ ਬੀੜ ਲਿਖਵਾਈ ਉਹ "ਦਮਦਮਾ ਸਾਹਿਬ ਦੀ ਬੀੜ"[੨੦] ਕਹਾਉਂਦੀ ਹੈ। ਇਸ ਬੀੜ ਦਾ ਪ੍ਰਕਾਸ਼ ਹਰਿਮੰਦਰ ਸਾਹਿਬ ਵਿੱਚ ਕੀਤਾ ਗਿਆ ਸੀ ਪਰ ਇਹ ਹੁਣ ਨਹੀਂ ਮਿਲਦੀ। ਪਤਾ ਨਹੀਂ ਕਿ ਇਹ ਨਾਸ ਕੀਤੀ ਗਈ, ਜਾਂ ਅਹਿਮਦ ਸ਼ਾਹ ਅਬਦਾਲੀ ਆਪਣੇ ਇੱਕ ਹਮਲੇ ਸਮੇਂ ਮਚਾਈ ਅੰਮ੍ਰਿਤਸਰ ਸ਼ਹਿਰ ਦੀ ਲੁੱਟਮਾਰ ਵਿੱਚ ਇਹ ਬੀੜ ਲੈ ਗਿਆ ਸੀ।

ਨਿਰਮਲੇ ਸਿੱਖਾਂ ਦੀ ਸ਼੍ਰੇਣੀ ਵੀ ਇਥੇ ਹੀ ਬਣਾਈ ਗਈ ਜਿਸ ਦਾ ਉਦੇਸ਼ ਸੀ ਸਿੱਖਾਂ ਵਿੱਚ ਇੱਕ ਅਜੇਹਾ ਭਾਗ ਸੰਗਠਤ ਕਰਨਾ ਜੋ ਕੇਵਲ ਸਿੱਖ ਧਰਮ ਦਾ ਅਧਿਐਨ ਅਤੇ ਪ੍ਰਚਾਰ ਹੀ ਕਰਨ। ਇਥੇ ਵੀ ਗੁਰੂ ਜੀ ਦਾ ਦਰਬਾਰ ਇਤਨਾ ਹੀ ਸ਼ਾਹਾਨਾ ਸੀ ਜਿਤਨਾ ਅਨੰਦਪੁਰ। ਕਾਫੀ ਵੱਡੀ ਗਿਣਤੀ ਵਿੱਚ ਕਵੀ ਅਤੇ ਵਿਦਵਾਨ ਗੁਰੂ ਜੀ ਦੇ ਦਰਬਾਰ ਵਿੱਚ ਆ ਜੁੜੇ। ਇਹਨਾਂ ਘਟਨਾਵਾਂ ਕਰਕੇ ਦਮਦਮਾ ਸਾਹਿਬ ਇੱਕ ਪ੍ਰਸਿਧ ਵਿਦਿਅਕ ਕੇਂਦਰ ਬਣ ਗਿਆ। ਗੁਰੂ ਜੀ ਨੇ ਆਪਣੀਆਂ ਫੌਜਾਂ ਦਾ ਵੀ ਪੁਨਰ-ਸੰਗਠਨ ਕੀਤਾ। ਗੁਰੂ ਜੀ ਦੀ ਇਸਤਰ੍ਹਾਂ ਸ਼ਕਤੀ

ਵਿੱਚ ਬਹੁਤ ਵਾਧਾ ਹੋਇਆ। ਬਾਕਾਇਦਾ ਸ਼ਰਧਾਲੂਆਂ ਤੋਂ ਇਲਾਵਾ ਗੁਰੂ ਜੀ ਨੇ ਕੁਝ ਡੋਗਰੇ ਅਤੇ ਬਰਾਰ ਵੀ ਆਪਣੀ ਸੇਵਾ ਵਿੱਚ ਲੈ ਲਏ ਸਨ। [੨੧]

## ਗੁਰੂ ਜੀ ਔਰੰਗਜ਼ੇਬ ਨੂੰ ਮਿਲਣ ਲਈ ਦੱਖਣ ਵੱਲ :

'ਜ਼ਫ਼ਰਨਾਮਾ' ਪਤੱਰ ਦੇ ਉਤੱਰ ਵਿੱਚ ਇਥੇ ਹੀ ਸ਼ਾਹੀ ਹਰਕਾਰੇ ਗੁਰੂ ਜੀ ਕੋਲ ਹਾਜ਼ਰ ਹੋਏ ਇਹ ਸੰਦੇਸ਼ ਦੇਣ ਲਈ ਕਿ ਬਾਦਸ਼ਾਹ ਦੀ ਗੁਰੂ ਜੀ ਨੂੰ ਆਪ ਮਿਲਣ ਦੀ ਖਾਹਸ਼ ਹੈ। ਔਰੰਗਜ਼ੇਬ ਲਿਖਤ "ਅਹਿਕਾਮ-ਇ-ਆਲਮਗੀਰੀ" ਵਿੱਚ ਗੁਰੂ ਗੋਬਿੰਦ ਸਿੰਘ ਜੀ ਵਲੋਂ ਮਿਲੇ ਪੱਤਰ ਦਾ ਜ਼ਿਕਰ ਹੈ ਅਤੇ ਬਾਦਸ਼ਾਹ ਦਾ ਹੁਕਮ ਵੀ ਦਰਜ ਹੈ ਜੋ ਉਸ ਨੇ ਲਾਹੌਰ ਦੇ ਮੁਨੀਮ ਖਾਨ ਨੂੰ ਦਿਤਾ ਸੀ ਕਿ ਗੁਰੂ ਜੀ ਨਾਲ ਸਮਝੌਤਾ ਕਰੇ ਅਤੇ ਉਨ੍ਹਾਂ ਵਾਸਤੇ ਦੱਖਣ ਵੱਲ ਸਫਰ ਕਰਨ ਲਈ ਤਸੱਲੀਬਖਸ਼ ਇੰਤਜ਼ਾਮ ਵੀ ਕਰੇ। ਇਸ ਲਿਖਤ ਤੋਂ ਇਹ ਵੀ ਸਾਫ ਦਿਸਦਾ ਹੈ ਕਿ ਔਰੰਗਜ਼ੇਬ ਗੁਰੂ ਜੀ ਨੂੰ ਮਿਲਣ ਲਈ ਉਤਾਵਲਾ ਸੀ। ਹੋ ਸਕਦਾ ਹੈ ਕਿ ਬਾਦਸ਼ਾਹ ਪੰਜਾਬ ਵਿੱਚ ਅਮਨ ਪੱਕਾ ਕਰਨਾ ਚਾਹੁੰਦਾ ਸੀ ਤਾਂ ਜੁ ਉਹ ਦੱਖਣ ਵਿੱਚ ਮਰਹੱਟਿਆਂ ਨੂੰ ਫਤਹਿ ਕਰਨ ਲਈ ਆਪਣੀਆਂ ਵਿਉਂਤਾਂ ਉਤੇ ਪੂਰਾ ਧਿਆਨ ਦੇ ਸਕੇ। ਇਸ ਲਈ ਗੁਰੂ ਜੀ ੩੦ ਅਕਤੂਬਰ ੧੭੦੬ (ਕਈ ਕਹਿੰਦੇ ਹਲ ਕਿ ਇਹ ੨੦ ਅਕਤੂਬਰ ਸੀ) ਨੇ ਔਰੰਗਜ਼ੇਬ ਨੂੰ ਮਿਲਣ ਦੱਖਣ ਵੱਲ ਜਾਣ ਦਾ ਫੈਸਲਾ ਕਰ ਲਿਆ। ਉਹ ਰਾਜਸਥਾਨ ਵੱਲ ਚੱਲ ਪਏ ਜਿਸ ਰਸਤੇ ਅਹਿਮਦ ਨਗਰ (ਜਿਥੇ ਬਾਦਸ਼ਾਹ ਠਹਿਰਿਆ ਹੋਇਆ ਸੀ) ਜਾਣਾ ਸੀ। ਦਮਦਮਾ ਤੋਂਕੇਵਲ, ਝੋਰਾ ਵਿਚੋਂ ਲੰਘਦੇ ਹੋਏ ਗੁਰੂ ਜੀ ਸਰਸਾ ਪੁੱਜੇ। ਉਥੋਂ ਉਹ ਨੋਹਾਰ, ਭਦਰਾ, ਸਹੇਵਾ, ਮਧੂ ਸਿੰਘਾਨਾ ਵੱਲ ਗਏੇ ਅਤੇ ਫੇਰ ਪੁਸ਼ਕਰ, ਜੋ ਬ੍ਰਹਮਾ ਨਾਲ ਸੰਬੰਧਤ ਪਵਿਤਰ ਤੀਰਥ-ਯਾਤਰਾ ਅਸਥਾਨ ਹੈ। ਉਥੋਂ ਗੁਰੂ ਜੀ ਨਰੈਣਪੁਰ ਚਲੇ ਗਏ, ਜਿਸ ਦਾ ਆਮ ਨਾਮ ਦਾਦੂਦਵਾਰਾ ਹੈ, ਜਿਥੇ ਮਹਾਤਮਾ ਦਾਦੂ ਰਿਹਾ ਕਰਦੇ ਸੀ ਅਤੇ ਉਹਨਾਂ ਦੀ ਸੰਪਰਦਾਇ ਵਧੀ। ਗੁਰੂ ਜੀ ਉਸ ਦੇ ਮਠ ਗਏ ਅਤੇ ਮਹੰਤ ਜੈਤ ਰਾਮ ਨਾਲ ਵਿਚਾਰ ਵਟਾਂਦਰਾ ਕੀਤਾ। ਇਥੇ ਹੀ ਸਿੱਖਾਂ ਨੇ ਗੁਰੂ ਜੀ ਨੂੰ ਆਪਣਾ ਤੀਰ ਦਾਦੂ ਦੀ ਕਬਰ ਵੱਲ ਨਮਸਕਾਰ ਕਰਨ ਹਿਤ ਝੁਕਾਉਣ ਲਈ ਦੰਡ ਲਾਇਆ ਸੀ। ਮਾਨ ਸਿੰਘ ਨੇ ਗੁਰੂ ਜੀ ਨੂੰ ਉਨ੍ਹਾਂ ਦੇ ਆਪਣੇ ਹੁਕਮ ਬਾਰੇ ਯਾਦ ਕਰਾਇਆ ਕਿ "ਭੁਲ ਕੇ ਵੀ ਮੁਸਲਮਾਨਾਂ ਜਾਂ ਹਿੰਦੂਆਂ ਦੀਆਂ ਕਬਰਾਂ ਜਾਂ ਮਸਾਣਾਂ ਦੀ ਪੂਜਾ ਨਹੀਂ ਕਰਨੀ।" ਗੁਰੂ ਜੀ ਨੇ ਦੱਸਿਆ ਕਿ ਉਨ੍ਹਾਂ ਨੇ ਮਠ ਵੱਲ ਨਮਸਕਾਰ ਆਪਣੇ ਸਿੱਖਾਂ ਦੀ ਸ਼ਰਧਾ ਅਤੇ ਗੁਰੂ ਜੀ ਦੇ ਹੁਕਮ ਦੀ ਪਾਲਣਾ ਪਰਖਣ ਲਈ ਹੀ ਕੀਤੀ ਸੀ। ਪਰ ਗੁਰੂ ਜੀ ਨੇ ਸਵੀਕਾਰ ਕਰ ਲਿਆ ਕਿ ਉਹ ਅਸੂਲਾਂ ਅਨੁਸਾਰ ਦੋਸ਼ੀ ਹਨ ਅਤੇ ਖੁਸ਼ੀ ਨਾਲ ਸਵਾ ਸੌ ਰੁਪਿਆ ਜੁਰਮਾਨਾ ਭਰ ਦਿਤਾ। ਇਥੇ ਭਾਈ ਦਇਆ ਸਿੰਘ ਅਤੇ ਧਰਮ ਸਿੰਘ ਗੁਰੂ ਜੀ ਦੇ ਹੁਕਮ ਅਨੁਸਾਰ ਔਰੰਗਜ਼ੇਬ ਨੂੰ ਪਤਰ ਦੇ ਕੇ ਦੱਖਣ ਤੋਂ ਵਾਪਸ ਆਏ ਮਿਲੇ। ਫਿਰ ਗੁਰੂ ਜੀ ਬਘੌਰ ਪੁੱਜੇ ਜਿਥੇ ਉਨ੍ਹਾਂ ਨੂੰ ਔਰੰਗਜ਼ੇਬ ਦੀ ਮੌਤ ਅਤੇ ਸ਼ਾਹੀ ਗੱਦੀ ਤੇ ਬੈਠਣ ਲਈ ਉਸ ਦੇ ਪੁੱਤਰਾਂ ਵਿਚਕਾਰ ਛਿੜੀ ਲੜਾਈ ਦੀਆਂ ਖਬਰਾਂ ਮਿਲੀਆਂ। ਸੋ ਹੁਣ ਅੱਗੇ ਜਾਣ ਦੀ ਲੋੜ ਨਹੀਂ ਸੀ ਅਤੇ ਗੁਰੂ ਜੀ ਕੁਝ ਸਮੇਂ ਲਈ ਇਥੇ ਹੀ ਰਹੇ।

ਔਰੰਗਜ਼ੇਬ ਦਾ ਸਭ ਤੋਂ ਵੱਡਾ ਸ਼ਹਿਜ਼ਾਦਾ ਬਹਾਦਰ ਸ਼ਾਹ ਪੇਸ਼ਾਵਰ ਤੋਂ ਛੇਤੀ ਛੇਤੀ ਵਾਪਸ ਆਇਆ ਆਪਣੇ ਛੋਟੇ ਭਰਾ, ਆਜ਼ਿਮ, ਜਿਸ ਨੇ ਬਾਦਸ਼ਾਹ ਬਨਣ ਦਾ ਐਲਾਨ ਕਰ ਦਿਤਾ ਸੀ, ਦਾ ਵਿਰੋਧ ਕਰਨ ਲਈ। ਭਾਈ ਨੰਦ ਲਾਲ ਗੁਰੂ ਜੀ ਦੇ ਦਰਬਾਰ ਵਿੱਚ ਪੱਕੇ ਤੌਰ ਤੇ ਆਉਣ ਤੋਂ ਪਹਿਲਾਂ ਸ਼ਹਿਜ਼ਾਦਾ ਬਹਾਦਰ ਸ਼ਾਹ ਦੀ ਨੌਕਰੀ ਵਿੱਚ ਸੀ। ਇਸਲਈ ਬਹਾਦਰ ਸ਼ਾਹ ਨੇ ਭਾਈ ਨੰਦ ਲਾਲ [੨੨] ਰਾਹੀਂ ਗੁਰੂ ਜੀ ਦੀ ਸਹਾਇਤਾ ਲੈਣੀ ਚਾਹੀ ਅਤੇ ਨਾਲ ਹੀ ਗੁਰੂ ਜੀ ਨਾਲ ਇਕਰਾਰ ਕੀਤਾ ਕਿ ਉਹ ਹਿੰਦੂਆਂ ਅਤੇ ਮੁਸਲਮਾਨਾਂ ਨਾਲ ਇਕੋ ਜਿਹਾ ਸਾਫ ਅਤੇ ਨਿਆਂਪੂਰਵਕ ਵਰਤਾਉ ਕਰੇਗਾ ਅਤੇ ਉਸ ਦੇ ਬਾਪ ਨੇ ਉਹਨਾਂ ਨਾਲ ਜੋ ਜੋ ਵੀ ਨਾਜਾਇਜ਼ ਕਮ ਕੀਤੇ ਹੋਏ ਹਨ ਉਹਨਾਂ ਸਭ ਤੋਂ ਹਟਾ ਦੇਵੇਗਾ। ਸੋ ਗੁਰੂ ਜੀ ਨੇ ਆਪਣੀ ਸੈਨਾ ਦੀ ਇੱਕ ਟੁਕੜੀ ਭੇਜ ਕੇ, 'ਜਾਜੂ' ਦੀ ਲੜਾਈ ਵਿੱਚ ਸਹਾਇਤਾ ਕੀਤੀ ਅਤੇ ਬਹਾਦਰ ਸ਼ਾਹ ਜਿਤ ਗਿਆ। ਗੁਰੂ ਜੀ ਵਲੋਂ ਵਕਤ ਸਿਰ ਮਦਦ ਲਈ ਸ਼ੁਕਰ ਗੁਜ਼ਾਰੀ ਦੀ ਭਾਵਨਾ ਨਾਲ ਗੁਰੂ ਜੀ ਨੂੰ ਆਗਰੇ ਆਪਣੀ ਤਾਜਪੋਸ਼ੀ ਸਮੇਂ ਆਉਣ ਲਈ ਨਿਮੰਤ੍ਰਣ ਭੇਜਿਆ। ਗੁਰੂ ਜੀ ਨੂੰ ੨੪ ਜੁਲਾਈ ੧੭੦੭ ਨੂੰ ਇੱਕ ਸ਼ਾਹੀ ਖ਼ਿਲਤ (Robe of Honour) ਦਿਤੀ ਗਈ।

ਆਗਰੇ ਵਿੱਚ ਠਹਿਰਨ ਸਮੇਂ ਗੁਰੂ ਜੀ ਨੇ ਆਗਰੇ ਤੋਂ ੨੫ ਤੋਂ ੩੦ ਕੁ ਮੀਲ ਦੂਰ ਧੌਲਪੁਰ ਨੂੰ ਆਪਣੇ ਧਰਮ ਪ੍ਰਚਾਰ ਦੇ ਕਾਰਜਾਂ ਲਈ ਕੇਂਦਰ ਬਣਾਇਆ। ਉਨ੍ਹਾਂ ਨੇ ਮਥੁਰਾ, ਅਲੀਗੜ੍ਹ, ਆਗਰਾ ਦੇ ਇਲਾਕਿਆਂ ਵਿੱਚ ਅਤੇ ਭਰਤਪੁਰ ਅਤੇ ਅਲਵਰ ਰਿਆਸਤਾਂ ਵਿੱਚ ਵੀ ਦੱਖਣ ਵੱਲ ਜਾਣ ਤੋਂ ਪਹਿਲਾਂ ਬਹੁਤ ਮਹੀਨੇ ਪਰਚਰ ਲਈ ਦੌਰੇ ਕੀਤੇ। ਬਹੁਤ ਸਾਰੇ ਲੋਕ ਗੁਰੂ ਜੀ ਦੇ ਸਿੱਖ ਬਣੇ ਕਿਹਾ ਜਾਂਦਾ ਹੈ ਕਿ ਗੁਰੂ ਜੀ ਨੇ ਬਾਦਸ਼ਾਹ ਬਹਾਦਰ ਸ਼ਾਹ ਨਾਲ ਕਈ ਗੱਲਾਂ ਦੀ ਵਿਚਾਰ ਕੀਤੀ ਪਰ ਕਿਸੇ ਸਿੱਟੇ ਤੇ ਪਹੁੰਚਣ ਤੋਂ ਪਹਿਲਾਂ ਹੀ ਬਾਦਸ਼ਾਹ ਨੂੰ ਕੁਝ

ਰਾਜਪੂਤ ਰਜਵਾੜਿਆਂ ਦੀਆਂ ਬਗਾਵਤਾਂ ਦਬਾਉਣ ਲਈ ਰਾਜਸਥਾਨ ਜਾਣਾ ਪਿਆ। ਉਸ ਨੇ ਗੁਰੂ ਜੀ ਨੂੰ ਨਾਲ ਚਲਣ ਲਈ ਬੇਨਤੀ ਕੀਤੀ। ਇਸ ਸਮੇਂ ਬਹਾਦਰ ਸ਼ਾਹ ਨੂੰ ਖਬਰ ਮਿਲੀ ਕਿ ਉਸ ਦੇ ਛੋਟੇ ਭਰਾਤਾ; ਕਾਮ ਬਖਸ਼, ਨੇ ਦੱਖਣ ਵਿੱਚ ਆਪਣੇ ਆਪ ਨੂੰ ਭਾਰਤ ਦਾ ਬਾਦਸ਼ਾਹ ਹੋਣ ਦਾ ਐਲਾਨ ਕਰ ਦਿੱਤਾ ਹੈ। ਬਹਾਦਰ ਸ਼ਾਹ ਚਿਤੌੜਗੜ੍ਹ ਰਸਤੇ ਦੱਖਣ ਵਲ ਚਲ ਪਿਆ। ਉਥੋਂ ਉਹ ਬੁਰਹਾਨਪੁਰ ਵਲ ਗਿਆ ਅਤੇ ਗੁਰੂ ਜੀ ਨੇ ਉਸ ਦਾ ਸਾਥ ਹੈਦਰਾਬਾਦ ਜਾਣ ਤਕ ਦਿਤਾ। ਗੁਰੂ ਜੀ ਉਥੇ ਬਹੁਤ ਦਿਨ ਠਹਿਰੇ ਤੇ ਯੋਗੀ ਜੀਵਨ ਦਾਸ ਨੂੰ ਮਿਲੇ। ਉਹ ਦਾਦੂਦਵਾਰਾ ਦੇ ਮਹੰਤ ਜੈਤ ਰਾਮ ਨੂੰ ਵੀ ਮਿਲੇ ਜੋ ਸਬਬ ਨਾਲ ਉਥੇ ਹੀ ਸੀ। ਦੋਹਾ ਨੇ ਗੁਰੂ ਜੀ ਨੂੰ ਇੱਕ ਬੈਰਾਗੀ ਮਾਧੋ ਦਾਸ ਅਤੇ ਉਸਦੀਆਂ ਕਰਾਮਾਤਾਂ ਦੀਆਂ ਸ਼ਕਤੀਆਂ ਸਬੰਧੀ ਦੱਸਿਆ। ਗੁਰੂ ਜੀ ਨੇ ਮਾਧੋ ਦਾਸ ਨੂੰ ਮਿਲਣ ਦਾ ਫੈਸਲਾ ਕੀਤਾ। ਇਸ ਸਮੇਂ ਵਿੱਚ ਗੁਰੂ ਜੀ ਬਹਾਦਰਸ਼ਾਹ ਦੇ ਸਰਹਿੰਦ ਦੇ ਸੂਬੇਦਾਰ, ਵਜ਼ੀਰ ਖਾਨ ਅਤੇ ਹੋਰ ਅਧਿਕਾਰੀਆਂ ਦੇ ਪਜੰਬ ਵਿੱਚ ਅਤਿਆਚਾਰਾਂ ਬਾਰੇ ਸਾਫ ਫੈਸਲਾ ਕਰਨ ਲਈ ਟਾਲਮਟੋਲ ਵਾਲੇ ਉਤਰਾਂ ਤੋ ਖੁਸ਼ ਨਹੀਂ ਸੀ। ਬਾਦਸ਼ਾਹ ਇੱਕ ਜਾਂ ਦੂਜੇ ਬਹਾਨੇ ਇੱਕ ਪੱਕਾ ਫੈਸਲਾ ਦੇਣ ਲਈ ਟਾਲ ਰਿਹਾ ਸੀ। ਸੋ ਗੁਰੂ ਜੀ ਨੇ ਹਿੰਗਲੋਈ ਉਸ ਦਾ ਸਾਥ ਛੱਡ ਦਿਤਾ ਅਤੇ ਨਾਂਦੇੜ ਵਲ ਚਲੇ ਗਏ ਜਿਥੇ ਉਹ ਜੁਲਾਈ ੧੭੦੮ ਵਿੱਚ ਪੁੱਜੇ।

ਬੂਟੇ ਸ਼ਾਹ ਅਤੇ ਮੈਲਕਮ ਜੇਹੇ ਕੁਝ ਲਿਖਾਰੀ ਕਹਿੰਦੇ ਹਨ ਕਿ ਗੁਰੂ ਜੀ ਦੱਖਣ ਇਸ ਕਾਰਨ ਗਏ ਸੀ ਕਿ ਲੜਾਈਆਂ ਵਿੱਚ ਮਿਲੇ ਕਸ਼ਟਾਂ ਅਤੇ ਵਿਛੋੜਿਆਂ ਪਿਛੋਂ ਉਹ ਥਾਂ-ਬਦਲੀ ਚਾਹੁੰਦੇ ਸਨ। ਦੂਸਰੇ ਕਹਿੰਦੇ ਹਨ ਕਿ ਉਨ੍ਹਾਂ ਨੇ ਮੁਗਲ ਰਾਜ ਦੀ ਨੌਕਰੀ ਕਰ ਲਈ ਸੀ। ਕਨਿੰਘਮ ਨੇ ਲਿਖਿਆ ਹੈ ਕਿ ਗੁਰੂ ਜੀ ਨੇ ਗੋਦਾਵਰੀ ਵਾਦੀ ਵਿੱਚ ਇੱਕ ਫੌਜੀ ਕਮਾਨ ਲੈ ਲਈ ਸੀ।

ਇਹ ਸਭ ਬਿਰਤਾਂਤ ਝੂਠੇ ਅਤੇ ਗੈਰ-ਜ਼ਿੰਮੇਦਾਰ ਹਨ ਅਤੇ ਸਿੱਖ ਧਰਮ ਦਾ ਸਖਤ ਨਿਰਾਦਾਰ ਦਰਸਾਉਂਦੇ ਹਨ। ਜਾਪਦਾ ਹੈ ਕਿ ਇਹਨਾਂ ਲੇਖਕਾਂ ਵਿਚੋਂ ਬਹੁ-ਗਿਣਤੀ ਸਿੱਖ ਧਰਮ ਦੇ ਅਸੂਲਾਂ ਤੋਂ ਅਨਜਾਣ ਸਨ। ਇਹਨਾਂ ਸਾਰੇ ਲੇਖਕਾਂ ਨੂੰ ਦਸਣਾ ਚਾਹੀਦਾ ਹੈ ਕਿ ਸਭ ਗੁਰੂ ਸਾਹਿਬਾਨ ਦਾ ਪੂਰਨ ਸਿਧਾਂਤ ਗੁਰਬਾਣੀ ਦੀਆਂ ਇਹਨਾਂ ਤੁਕਾਂ ਉਤੇ ਆਧਾਰਤ ਸੀ :

"ਤੇਰਾ ਕੀਆ ਮੀਠਾ ਲਾਗੈ,
ਹਰਿ ਨਾਮ ਪਦਾਰਥ ਨਾਨਮ ਮਾਗੈ।" (ਆਸਾ ਮਹਲਾ ੫, ਪੰਨਾਂ ੩੯੪)

ਗੁਰੂ ਗੋਬਿੰਦ ਸਿੰਘ ਜੀ ਨੇ ਆਪਣੀ ਨੌਂ ਵਰ੍ਹੇ ਦੀ ਉਮਰ ਵਿੱਚ ਹਿੰਦੂ ਧਰਮ ਦੀ ਰੱਖਿਆ ਲਈ ਆਪਣੇ ਪਿਤਾ ਜੀ ਦੀ ਕੁਰਬਾਨੀ ਦਿਤੀ ਅਤੇ ਤਕੜੇ ਮੁਗਲ ਰਾਜ ਦੇ ਸਿਖਰ ਵੇਲੇ ਵੀ ਇਸ ਦੇ ਸਾਹਮਣੇ ਡਟੇ ਰਹੇ। ਜਦ ਗੁਰੂ ਜੀ ਦੇ ਮਹਿਲਾਂ ਨੇ ਪੁੱਛਿਆ, ਕਿ ਉਨ੍ਹਾਂ ਦੇ ਚਾਰ ਲਾਲ ਕਿਥੇ ਗਏ ਹਨ, ਗੁਰੂ ਜੀ ਨੇ ਉਤਰ ਦਿੱਤਾ :

"ਚਾਰ ਮੁਏ ਤਾਂ ਕਿਆ ਹੋਆ,
ਜੀਵਤ (ਮੇਰੇ ਖਾਲਸੇ ਦੇ ਰੂਪ ਵਿੱਚ) ਕਈ ਹਜ਼ਾਰ।"

ਜ਼ਫ਼ਰਨਾਮਾ ਵਿੱਚ ਗੁਰੂ ਜੀ ਨੇ ਬਾਦਸ਼ਾਹ ਔਰੰਗਜ਼ੇਬ ਨੂੰ ਖੁਲ੍ਹਮ ਖੁੱਲ੍ਹਾ ਵੰਗਾਰਿਆ :

"ਮੇਰੇ ਚਾਰ ਬੇਟੇ ਮਾਰ ਦਿਤੇ ਗਏ ਹਨ ਤਾਂ ਕੀ ਹੋਇਆ, ਜਦ ਖਾਲਸਾ, ਸਭ ਮੇਰੇ ਬੇਟੇ, ਜੀਉਂਦੇ ਹਨ ! ਜੀਵਨ ਦੀਆਂ ਕੁਝ ਚੰਗਿਆੜੀਆਂ ਬੁਝਾ ਦੇਣਾ ਕੀਹ ਬਹਾਦਰੀ ਹੋਈ ? ਤੂੰ ਕੇਵਲ ਇੱਕ ਬਲਦੀ ਅੱਗ ਨੂੰ ਵਧੇਰੇ ਤੇਜ਼ ਕਰ ਰਿਹਾ ਹੈਂ !..."

ਇਹਨਾਂ ਬਚਨਾਂ ਵਿੱਚ ਸੋਗ ਦੀ ਰਤਾ ਭਰ ਵੀ ਮਾਤਰਾ ਨਹੀਂ। ਇਸਲਈ ਇਸ ਨਿਰਦੋਸ਼ ਪੱਕੀ ਗਵਾਹੀ ਦੇਹੁੰਦਿਆਂ ਨਿਰਾਸਤਾ ਦਾ ਵਿਚਾਰ ਮੰਨਣਾ ਫ਼ਜ਼ੂਲ ਗੱਲ ਹੈ।

ਨੌਕਰੀ ਕਰਨ ਦਾ ਵਿਚਾਰ ਵੀ ਗੁਰੂ ਜੀ ਦੇ ਸਿਧਾਂਤਾਂ ਅਤੇ ਆਦਰਸ਼ਾਂ ਦੇ ਚਾਨਣ ਵਿੱਚ ਰੱਦ ਕਰਨ ਯੋਗ ਹੈ। ਗੁਰੂ ਜੀ ਨੇ ਮੁਗਲ ਰਾਜ ਦੀ ਨੌਕਰੀ ਕਾਹਦੇ ਲਈ ਕਰਨੀ ਸੀ ? ਉਨ੍ਹਾਂ ਨੇ ਸ਼ਰਧਾਲੂ ਉਨ੍ਹਾਂ ਨੂੰ "ਸਚਾ ਪਾਤਸ਼ਾਹ" ਸਦਦੇ ਸਨ ਅਤੇ ਉਹ ਸੱਚਮੁਚ ਹੈ ਵੀ ਸੱਚੇ ਪਾਤਸ਼ਾਹ ਸਨ, ਗੁਰੂ ਨਾਨਕ ਦੇਵ ਜੀ ਦੀ ਗੱਦੀ ਤੇ ਬਿਰਾਜਮਾਨ। ਇੱਕ ਸੱਚੇ ਪਾਤਸ਼ਾਹ ਹੋਣ ਨਾਤੇ ਉਨ੍ਹਾਂ ਕੋਲ ਅਥਾਹ ਧਨ ਅਤੇ ਸੱਚੀ ਸਿਖੀ ਸੇਵਕੀ ਸੀ। ਜੇ ਰਤਾ ਭਰ ਇਹਨਾਂ ਲੇਖਕਾਂ ਦੀ ਗੱਲ ਸੁਣੀ ਜਾਵੇ, ਗੁਰੂ ਜੀ ਦੀ ਉਨ੍ਹਾਂ ਅਤੇ ਉਨ੍ਹਾਂ ਦੇ ਸ਼ਰਧਾਲੂਆਂ ਉਤੇ ਹੋਏ ਅਤਿਆਚਾਰਾਂ ਦੀ ਯਾਦ ਬਿਲਕੁਲ ਤਾਜ਼ਾ ਸੀ ਕਿ ਉਨ੍ਹਾਂ ਦਾ ਉਸ ਅਤਿਆਚਾਰ ਕਰਨ ਵਾਲੀ ਫੌਜ ਦੀ ਨੌਕਰੀ ਕਰਨ ਦਾ ਸਵਾਲ ਹੀ ਨਹੀਂ ਉਠ ਸਕਦਾ ! ਨਾ ਹੀ ਇਹ ਨੌਕਰੀ ਦਾ ਵਿਚਾਰ ਗੁਰੂ ਜੀ ਵਲੋਂ ਪੰਜਾਬ ਵਿੱਚ ਖਾਲਸੇ ਦੀ ਅਗਵਾਈ ਕਰਨ ਲਈ ਬੰਦਾ ਬਹਾਦਰ ਨੂੰ ਭੇਜਣ ਨਾਲ ਮੇਲ ਖਾ ਸਕਦਾ ਹੈ। ਇਹਨਾਂ ਲੇਖਕਾਂ ਵਲੋਂ ਇਹ ਸਾਰੀ ਦਲੀਲਬਾਜ਼ੀ ਨਿਰਾਧਾਰ ਹੈ ਅਤੇ ਇੱਕ ਚਿਕੜ ਸੁਟਣ ਵਾਲੀ ਗੱਲ ਹੈ।

## ਗੁਰੂ ਜੀ ਨੰਦੇੜ ਵਿੱਚ :

ਨੰਦੇੜ ਪਹੁੰਚਕੇ ਗੁਰੂ ਜੀ ਨੇ ਗੋਦਾਵਰੀ ਦਰਿਆ ਕੇ ਇੱਕ ਰਮਣੀਕ ਥਾਂ ਪਸੰਦ ਕੀਤੀ। ਇਸ ਥਾਂ ਦੀ ਚੋਣ ਬਾਰੇ ਆਮਤੌਰ ਤੇ ਦੋ ਕਾਰਨ ਦੱਸੇ ਜਾਂਦੇ ਹਨ। ਇੱਕ ਤਾਂ ਉਹ ਬੰਦਾ ਬੈਰਾਗੀ ਨੂੰ ਮਿਲਣਾ ਚਾਹੁੰਦੇ ਸਨ ਅਤੇ ਦੂਜਾ, ਉਥੇ ਵਖ ਵਖ ਧਰਮਾਂ ਦੇ ਅੱਠ ਆਸ਼ਰਮ ਸਨ। ਗੁਰੂ ਜੀ ਪਾਵਨ ਅਸਥਾਨਾਂ ਦੇ ਮੁਖੀਆਂ ਨਾਲ ਉਹਨਾਂ ਨੂੰ ਸੱਚਾ ਰਾਹ ਵਿਖਾਉਣ ਅਤੇ ਆਪਣੇ ਦ੍ਰਿਸ਼ਟੀਕੋਣ ਵਲ ਪ੍ਰੇਰਨ ਲਈ ਵਿਚਾਰ-ਵਟਾਂਦਰਾ ਕਰਨਾ ਚਾਹੁੰਦੇ ਸੀ।ਸ਼ਾਇਦ ਇਸੇ ਕਾਰਨ ਗੁਰੂ ਜੀ ਨੇ ਲੋਕਾਂ ਦੇ ਸੰਗਠਨਾਂ ਨੂੰ ਸੰਬੋਧਨ ਕਰਨਾ ਝਟਪਟ ਅਰੰਭ ਦਿਤਾ। ਲੋਕਾਂ ਦੀਆਂ ਭੀੜਾਂ ਜੋ ਰੂਹਾਨੀ ਚਾਨਣ ਦੀ ਭਾਲ ਵਿੱਚ ਸਨ ਗੁਰੂ ਜੀ ਕੋਲ ਆਉਣ ਲਗੀਆਂ। ਛੇਤੀ ਹੀ ਇਹ ਸੱਚਮੁਚ ਦਾ ਅਨੰਦਪੁਰ ਦੱਖਣ ਵਿੱਚ ਬਣ ਗਿਆ ਜਾਪਣ ਲਗ ਪਿਆ।

ਇਥੇ ਗੁਰੂ ਜੀ ਨੂੰ ਖਬਰ ਮਿਲੀ ਕਿ ਬਾਦਸ਼ਾਹ ਦੀ ਫੌਜ ਨੇ ਸਧੌਰਾ ਲੁਟ ਪੁਟ ਲਿਆ ਹੈ ਅਤੇ ਪੀਰ ਬੁਧੂ ਸ਼ਾਹ ਨੂੰ ਬਾਗੀ ਕਰਾਰ ਦੇ ਦਿਤਾ ਹੈ ਕਿਉਂਕਿ ਉਹ ਗੁਰੂ ਗੋਬਿੰਦ ਸਿੰਘ, ਜਿਸ ਨੂੰ ਫੌਜ ਕਾਫ਼ਰ ਸਮਝਦੀ ਹੈ, ਦਾ ਸ਼ਰਧਾਲੂ ਹੈ।

ਇੱਕ ਦਿਨ ਗੁਰੂ ਜੀ ਬੈਰਾਗੀ ਮਾਧੋ ਦਾਸ ਸੰਨਿਆਸੀ ਦੇ ਸਥਾਨ 'ਤੇ ਗਏ। ਉਥੇ ਬੰਦਾ ਬੈਰਾਗੀ ਨਹੀਂ ਸੀ ਅਤੇ ਗੁਰੂ ਜੀ ਨੇ ਸੁਣਿਆ ਹੋਇਆ ਸੀ ਕਿ ਜੋ ਵੀ ਉਸ ਦੇ ਪਲੰਘ ਤੇ ਬੈਠੇ ਉਸ ਨੂੰ ਕਰਾਮਾਤ ਨਾਲ ਉਲਟਾ ਦਿੰਦਾ ਸੀ। ਸੋ ਗੁਰੂ ਜੀ ਉਸ ਪਲੰਘ ਉਤੇ ਬੈਠ ਕੇ ਆਰਾਮ ਕਰਨ ਲੱਗੇ। ਗੁਰੂ ਜੀ ਦੇ ਸ਼ਰਧਾਲੂਆਂ ਨੇ ਇੱਕ ਬਕੱਰਾ ਝਟਕਾ ਕੇ ਬੈਰਾਗੀ ਦੀ ਵਰਜਿਤ ਥਾਂ ਤੇ ਰਿੰਨ੍ਹਿਆਂ ਸੀ। ਬੈਰਾਗੀ ਦਾ ਇੱਕ ਚੇਲਾ ਗੁਰੂ ਜੀ ਦੀ ਕਾਰਵਾਈ ਬਾਰੇ ਉਸ ਨੂੰ ਦੱਸਣ ਗਿਆ। ਬੈਰਾਗੀ ਦੇ ਅਸਥਾਨ ਤੇ ਇੱਕ ਪਸ਼ੂ ਨੂੰ ਮਾਰ ਦੇਣਾ ਅਤੇ ਉਸ ਦੇ ਪਲੰਘ, ਜੋ ਉਸਦਾ ਤਖ਼ਤ ਸੀ, ਨੂੰ ਮੱਲ ਬੈਠਣਾ ਅਪਵਿਤਰ ਅਤੇ ਨਿਰਾਦਰ ਸੀ। ਬੈਰਾਗੀ ਗੁੱਸੇ ਨਾਲ ਪਾਗਲ, ਜੋਸ਼ ਨਾਲ ਗੁਰੂ ਜੀ ਵੱਲ ਆਇਆ। ਉਸਨੇ ਆਪਣੀਆਂ ਸਾਰੀਆਂ ਸ਼ਕਤੀਆਂ ਰਾਹੀਂ ਗੁਰੂ ਜੀ ਨੂੰ ਹਾਨੀ ਪਹੁੰਚਾਉਣ ਦੀ ਕੋਸ਼ਿਸ਼ ਕੀਤੀ ਪਰ ਸਭ ਨਿਰਫਲ। ਜਦ ਉਸ ਦੀ ਕੋਈ ਪੇਸ਼ ਨ ਗਈ ਤਾਂ ਉਸ ਨੇ ਗੁਰੂ ਜੀ ਨੂੰ ਪੁਛਿਆ ਕਿ ਆਪ ਕੌਣ ਹੋ ? ਗੁਰੂ ਜੀ ਨੇ ਉਤੱਰ ਦਿਤਾ ਕਿ ਉਹ ਗੋਬਿੰਦ ਸਿੰਘ ਹੈ। ਬੈਰਾਗੀ ਸ਼ਾਂਤ ਹੋ ਗਿਆ ਅਤੇ ਉਸ ਦਾ ਗੁੱਸਾ ਇਕਦਮ ਸ਼ਰਧਾ ਵਿੱਚ ਬਦਲ ਗਿਆ। ਗੁਰੂ ਜੀ ਦੇ ਨੇਤਰਾਂ ਵਿਚੋਂ ਅਸੀਮੀ ਪ੍ਰਕਾਸ਼ ਨੇ ਬੈਰਾਗੀ ਦੇ ਮਨ ਵਿਚੋਂ ਸਾਰਾ ਹਨੇਰਾ ਦੂਰ ਕਰ ਦਿਤਾ ਅਤੇ ਗੁਰੂ ਜੀ ਸਾਮ੍ਹਣੇ ਉਸੇ ਛਿਣ ਗੋਡੇ ਟੇਕ ਕੇ ਅਤੇ ਸੰਪੂਰਨ ਅਧੀਨਗੀ ਨਾਲ ਸਵੀਕਾਰ ਕੀਤਾ ਕਿ ਉਹ ਗੁਰੂ ਜੀ ਦਾ ਬੰਦਾ, ਚਾਕਰ, ਸੀ।

ਮਹਾਨ ਗੁਰੂ ਜੀ ਨੇ ਬੈਰਾਗੀ ਨੂੰ ਸਿੱਖ ਧਰਮ ਦੇ ਸਿਧਾਂਤ ਸਮਝਾਏ ਅਤੇ ਅੰਮ੍ਰਿਤ ਛਕਾਇਆ। ਉਸ ਦਾ ਨਾਮ ਗੁਰਬਖਸ਼ ਸਿੰਘ ਰੱਖਿਆ ਗਿਆ ਪਰ ਬੰਦਾ ਜਾਂ ਬੰਦਾ ਸਿੰਘ ਹੀ ਕਹਾਉਂਦਾ ਰਿਹਾ। ਉਸ ਨੇ ਸਿੱਖਾਂ ਕੋਲੋਂ ਮੁਸਲਮਾਨ ਰਾਜ ਵਲੋਂ ਪੰਜਾਬ ਵਿੱਚ ਹੋਏ ਜ਼ੁਲਮਾਂ ਅਤੇ ਗੁਰੂ ਜੀ ਦੇ ਮਾਸੂਮ ਸਾਹਿਬਜ਼ਾਦਿਆਂ ਦੇ ਕਤਲ ਬਾਰੇ ਸੁਣਿਆ ਹੋਇਆ ਸੀ।

ਸੋ ਉਹ ਜੋ ਵੀ ਗੁਰੂ ਜੀ ਦੀ ਸੇਵਾ ਕਰ ਸਕਦਾ ਸੀ ਕਰਨ ਲਈ ਤਿਆਰ ਹੋ ਗਿਆ। ਇਸ ਤੇ ਗੁਰੂ ਜੀ ਨੇ ਉਸ ਨੂੰ ਪੰਜਾਬ ਜਾਣ ਅਤੇ ਉਥੇ ਖਾਲਸੇ ਉਪਰ ਮੁਸਲਿਮ ਰਾਜ ਵਲੋਂ ਹੋ ਰਹੇ ਜ਼ੁਲਮਾਂ ਵਿਰੁਧ ਲੜਣ ਲਈ ਆਦੇਸ਼ ਦਿੱਤਾ। ਇਸ ਦੇ ਨਾਲ ਗੁਰੂ ਜੀਹ ਨੇ ਉਸ ਨੂੰ ਪੰਜ ਤੀਰ ਅਤੇ ਆਪਣਾ ਕਮਾਨ ਦਿਤਾ ਅਤੇ ਬਚਨ ਕੀਤਾ, "ਜਦ ਤਕ ਆਪ ਸੰਜਮੀ ਰਹੋਗੇ ਆਪ ਦੀ ਸੋਭਾ ਵਧੇਗੀ। ਜੋ ਕੋਈ ਸੰਤੋਖੀ ਹੈ ਉਹ ਲੜਣ ਵਲੋਂ ਪਿਠ ਨਹੀਂ ਮੋੜੇਗਾ, ਉਸ ਦੇ ਵਿਰੋਧੀ ਉਸ ਦਾ ਟਾਕਰਾ ਨਹੀਂ ਕਰ ਸਕਦੇ। ਇੱਕ ਵਾਰੀ ਵੀ ਜੇ ਆਪ ਨੇ ਖਾਲਸਾ ਅਸੂਲ ਤਿਆਗੇ ਅਤੇ ਮਰਿਆਦਾ ਤੋਂ ਉਲਟ ਇਸਤਰੀ-ਸੰਗ ਵਿੱਚ ਪੈ ਗਏ ਤਾਂ ਆਪ ਦੀ ਬਹਾਦਰੀ ਨਾਸ ਹੋ ਜਾਏਗੀ।" ਗੁਰੂ ਜੀ ਨੇ ਕੁਝ ਸਿੱਖ ਇਸ ਮੁਹਿੰਮ ਵਿੱਚ ਸਹਾਇਤਾ ਲਈ ਨਾਲ ਭੇਜ ਦਿਤੇ। ਬੰਦਾ ਬਹਾਦਰ ਨੇ ਪ੍ਰਤਿਗਿਆ ਕੀਤੀ, ਗੁਰੂ ਜੀ ਅੱਗੇ ਸੀਸ ਨਿਵਾਇਆ ਅਤੇ ਚੱਲ ਪਿਆ। ਇਹ ਗੁਰੂ ਗੋਬਿੰਦ ਸਿੰਘ ਜੀ ਦੀ ਚਿੜੀਆਂ ਤੋਂ ਬਾਜ਼ ਤੁੜਾਉਣ ਅਤੇ ਇੱਕ ਸਿੱਖ ਨੂੰ ਸਵਾ ਲੱਖ ਨਾਲ ਲੜਾਉਣ ਦੀ ਸ਼ਕਤੀ ਦੀ ਇੱਕ ਉਘੀ ਉਦਾਹਰਣ ਸੀ। ਬੰਦਾ ਬਹਾਦਰ, ਜੋ ਅਹਿੰਸਾ ਦੇ ਸਿਧਾਂਤ ਨਾਲ ਬੱਧਾ ਹੋਇਆ ਇੱਕ ਸੰਨਿਆਸੀ ਸੀ, ਨੂੰ ਗੁਰੂ ਜੀ ਦੀ ਸ਼ਕਤੀ ਨੇ ਉਸ ਸਮੇਂ ਦਾ ਸਭ ਤੋਂ ਮਹਾਨ ਜਰਨੈਲ ਬਣਾ ਦਿਤਾ।

ਬੰਦਾ ਬਹਾਦਰ ਨੇ ਦਿੱਲੀ ਤੋਂ ਪੈਂਤੀ ਕੁ ਮੀਲ ਤੇ ਇੱਕ ਪਿੰਡ ਵਿੱਚ ਗੁਰੂ ਜੀ ਦਾ ਝੰਡ ਗੱਡ ਦਿੱਤਾ। ਪੰਜਾਬ ਦੇ ਸਭ ਪਾਸਿਆਂ ਤੋਂ ਆ ਕੇ ਸਿੱਖ ਇਸ ਝੰਡੇ ਹੇਠ ਇਕੱਠੇ ਹੋ ਗਏ ਅਤੇ ਅਜੇਹੇ ਜ਼ਬਰਦਸਤ ਅਤੇ ਤਬਾਹੀ ਲਿਆਉਣ ਵਾਲੇ ਹਮਲੇ ਕੀਤੇ ਕਿ ਥੋੜੇ ਕੁਮਹੀਨਿਆਂ ਵਿੱਚ ਸਮਾਨਾ, ਸ਼ਾਹਬਾਦ, ਸਧੌਰਾ ਅਤੇ ਛਤ ਬਨੂਰ ਮਿਟੀ 'ਚ ਮਿਲਾ ਦਿਤੇ। ਅਗੋਂ ਆਇਆ ਸਰਹਿੰਦ। ਬੰਦਾ ਬਹਾਦਰ ਨੇ ਐਨਾ ਜ਼ੋਰਦਾਰ ਅਤੇ ਹੂੰਝਾ ਫੇਰੂ ਹਮਲਾ ਕੀਤਾ ਕਿ ਵੈਰੀ ਉਸ ਦੀ ਸੈਨਾ ਅਗੇ ਖੜੋ ਨਾ ਸਕਿਆ। ਵਜ਼ੀਰ ਖਾਨ ਅਤੇ ਉਸ ਦਾ ਵਜ਼ੀਰ ਸੁੱਚਾ ਲੰਦ ਤਲਵਾਰ ਦੀ ਘਾਟ ਉਤਾਰ ਦਿਤੇ ਗਏ। ਬਾਦਸ਼ਾਹ ਬਹਾਦਰ ਸ਼ਾਹ ਬੰਦਾ ਬਹਾਦਰ ਨੂੰ ਕੁਚਲ ਦੇਣ ਲਈ ਸਫਲ ਨ ਹੋਇਆ ਅਤੇ ਸਿੱਖਾਂ ਉਤੇ ਫਤਹਿ ਪਾਉਣ ਦੇ ਭਰਮ ਵਿੱਚ ਹੀ ਮਰ ਗਿਆ।

ਬੰਦਾ ਬਹਾਦਰ ਦੇ ਜਾਣ ਪਿਛੋਂ ਗੁਰੂ ਜੀ ਨੇ ਉਥੇ ਨੇੜੇ ਤੇੜੇ ਦੇ ਵੱਖ ਵੱਖ ਅਸਥਾਨਾਂ ਤੇ ਨਿਵਾਸ ਰਖਿਆ; ਸ਼ਿਕਾਰ ਘਾਟ ਜਿਥੇ ਗੁਰੂ ਜੀ ਸ਼ਿਕਾਰ ਖੇਡਿਆ ਕਰਦੇ ਸਨ, ਨਗੀਨਾ ਘਾਟ ਜਿਥੇ ਇੱਕ ਸਿੱਖ ਨੇ ਇੱਕ ਛੋਟੀ ਜੜੀ ਹੋਈ ਅੰਗੂਠੀ ਗੁਰੂ ਜੀ ਨੂੰ ਭੇਟਾ ਕੀਤੀ ਜੋ ਗੁਰੂ ਜੀ ਨੇ ਦਰਿਆ ਵਿੱਚ ਸੁੱਟੀ। ਫੇਰ, ਹੀਰਾ ਘਾਟ ਜਿਥੇ ਗੁਰੂ ਜੀ ਨੇ ਉਸੇ ਤਰ੍ਹਾਂ ਭੇਟਾ ਹੋਈ ਇੱਕ ਹੀਰੇ ਦੀ ਮੁੰਦਰੀ ਦਰਿਆ ਵਿੱਚ ਸੁੱਟੀ ਸੀ ਅਤੇ ਇੱਕ ਹੋਰ ਅਸਥਾਨ ਤੇ ਜਿਸ ਨੂੰ 'ਸੰਗਤ ਸਾਹਿਬ' ਕਹਿੰਦੇ ਹਨ ਜਿਥੇ ਗੁਰੂ ਜੀ ਆਪਣੇ ਸ਼ਰਧਾਲੂਆਂ ਨੂੰ ਉਪਦੇਸ਼ ਦਿਆ ਕਰਦੇ ਸੀ।

ਗੁਰੂ ਜੀ ਅਤੇ ਬਾਦਸ਼ਾਹ ਬਹਾਦਰ ਸ਼ਾਹ ਵਿਚੱਕਾਰ ਨਿਕਟ ਸੰਬੰਧਾਂ ਨੇ ਸਰਹਿੰਦ ਦੇ ਸੂਬੇਦਾਰ, ਵਜ਼ੀਰ ਖਾਨ ਨੂੰ, ਭੈਭੀਤ ਕਰ ਦਿਤਾ। ਉਸ ਨੇ ਹੀ ਗੁਰੂ ਜੀ ਦੇ ਛੋਟੇ ਸਾਹਿਬਜ਼ਾਦਿਆਂ ਨੂੰ ਕੰਧ ਵਿੱਚ ਜਿਉਂਦਿਆਂ ਚਿਣਵਾਉਣ ਅਤੇ ਉਨ੍ਹਾਂ ਦੇ ਸੀਸ ਕੱਟ ਦੇਣ ਦਾ ਹੁਕਮ ਦਿਤਾ ਸੀ। ਸਿੱਖਾਂ ਉਤੇ ਪੰਜਾਬ ਵਿੱਚ ਸਭ ਤੋਂ ਵਧੀਕ ਜ਼ੁਲਮ ਢਾਹੁਣ ਦਾ ਵੀ ਵਜ਼ੀਰ ਖਾਨ ਹੀ ਜ਼ਿੰਮੇਦਾਰ ਸੀ। ਉਹ ਡਰਦਾ ਸੀ ਕਿ ਜੇ ਨਵੇਂ ਬਾਦਸ਼ਾਹ ਅਤੇ ਗੁਰੂ ਜੀ ਵਿਚਕਾਰ ਸਮਝੌਤਾ ਹੋ ਗਿਆ ਤਾਂ ਉਸ ਦੀ ਜਾਨ ਖ਼ਤਰੇ ਵਿੱਚ ਸੀ। ਇਸਲਈ ਉਸ ਨੇ ਗੁਰੂ ਜੀ ਨੂੰ ਸ਼ਹੀਦ ਕਰ ਦੇਣ ਲਈ ਇੱਕ ਸਾਜ਼ਸ਼ ਬਣਾਈ ਅਤੇ ਦੋ ਪਠਾਨ, ਗੁਲ ਖਾਨ ਉਪਨਾਮ ਜਮਸ਼ੇਦ ਖਾਨ ਅਤੇ ਅਤਾਉੱਲਾ ਗੁਰੂ ਜੀ ਨੂੰ ਕਤਲ ਕਰਨ ਲਹੀ ਭੇਜੇ।

ਨੰਦੇੜ ਵਿੱਚ ਗੁਰੂ ਜੀ ਦੇ ਦੀਵਾਨ ਵਿੱਚ ਸਭ ਤਰ੍ਹਾਂ ਦੇ ਲੋਕ ਆਉਣੇ ਸ਼ੁਰੂ ਹੋ ਗਏ। ਥੋੜੇ ਚਿਰ ਨੂੰ ਦੋ ਪਠਾਨ ਵੀ ਦੀਵਾਨ ਵਿੱਚ ਆਉਣ ਲਗ ਪਏ। ਜਿਥੇ ਗੁਰੂ ਜੀ ਸੰਗਤ ਨੂੰ ਸੰਬੋਧਨ ਕੀਤਾ ਕਰਦੇ ਸੀ। ਤੀਜੇ, ਜਾਂ ਚੌਥੇ ਦਿਨ, ਜਮਸ਼ੇਦ ਖਾਨ ਨੂੰ ਇੱਕ ਮੌਕਾ ਮਿਲਿਆ ਅਤੇ ਜਦ ਸ਼ਾਮ ਦੇ ਦੀਵਾਨ ਪਿਛੋਂ ਗੁਰੂ ਜੀ ਆਪਣੇ ਨਿਵਾਸ ਅਸਥਾਨ ਤੇ ਗਏ ਉਹ ਵੀ ਪਿਛੇ ਪਿਛੇ ਅੰਦਰ ਆ ਗਿਆ ਅਤੇ ਗੁਰੂ ਜੀ ਨੂੰ ਇੱਕ ਛੁਰੇ ਨਾਲ ਜ਼ਖ਼ਮੀ ਕਰ ਦਿਤਾ। ਭਾਵੇਂ ਜ਼ਖ਼ਮ ਗੰਭੀਰ ਸੀ, ਉਨ੍ਹਾਂ ਨੇ ਉਸੇ ਵੇਲੇ ਪਠਾਨ ਨੂੰ ਮਾਰ ਦਿਤਾ। ਉਸ ਦਾ ਸਾਥੀ ਪਠਾਨ ਦੌੜਿਆ ਪਰ ਇੱਕ ਸਿੱਖ, ਜੋ ਗੁਰੂ ਜੀ ਦੇ ਨਿਵਾਸ ਅਸਥਾਨ ਵਿਚੋਂ ਆਵਾਜ਼ ਸੁਣ ਕੇ ਤੇਜ਼ੀ ਨਾਲ ਆ ਰਿਹਾ ਸੀ, ਨੇ ਉਸ ਨੂੰ ਵੀ ਜ਼ਖ਼ਮੀ ਕਰਕੇ ਮਾਰ ਦਿਤਾ।

ਗੁਰੂ ਜੀ ਦੀ ਸ਼ਹੀਦੀ ਸਬੰਧੀ ਹਾਲਾਤ ਬਾਰੇ ਕਈ ਤਰ੍ਹਾਂ ਦੇ ਵਿਚਾਰ ਅਤੇ ਕਥਾਵਾਂ ਪ੍ਰਗਟ ਕੀਤੇ ਗਏ ਹਨ। ਕਨਿੰਘਮ ਲਿਖਦਾ ਹੈ ਕਿ ਇੱਕ ਵਪਾਰੀ ਪਠਾਨ, ਜਿਸ ਨੇ ਗੁਰੂ ਜੀ ਕੋਲ ਘੋੜੇ ਵੇਚੇ ਹੋਏ ਸਨ, ਇੱਕ ਦਿਨ ਗੁਰੂ ਜੀ ਕੋਲ ਆਇਆ ਅਤੇ ਮੁੱਲ ਦੀ ਰਕਮ ਤੁਰਤ ਦੇਣ ਲਈ ਕਹਿਣ ਲੱਗਾ। ਗੁਰੂ ਜੀ ਕੋਲ ਉਸ ਸਮੇਂ ਪੂਰੀ ਰਕਮ ਨਾ ਹੋਣ ਕਾਰਨ ਉਨ੍ਹਾਂ ਨੇ ਉਸ ਨੂੰ ਕਿਸੇ ਹੋਰ ਦਿਨ ਆਉਣ ਲਈ ਕਿਹਾ। ਪਠਾਨ ਨੇ ਰੋਹ ਵਿੱਚ ਆ ਕੇ ਹੱਥ ਚੁਕਿਆ ਤਾਂ ਗੁਰੂ ਜੀ ਨੇ ਉਸ ਨੂੰ ਮਾਰ ਗਿਰਾਇਆ। ਉਸ ਦੇ ਮਿਰਤਕ ਸਰੀਰ ਨੂੰ ਲਿਜਾ ਕੇ ਦਫਨਾ ਦਿੱਤਾ ਅਤੇ ਉਸ ਦੇ ਪਰਵਾਰ ਨੇ ਆਪਣੀ ਕਿਸਮਤ ਨਾਲ ਸਮਝੌਤਾ ਕਰ ਲਿਆ। ਪਠਾਨ ਦੇ ਪੁੱਤਰਾਂ ਨੇ ਬਦਲੇ ਦੀ ਭਾਵਨਾ ਬਣਾਈ ਰੱਖੀ ਅਤੇ ਇਸ ਨੂੰ ਪੂਰਾ ਕਰਨ ਲਈ ਇੱਕ ਮੌਕਾ ਲਭ ਲਿਆ। ਉਹ ਗੁਰੂ ਜੀ ਦੇ ਆਰਾਮ ਅਸਥਾਨ ਵਿੱਚ ਚੋਰੀ ਘੁਸ ਆਏ ਅਤੇ, ਜਦ ਗੁਰੂ ਜੀ ਸੁੱਤੇ ਪਏ ਸਨ ਅਤੇ ਕੋਈ ਪਹਿਰੇਦਾਰ ਵੀ ਨਹੀਂ ਸੀ, ਗੁਰੂ ਜੀ ਨੂੰ ਛੁਰਾ ਮਾਰ ਕੇ ਸ਼ਹੀਦ ਕਰ ਦਿਤਾ। (ਕਨਿੰਘਮ—ਹਿਸਟਰੀ ਆਫ ਸਿੱਖਸ, ਪੰਨਾ ੮੨)

ਦੂਜੇ ਲਿਖਾਰੀ, ਜਿਵੇਂ ਮੈਕਗਰੈਗਰ ਆਪਣੇ ਸਿੱਖਾਂ ਦੇ ਇਤਿਹਾਸ (History of Sikhs, p.99-100 ) ਵਿੱਚ ਲਿਖਦਾ ਹੈ ਕਿ ਗੁਰੂ ਜੀ ਨੇ ਪਠਾਨ ਨੂੰ ਮਾਰਨ ਤੋਂ ਛੇਤੀ ਹੀ ਪਿਛੋਂ ਆਪਣੀ ਗਲਤੀ ਅਨੁਭਵ ਕੀਤੀ ਅਤੇ ਹਰਜਾਨੇ ਵਜੋਂ ਉਸ ਦੀ ਵਿਧਵਾ ਉਤੇ ਵਿਸ਼ੇਸ਼ ਕਿਰਪਾ ਕੀਤੀ ਅਤੇ ਉਸ ਦੇ ਪੁੱਤਰ ਦੀ ਪਾਲਣਾ ਕੀਤੀ ਜਿਵੇਂ ਇੱਕ ਪਿਤਾ ਕਰਦਾ ਹੈ। ਜਦ ਉਹ ਲੜਕਾ ਜਵਾਨ ਹੋਇਆ ਤਾਂ, ਕਿਹਾ ਜਾਂਦਾ ਹੈ, ਉਸ ਨੂੰ ਗੁਰੂ ਜੀ ਨੇ ਆਪ ਉਤੇਜਤ ਕੀਤਾ ਕਿ ਉਨ੍ਹਾਂ ਉਤੇ ਹਮਲਾ ਕਰੇ। ਲੜਕੇ ਨੇ ਕੀਤਾ, ਜੋ ਗੁਰੂ ਜੀ ਲਈ ਮਾਰੂ ਹੋਇਆ। ਟਰੰਪ ਵੀ ਇਸ ਵਰਨਣ ਵਿੱਚ ਯਕੀਨ ਕਰਦਾ ਹੈ ਅਤੇ ਇਸ ਨੂੰ ਦਲੀਲ ਦਾ ਆਧਾਰ ਦੇਣ ਲਈ ਕਹਿੰਦਾ ਹੈ ਕਿ ਗੁਰੂ ਜੀ ਜੀਵਨ ਤੋਂ ਉਪਰਾਮ ਹੋ ਗਏ ਸੀ ਅਤੇ ਇਸ ਦਾ ਅੰਤ ਕਰਨਾ ਚਾਹੁੰਦੇ ਸਨ।

ਇਹ ਸਾਰੀਆਂ ਕਹਾਣੀਆਂ ਬੇਬੁਨਿਆਦ ਹਨ। ਇਹਨਾਂ ਲੇਖਕਾਂ ਨੂੰ ਸਮਝ ਨਹੀਂ ਕਿ ਗੁਰੂ ਜੀ ਕੀਹ ਸਨ। ਗੁਰੂ ਗੋਬਿੰਦ ਸਿੰਘ ਜੀ ਗੁਰੂ ਨਾਨਕ ਦੇਵ ਜੀ ਦੀ ਇਲਾਹੀ ਗੁਰਗੱਦੀ ਤੇ ਬਿਰਾਜ ਰਹੇ ਸੀ ਅਤੇ ਇਸ ਲਈ ਉਹ ਰੱਬੀ-ਪ੍ਰਕਾਸ਼ ਦਾ ਸਾਕਾਰ ਰੂਪ ਸੀ; ਅਕਾਲ ਪੁਰਖ ਕਦੀ ਵੀ ਨਿਰਾਸ ਜਾਂ ਉਪਰਾਮ ਨਹੀਂ ਹੋਣਗੇ। ਗੁਰੂ ਜੀ ਨੇ ਕਦੀ ਵੀ ਕੋਈ ਦੁਖ ਦਾ ਸ਼ਬਦ ਨਹੀਂ ਕਿਹਾ, ਨਾ ਹੀ ਉਨ੍ਹਾਂ ਨੇ ਕਦੀ, ਬੇਮਿਸਾਲ ਕਸ਼ਟਾਂ ਵਿਚੋਂ ਲੰਘਦਿਆਂ, ਨਿਰਾਸਤਾ ਦਾ ਕੋਈ ਸੰਕੇਤ ਦਿਤਾ। ਗੁਰੂ ਜੀ ਦੇ ਉਪਦੇਸ਼ਾਂ ਜਾਂ ਲਿਖਤਾਂ ਵਿੱਚ ਕਿਤੇ ਵੀ ਅੰਕਿਤ ਨਹੀਂ ਕੀਤਾ ਹੋਇਆ ਕਿ ਗੁਰੂ ਜੀ ਨੇ ਦੇ ਦੁਖ ਦਾ ਹੋਕਾ ਭਰਿਆ ਹੋਵੇ। ਜਦ ਨੂਰਾ ਮਾਹੀ ਗੁਰੂ ਜੀ ਦੇ ਛੋਟੇ ਸਾਹਿਬਜ਼ਾਦਿਆਂ ਉਤੇ ਹੋਏ ਜ਼ੁਲਮ ਦੀ ਖਬਰ ਲੈ ਕੇ ਆਇਆ ਤਾਂ ਸੁਣ ਕੇ ਗੁਰੂ ਜੀ ਨੇ ਅਕਾਲ ਪੁਰਖ ਦਾ ਧੰਨਵਾਦ ਕਰਦਿਆਂ ਬਚਨ ਕੀਤਾ ਸੀ, "ਪਿਤਾ ਜੀ, ਮਾਤਾ ਜੀ ਅਤੇ ਚਾਰੇ ਬੇਟੇ ਮੇਰੇ ਕੋਲ ਆਪ ਜੀ ਦੀ ਅਮਾਨਤ ਸਨ। ਅੱਜ ਮੈਂ ਇਹ ਸੰਪੂਰਨ ਅਮਾਨਤ ਆਪ ਜੀ ਜੋਗ ਵਾਪਸ ਦੇਣ ਵਿੱਚ ਸਫਲ ਅਤੇ ਪ੍ਰਸੰਨ ਹਾਂ।" ਮਨੁਖ ਦੇ ਸਾਰੇ ਇਤਿਹਾਸ ਵਿੱਚ ਇਹੋ ਜੇਹੀ ਮਿਸਾਲ ਕਿਸੇ ਨੂੰ ਵੀ ਮਿਲਣੀ ਸੰਭਵ ਨਹੀਂ।

ਅੱਜਕਲ੍ਹ ਦੇ ਸਮੇਂ ਵਿੱਚ ਇੱਕ ਹੁਕਮਨਾਮੇ ਤੋਂ ਇੱਕ ਨਵਾਂ ਚਾਨਣ ਮਿਲਿਆ ਹੈ। ਇਸ ਅਨੁਸਾਰ ਗੁਰੂ ਜੀ ਤੋਂ ਘੋੜਿਆਂ ਦੀ ਰਹਿੰਦੀ ਕੀਮਤ ਦੇਣ ਲਈ ਕੋਈ ਮੰਗ ਨਹੀਂ ਕੀਤੀ ਗਈ ਸੀ। ਸਗੋਂ ਗੁਰੂ ਜੀ ਨੇ ਪਠਾਨ ਨੂੰ ਆਪ ਰਹਿੰਦੀ ਰਕਮ ਬਾਰੇ ਯਾਦ ਕਰਾਇਆ ਤਾਂ ਉਸ ਨੇ ਮੰਗਣ ਤੋਂ ਨਾਂਹ ਕਰ ਦਿਤੀ ਸੀ। ਇਹ ਹੁਕਮਨਾਮਾ (ਗੁਰੂ ਜੀ ਵਲੋਂ ਜਾਰੀ ਕੀਤਾ ਪ੍ਰਸੰਸਾ ਪੱਤਰ) ਗੁਰੂ ਜੀ ਨੇ ਪਠਾਨ ਨੂੰ ਉਸ ਦੇ ਚੰਗੇ ਅਤੇ ਮਿਤਰਤਾ ਭਰੇ ਵਰਤਾਉ ਲਈ ਬਖਸ਼ਿਆ ਸੀ ਅਤੇ ਉਸ ਪਠਾਨ ਦੀ ਸੰਤਾਨ ਕੋਲ ਅਜੇ ਵੀ ਸਾਂਭਿਆ ਹੋਇਆ ਹੈ। (ਕਰਤਾਰ ਸਿੰਘ, 'ਜੀਵਨ ਗੁਰੂ ਗੋਬਿੰਦ ਸਿੰਘ, ਪੰਨਾ ੨੬੩)

ਇਤਿਹਾਸਕ ਹਾਲਾਤ ਦੀ ਪੜਤਾਲ ਤੋਂ ਇਸ ਘਟਨਾ ਵਿੱਚ ਬਾਦਸ਼ਾਹ ਦੀ ਭਾਗੇਦਾਰੀ ਦਾ ਪਤਾ ਚਲਦਾ ਹੈ। ਬਾਦਸ਼ਾਹ ਨੂੰ ਗੁਰੂ ਜੀ ਵਲੋਂ ਬੰਦਾ ਬਹਾਦਰ ਨੂੰ ਪੰਜਾਬ ਭੇਜਣ ਅਤੇ ਲੜਾਈ ਨਵੇਂ ਸਿਰਿਉਂ ਸ਼ੁਰੂ ਕਰਨ ਅਤੇ ਵਜ਼ੀਰ ਖਾਨ ਨੂੰ ਮਾਰ ਦੇਣ ਕਰਕੇ ਗੁਰੂ ਜੀ ਨਾਲ ਬੜੇ ਗੁੱਸੇ ਨਾਲ ਭਰਿਆ ਹੋਇਆ ਸੀ। ਜਾਪਦਾ ਹੈ ਕਿ ਬਾਦਸ਼ਾਹ ਨੂੰ ਇਹ ਵੀ ਡਰ ਸੀ ਕਿ ਉਸ ਦੇ ਆਪਣੇ ਭਰਾ ਨਾਲ ਹੈਦਰਾਬਾਦ ਵਿੱਚ ਸੰਘਰਸ਼ ਸਮੇਂ ਗੁਰੂ ਜੀ ਮਰਹੱਟਿਆਂ ਦੀ ਮੁਗਲ ਰਾਜ ਵਿਰੁਧ ਲੜਾਈ ਵਿੱਚ ਉਹਨਾਂ ਨਾਲ ਰਲ ਜਾਣਗੇ। ਸ਼ਾਇਦ ਇਸ ਕਾਰਨ ਉਹ ਗੁਰੂ ਜੀ ਨੂੰ ਇਕੱਲਿਆਂ ਨਹੀਂ ਸੀ ਰਹਿਣ ਦਿੰਦਾ। ਬਹਾਦਰ ਸ਼ਾਹ ਦਾ ਗਲਤ ਯਕੀਨ ਵੀ ਸੀ ਕਿ ਗੁਰੂ ਜੀ ਨੂੰ ਮਾਰ ਦੇਣ ਨਾਲ ਉਨ੍ਹਾਂ ਦੀ ਪੰਜਾਬ ਵਿੱਚ ਮੁੜ ਚਲਾਈ ਬਗਾਵਤ ਦੀ ਯੋਜਨਾ ਨੂੰ ਮਾਰੂ ਧੱਕਾ ਲੱਗੇਗਾ। ਇਸ ਲਈ ਉਸ ਨੇ ਦੋ ਪਠਾਨਾਂ, ਜੋ ਵਜ਼ੀਰ ਖਾਨ ਦੇ ਨਿਯਕੁਤ ਕੀਤੇ ਸਭ, ਨਾਲ ਸਾਜ਼ਸ਼ ਬਣਾਈ ਸੀ ਗੁਰੂ ਜੀ ਦਾ ਜੀਵਨ ਅੰਤ ਕਰਨ ਲਈ। ਹੇਠ ਲਿਖਿ ਇਤਿਹਾਸਿਕ ਤੱਥ ਇਸ ਵਿਚਾਰ ਦੀ ਪੁਸ਼ਟੀ ਕਰਦੇ ਹਨ :

੨੮ ਅਕਤੂਬਰ ੧੭੦੮ ਨੂੰ ਬਾਦਸ਼ਾਹ ਨੇ ਹੁਕਮ ਦਿਤਾ ਕਿ ਜਮਸ਼ੇਦ ਖਾਨ ਅਫਗਾਨ, ਜਿਸ ਨੂੰ ਗੁਰੂ ਗੋਬਿੰਦ ਸਿੰਘ ਨੇ ਕਤਲ ਕੀਤਾ ਸੀ, ਦੇ ਪੁੱਤਰ ਨੂੰ ਖਿੱਲਤ-ਏ-ਮਾਤਮੀ (ਮਾਤਮ ਪੁਰਸੀ ਦਾ ਚੋਗ਼ਾ ਦਿਤਾ ਜਾਏ। ਇਸ ਦਾ ਜ਼ਿਕਰ ਬਾਦਸ਼ਾਹੀ ਦਰਬਾਰ ਦੇ ਸਮਾਚਾਰ ਪੱਤਰ (ਅਖਬਾਰਾਤ-ਏ-ਦਰਬਾਰ-ਏ-ਮੁਅੱਲਾ) ਵਿੱਚ ਦਰਜ ਹੈ ਜਿਵੇਂ ਡਾ. ਗੰਡਾ ਸਿੰਘ ਨੇ ਆਪਣੀ ਪੁਸਤਕ "ਮਾਖਿਜ-ਏ-ਤਵਾਰੀਖ-ਏ-ਸਿੱਖਾਂ' ਵਿੱਚ ਪੰਨਾ ੮੩ ਤੇ ਹਵਾਲਾ ਦਿਤਾ ਹੈ।

ਜਮਸ਼ੇਦ ਖਾਨ ਕੋਈ ਵੱਡੇ ਦਰਜੇ ਦਾ ਦਰਬਾਰੀ ਨਹੀਂ ਸੀ ਜਿਸ ਨੂੰ ਐਨਾ ਉੱਚਾ ਸਨਮਾਨ ਦਿਤਾ ਜਾਂਦਾ। ਉਹ ਕੇਵਲ ਵਜ਼ੀਰ ਖਾਨ ਦਾ ਜਾਸੂਸ ਸੀ।

ਦੋ ਦਿਨ ਪਿਛੋਂ ੩੦ ਅਕਤੂਬਰ ੧੭੦੮ ਨੂੰ ਬਾਦਸ਼ਾਹ ਨੇ ਗੁਰੂ ਜੀ ਦੇ ਪਰਵਾਰ ਨੂੰ ਵੀ ਮਾਤਮੀ ਖਿੱਲਤ ਦੇਣ ਦਾ ਹੁਕਮ ਦਿੱਤਾ। ਇਸ ਦਾ ਭਾਵ ਹੋਇਆ ਕਿ ਬਾਦਸ਼ਾਹ ਨੇ ਜਮਸ਼ੇਦ ਖਾਨ ਅਤੇ ਗੁਰੂ ਗੋਬਿੰਦ ਸਿੰਘ ਜੀ ਨੂੰ ਬਰਾਬਰ ਦੀਆਂ ਹਸਤੀਆਂ ਸਮਝਿਆ, ਜਿਸ ਤੋਂ ਪੱਕਾ ਹੋ ਗਿਆ ਕਿ ਜਮਸ਼ੇਦ ਖਾਨ ਨੂੰ ਬਾਦਸ਼ਾਹ ਦੀ ਹਿਮਾਇਤ ਮਿਲੀ ਹੋਈ ਸੀ।

"੧੧ ਨਵੰਬਰ ੧੭੦੮ ਨੂੰ ਬਾਦਸ਼ਾਹ ਕੋਲ ਦਰਖਾਸਤ ਪੇਸ਼ ਹੋਈ ਕਿ ਗੁਰੂ ਜੀ ਪਿਛੇ ਬਹੁਤ ਵੱਡੀ ਜਾਇਦਾਦ ਛੱਡ ਗਏ ਹਨ।" ਦਰਬਾਰੀ ਨੇ ਪੁੱਛਿਆ ਕਿ ਇਸ ਨੂੰ ਕਿਸਤਰ੍ਹਾਂ ਨਿਪਟਾਇਆ ਜਾਏ ? ਹੁਕਮ ਹੋਇਆ ਕਿ ਅਜੇਹੇ ਮਾਲ ਅਸਬਾਬ ਨਾਲ ਸ਼ਾਹੀ ਖ਼ਜ਼ਾਨਾ ਨਹੀਂ ਭਰਨ ਲੱਗਾ। "ਇਹ ਜਾਇਦਾਦ ਇੱਕ ਦਰਵੇਸ਼ ਦੀ ਸੀ।ਇਸ ਵਿੱਚ ਕੋਈ ਦਖ਼ਲ ਨਹੀਂ ਦਿਤਾ ਜਾਣਾ ਚਾਹੀਦਾ," ਬਾਦਸ਼ਾਹ ਦਾ ਇਹ ਹੁਕਮ ਸੀ।

ਬਾਦਸ਼ਾਹ ਦਾ ਇਸਤਰ੍ਹਾ ਦਰਬਾਰੀਆਂ ਦੀ ਇੱਛਾ ਦੇ ਵਿਰੁਧ ਗੁਰੂ ਜੀ ਦੀ ਜਾਇਦਾਦ ਨੂੰ ਜ਼ਬਰ ਕਰਨ ਤੋਂ ਇਨਕਾਰ ਉਸ ਦੀ ਕੂਟਨੀਤੀ ਅਤੇ ਮੱਕਾਰੀ ਦਰਸਾਉਂਦਾ ਹੈ। ਇਹ ਬਿਲਕੁਲ ਉਸ ਦੀ ਸਾਜ਼ਸ਼ ਨੂੰ ਲੁਕਾਉਣ ਲਈ ਮੂੰਹ-ਰਖਣੀ ਅਤੇ ਰਾਜ ਸੀ, ਜਿਵੇਂ ਹ. ਰ. ਗੁਪਤਾ ਨੇ ਆਪਣੀ ਪੁਸਤਕ "ਸਿੱਖ ਗੁਰੂ ਸਾਹਿਬਾਨ ਦਾ ਇਤਿਹਾਸ" (A History of Sikh Gurus ) ਵਿੱਚ, ਪੰਨਾ ੨੪੬ ਤੇ ਲਿਖਿਆ ਹੈ।

ਗੁਰੂ ਜੀ ਦੇ ਜ਼ਖ਼ਮ ਨੂੰ ਝਟਪਟ ਬਾਦਸ਼ਾਹ ਦੇ ਯੂਰਪੀਨ ਸਰਜਨ ਡਾਕਟਰ ਨੇ ਟਾਂਕੇ ਲਾ ਦਿਤੇ ਅਤੇ ਥੋੜੇ ਕੁ ਦਿਨਾਂ ਵਿੱਚ ਜ਼ਖ਼ਮ ਠੀਕ ਹੋ ਗਿਆ ਜਾਪਦਾ ਸੀ। ਉਸ ਤੋਂ ਛੇਤੀ ਪਿਛੋਂ ਗੁਰੂ ਜੀ ਨੇ ਇੱਕ ਸਖਤ ਤਕੜੇ ਤੀਰ-ਕਮਾਨ ਨੂੰ ਝਟਕੇ ਨਾਲ ਖਿਚਿਆ, ਉਸ ਨੂੰ ਪਰਖਣ ਲਈ, ਤਾਂ ਪੂਰਾ ਠੀਕ ਨਾ ਹੋਇਆ ਜ਼ਖ਼ਮ ਫਟ ਗਿਆ ਅਤੇ ਬਹੁਤ ਸਾਰਾ ਲਹੂ ਵਗ ਗਿਆ। ਹੁਣ ਗੁਰੂ ਜੀ ਨੇ ਵੇਖਿਆ ਕਿ ਅਕਾਲ ਪੁਰਖ ਵਲੋਂ ਸੱਦਾ ਆ ਗਿਆ ਹੈ। ਸੋ ਉਨ੍ਹਾਂ ਨੇ ਦੀਵਾਨ ਵਿੱਚ ਖਾਲਸੇ ਨੂੰ ਆਪਣੇ ਆਦੇਸ਼ ਦਾ ਅੰਤਲਾ ਅਤੇ ਚਿਰ ਸਥਾਈ ਸੰਦੇਸ਼ ਦਿਤਾ। ਗੁਰੂ ਜੀ ਨੇ ਗ੍ਰੰਥ ਸਾਹਿਬ ਦਾ ਪ੍ਰਕਾਸ਼ ਕੀਤਾ, ਪੰਜ ਪੈਸੇ ਅਤੇ ਇੱਕ ਨਰੇਲ ਇਸ ਅੱਗੇ ਰੱਖ ਕੇ ਮਰਿਆਦਾ ਪੂਰਵਕ ਮੱਥਾ ਟੇਕਿਆ, ਗੁਰਗੱਦੀ ਦੀ ਸੌਂਪਣਾ ਵਜੋਂ, ਅਤੇ ਅਗੋਂ ਗ੍ਰੰਥ ਸਾਹਿਬ ਗੁਰੂ ਹੋ ਜਾਣ ਤੇ ਸੰਕੇਤ ਵਜੋਂ। ਗੁਰੂ ਜੀ ਨੇ ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਹਿ ਬੁਲਾਈ ਅਤੇ ਪਵਿਤਰ ਗੁਰੂ ਗ੍ਰੰਥ ਸਾਹਿਬ ਜੀ ਦੀ ਪਰਕਰਮਾ ਕੀਤੀ। ਫਿਰ ਬਚਨ ਕੀਤਾ, "ਪਿਆਰੇ ਖਾਲਸਾ ਜੀ, ਜੋ ਵੀ ਮੇਰਾ ਦਰਸ਼ਨ ਕਰਨਾ ਚਾਹੇ ਉਹ ਗੁਰੂ ਗ੍ਰੰਥ ਸਾਹਿਬ ਦੇ ਦਰਸ਼ਨ ਕਰੇ।ਗੁਰੂ ਗ੍ਰੰਥ ਸਾਹਿਬ ਦੇ ਹੁਕਮ ਮੰਨਣਾ। ਇਹ ਗੁਰੂ ਸਾਹਿਬਾਨ ਦਾ ਪ੍ਰਗਟ ਰੂਪ ਹਨ; ਅਤੇ ਜੋ ਮੈਨੂੰ ਮਿਲਣਾ ਚਾਹੇ ਉਹ ਉਦਮ ਕਰਕੇ ਗੁਰੂ ਗ੍ਰੰਥ ਸਾਹਿਬ ਦੇ ਸ਼ਬਦਾਂ ਵਿਚੋਂ ਖੋਜ ਲਵੇ।"

ਭਠ ਵਹੀ ਭਾਦਸੌਂ ਪਰਗਨਾ ਥਾਨੇਸਰ ਵਿੱਚ ਇਹ ਲਿਖਿਆ ਹੈ :

"ਗੁਰੂ ਗੋਬਿੰਦ ਸਿੰਘ ਜੀ, ਮਹਿਲ ਦਸਵਾਂ, ਬੇਟਾ ਗੁਰੂ ਤੇਗ ਬਹਾਦਰ ਜੀ ਕਾ, ਪੋਤਾ ਗੁਰੂ ਹਰਗੋਬਿੰਦ ਜੀ ਕਾ, ਪੜਪੋਤਾ ਗੁਰੂ ਅਰਜਨ ਜੀ ਕਾ, ਬਨਸ ਗੁਰੂ ਰਾਮਦਾਸ ਜੀ ਕੀ, ਸੂਰਜਬਨਸੀ, ਗੋਸਲ ਗੋਤਰਾ, ਸੋਢੀ ਖਤਰੀ, ਬਾਸੀ ਅਨੰਦਪੁਰ, ਪਰਗਨਾ ਕਹਿਲੂਰ, ਮਕਾਮ ਨੰਦੇਰ, ਤਦ ਗੋਦਾਵਰੀ, ਦੇਸ ਦਖਨ, ਸੰਮਤ ਸਤਰਾਂ ਸੌ ਪੈਂਸਠ, ਕਤੱਕ ਮਾਸ ਕੀ ਚੌਥ, ਸ਼ੁਕਲਿ ਪੱਖ, ਬੁਧਵਾਰ ਕੇ ਦਿਨ, ਭਾਈ ਦਿਆ ਸਿੰਘ ਸੇ ਬਚਨ ਹੋਆ, ਸ੍ਰੀ ਗ੍ਰੰਥ ਸਾਹਿਬ ਲੇ ਆਓ। ਬਚਨ ਪਾਏ ਦਿਆ ਸਿੰਘ ਸ੍ਰੀ ਗ੍ਰੰਥ ਸਾਹਿਬ ਲੇ ਆਏ। ਗੁਰੂ ਜੀ ਨੇ ਪੰਚ ਪੈਸੇ ਏਕ ਨਾਰੀਅਲ ਆਗੇ ਭੇਟਾ ਰਖਾ, ਮਥਾ ਟੇਕਾ, ਸਰਬਤ ਸੰਗਤ ਸੇ ਕਹਾ: ਮੇਰਾ ਹੁਕਮ ਹੈ, ਮੇਰੀ ਜਗਾ ਸ੍ਰੀ ਗ੍ਰੰਥ ਕੋ ਜਾਨਨਾ, ਜੋ ਸਿੱਖ ਜਾਨੇਗਾ ਤਿਸ ਕੀ ਘਾਲ ਥਾਇੰ ਪਏਗੀ, ਗੁਰੂ ਤਿਸ ਕੀ ਬਹੁੜੀ ਕਰੇਗਾ, ਸਤ ਕਰ ਮਾਨਨਾ।"

ਉਸ ਵੇਲੇ ਇਹ ਹੁਕਮਨਾਮਾ ਆਇਆ (ਮਾਰੂ ਮਹਲਾ ੪, ਪੰਨਾ ੧੦੦੦)
ਖੁਲਿਆ ਕਰਮੁ ਕ੍ਰਿਪਾ ਭਈ ਠਾਕੁਰ ਕੀਰਤਨੁ ਹਰਿ ਹਰਿ ਗਾਈ।
ਸ੍ਰਮੁ ਥਾਕਾ ਪਾਏ ਬਿਸ੍ਰਾਮਾ ਮਿਟਿ ਗਈ ਸਗਲੀ ਧਾਈ।
ਅਬ ਮੋਹਿ ਜੀਵਨ ਪਦਵੀ ਪਾਈ।
ਚੀਤਿ ਆਇਓ ਮਨਿ ਪੁਰਖੁ ਬਿਧਾਤਾ ਸੰਤਨ ਕੀ ਸਰਣਾਈ।੧।ਰਹਾਉ।
ਕਾਮੁ ਕ੍ਰੋਧੁ ਲੋਭ ਮੋਹੁ ਨਿਵਾਰੇ ਨਿਵਰੇ ਸਗਲ ਬੈਰਾਈ।
ਸਦ ਹਜੂਰਿ ਹਾਜਰੁ ਹੈ ਨਾਜਰੁ ਕਤਹਿ ਨ ਭਇਓ ਦੂਰਾਈ।੨।
ਸੁਖ ਸੀਤਲ ਸਰਧਾ ਸਭ ਪੂਰੀ ਹੋਏ ਸੰਤ ਸਹਾਈ।
ਪਾਵਨ ਪਤਿਤ ਕੀਏ ਖਿਨ ਭੀਤਰਿ ਮਹਿਮਾ ਕਥਨੁ ਨ ਜਾਈ।੩।
ਨਿਰਭਉ ਭਏ ਸਗਲ ਭੈ ਖੋਏ ਗੋਬਿਦ ਚਰਣ ਓਟਾਈ।
ਨਾਨਕੁ ਜਸੁ ਗਾਵੈ ਠਾਕੁਰ ਕਾ ਰੈਣਿ ਦਿਨਸੁ ਲਿਵ ਲਾਈ।

ਫਿਰ ਗੁਰੂ ਜੀ ਨੇ ਆਪਣਾ ਇਹ ਸ਼ਬਦ ਉਚਾਰਨ ਕੀਤਾ : [੨੩]

"ਆਗਿਆ ਭਈ ਅਕਾਲ ਕੀ ਤਬੀ ਚਲਾਇਓ ਪੰਥ।
ਸਭ ਸਿਖਨ ਕੋ ਹੁਕਮ ਹੈ ਗੁਰੂ ਮਾਨਯੋ ਗ੍ਰੰਥ।
ਗੁਰੂ ਗਰੰਥ ਜੀ ਮਾਨਯੋ ਪਰਗਟ ਗੁਰਾਂ ਕੀ ਦੇਹ।
ਜੋ ਪ੍ਰਭੂ ਕੋ ਮਿਲਬੋ ਚਹੈ ਖੋਜ ਸ਼ਬਦ ਮੇਂ ਲੇਹ।

ਗੁਰੂ ਜੀ ਨੇ ਆਪਣੇ ਧਰਮ ਦੇ ਬਾਨੀ ਗੁਰੂ ਨਾਨਕ ਦੇਵ ਜੀ ਤੋਂ ਪ੍ਰਾਪਤ ਅਧਿਆਤਮਕ ਪਰਉਪਕਾਰਾਂ ਲਈ ਕ੍ਰਿਤੱਗਤਾ ਪ੍ਰਗਟ ਕਰਦਿਆਂ ਫਾਰਸੀ ਵਿੱਚ ਇਹ ਦੋਹਾ ਉਚਾਰਨ ਕੀਤਾ :

"ਦੇਗ ਤੇਗ ਫਤਹਿ ਬੇਦਰੰਗ ਯਾਫਤ ਅਜ਼ ਨਾਨਕ ਗੁਰੂ ਗੋਬਿੰਦ ਸਿੰਘ।"

**ਅਰਥਾਤ :** "ਗੋਬਿੰਦ ਸਿੰਘ ਨੂੰ ਗੁਰੂ ਨਾਨਕ ਜੀ ਕੋਲੋਂ ਦੇਗ, ਤੇਗ, ਫਤਹਿ ਅਤੇ ਫੌਰੀ ਸਹਾਇਤਾ ਦੀ ਬਖਸ਼ਿਸ਼ ਹੋਈ।"

(ਇਹ ਸਤਰਾਂ, ਗੁਰੂ ਜੀ ਦੇ ਜੋਤੀ ਜੋਤ ਸਮਾਉਣ ਪਿਛੋਂ, ਸਿੱਖਾਂ ਨੇ ਇੱਕ ਮੋਹਰ ਉਤੇ ਉਕਰ ਲਈਆਂ ਅਤੇ ਮਹਾਰਾਜਾ ਰਣਜੀਤ ਸਿੰਘ ਨੇ ਰਾਜ ਸੰਭਾਲਣ ਪਿਛੋਂ ਚਲਾਏ ਸਿਕਿਆਂ ਉਤੇ ਵਰਤੀਆਂ।)

ਤਦ ਗੁਰੂ ਜੀ ਜੋਤੀ ਜੋਤ ਸਮਾ ਗਏ। ਸਿੱਖਾਂ ਨੇ ਜਿਵੇਂ ਗੁਰੂ ਜੀ ਹੁਕਮ ਕਰ ਗਏ ਸਨ ਅੰਤਿਮ ਸਸਕਾਰ ਦੀ ਤਿਆਰੀ ਕੀਤੀ, ਕੀਤਰਨ ਸੋਹਿਲਾ ਦਾ ਪਾਠ ਹੋਇਆ ਅਤੇ ਪ੍ਰਸ਼ਾਦ ਵਰਤਾਇਆ ਗਿਆ।

ਜਦ ਸਭ ਸਿੱਖ ਗੁਰੂ ਜੀ ਦੇ ਵਿਛੋੜੇ ਕਾਰਨ ਸੋਗ ਮਨਾਂ ਰਹੇ ਸਨ ਇੱਕ ਗੁਰਸਿੱਖ ਆਇਆ ਅਤੇ ਉਸ ਨੇ ਕਿਹਾ, "ਆਪ ਸਮਝਦੇ ਹੋ ਕਿ ਗੁਰੂ ਜੀ ਦੀ ਮਿਰਤੂ ਹੋ ਗਈ ਹੈ। ਮੈਂ ਉਨ੍ਹਾਂ ਦੇ ਅੱਜ ਸਵੇਰੇ ਲਾਖ ਦੇ ਰੰਗ ਦੇ ਘੋੜੇ ਉਤੇ ਸਵਾਰ ਦਰਸ਼ਨ ਕੀਤੇ ਹਨ। ਮੈਂ ਸਿਰ ਨਿਵਾ ਕੇ ਬੇਨਤੀ ਕੀਤੀ ਕਿ ਆਪ ਕਿਧਰ ਜਾ ਰਹੇ ਹੋ, ਤਾਂ ਗੁਰੂ ਜੀ ਮੁਸਕਰਾਏ ਅਤੇ ਉਤਰ ਦਿਤਾ ਕਿ ਉਹ ਜੰਗਲ ਵਿੱਚ ਸ਼ਿਕਾਰ ਖੇਡਣ ਜਾ ਰਹੇ ਸੀ।"

ਜਿਨ੍ਹਾਂ ਸਿੱਖਾਂ ਨੇ ਇਹ ਵਾਰਤਾ ਸੁਣੀ ਉਹ ਇਸ ਸਿੱਟੇ ਤੇ ਪਹੁੰਚੇ **ਕਿ ਇਹ ਸਭ ਗੁਰੂ ਜੀ ਦਾ ਕੌਤਕ ਸੀ, ਉਹ ਨਿਰੰਤਰ ਆਤਮਕ ਸੁਖ ਵਿੱਚ ਨਿਵਾਸ ਕਰ ਰਹੇ ਸਨ ਅਤੇ ਜਿਥੇ ਵੀ ਕੋਈ ਉਨ੍ਹਾਂ ਨੂੰ ਯਾਦ ਕਰਦਾ ਦਰਸ਼ਨ ਦਿੰਦੇ ਸਨ। ਜਿਸ ਨੇ ਵੀ ਆਪਣੇ ਹਿਰਦੇ ਵਿੱਚ ਅਕਾਲ ਪੁਰਖ ਨਾਲ ਪਿਆਰ ਦਾ ਇੱਕ ਦਾਣਾ ਮਾਤਰਾ ਖ਼ਜ਼ਾਨਾ ਵੀ ਰੱਖਿਆ ਹੋਇਆ ਹੈ ਉਹ ਸੁਭਾਗਾ ਹੈ ਅਤੇ ਗੁਰੂ ਜੀ ਅਜੇਹੇ ਸ਼ਰਧਾਲੂ ਨੂੰ**

**ਗੁਝੇ ਢੰਗਾਂ ਰਾਹੀਂ ਦਰਸ਼ਨ ਦਿੰਦੇ ਹਨ ਇਸ ਲਈ ਅਜੇਹੇ ਗੁਰੂ ਜੀ, ਜੋ ਦੇਹ ਕਰਕੇ ਸਚਖੰਡਿ ਪਧਾਰ ਗਏ ਹਨ, ਲਈ ਕੋਈ ਸੋਗ ਨਹੀਂ ਹੋਣਾ ਚਾਹੀਦਾ।**

ਸਤਿਗੁਰੂ ਜੀ ਆਪਣੇ ਸਦੀਵੀ ਗ੍ਰਹਿ ਵਿਖੇ ੫ ਸੁਦੀ ਕਤਕ, ਸੰਮਤ ੧੭੬੫ (੭ ਅਕਤਬਰ ੧੭੦੮ ਈ.) ਨੂੰ ਪਰਤ ਗਏ। ਉਸ ਸਮੇਂ ਉਨ੍ਹਾਂ ਦੀ ਆਯੂ ੪੨ ਵਰ੍ਹੇ ਸੀ।

ਇਹ ਸੰਸਾਰ ਤਿਆਗਣ ਸਮੇਂ ਗੁਰੂ ਜੀ ਨੇ ਹੁਕਮ ਕੀਤਾ ਕਿ, "ਜੇ ਕੋਈ ਮੇਰੇ ਸਤਿਕਾਰ ਵਜੋਂ ਕੋਈ ਦੇਹੁਰਾ ਉਸਾਰੇਗਾ ਉਸ ਦਾ ਸਰਬੰਸ ਨਾਸ ਹੋਵੇਗਾ।"

ਨੰਦੇੜ ਵਿੱਚ ਗੁਰਦੁਆਰਾ ਅਬਿਚਲ ਨਗਰ ਕਹਾਉਂਦਾ ਹੈ। ਇਹ ਮਹਾਰਾਜਾ ਰਣਜੀਤ ਸਿੰਘ ਨੇ ਗੁਰੂ ਜੀ ਵਲੋਂ ਮਨਾਹੀ ਦੇ ਹੁੰਦਿਆਂ ਵੀ ਸੰਨ ੧੮੩੨ ਵਿੱਚ ਬਣਵਾਇਆ ਸੀ। ਸੋ ਮਹਾਰਾਜਾ ਰਣਜੀਤ ਸਿੰਘ ਪਿਛੋਂ ਉਸ ਦੇ ਸ਼ਾਹੀ ਘਰਾਣੇ ਦੇ ਰਾਜ ਦਾ ਅੰਤ ਹੋ ਗਿਆ। ਗੁਰੂ ਜੀ ਦੀ ਭਵਿਖਵਾਣੀ ਪੂਰੀ ਹੋਈ।

੧. ਇਕ ਦਿਨ ਇਕ ਸਿਖ ਆਇਆ ਅਤੇ ਗੁਰੂ ਜੀ ਨੂੰ ਆਪਣੀ ਪੁੱਤਰੀ, ਸੁੰਦਰੀ, ਨਾਲ ਵਿਆਹ ਕਰਨ ਲਈ ਬੇਨਤੀ ਕੀਤੀ। ਗੁਰੂ ਜੀ ਰਿਸ਼ਤਾ ਕਰਨਾ ਨਹੀਂ ਚਾਹੁੰਦੇ ਸਨ ਪਰ ਉਨ੍ਹਾਂ ਦੀ ਮਾਤਾ ਜੀ ਨੇ ਜੋਰੋ ਜੋਰੀ ਕਰਵਾ ਦਿੱਤਾ। ਪਰ ਇਹ ਮੰਨਿਆ ਜਾਂਦਾ ਹੈ ਕਿ ਸੁੰਦਰੀ ਜੀਤੋ ਜੀ ਦਾ ਦੂਜਾ ਨਾਮ ਸੀ। ਗੁਰੂ ਜੀ ਦੀ ਦੂਜੀ ਸੁਪਤਨੀ ਨਹੀਂ ਸੀ। ਇਹ ਵੀ ਮੰਨਿਆ ਜਾਂਦਾ ਹੈ ਕਿ ਜੀਤੋ ਨਾਮ ਉਸ ਦੇ ਪੇਕਿਆਂ ਦਾ ਸੀ ਅਤੇ ਸੁੰਦਰੀ ਨਾਮ ਮਾਤਾ ਜੀਤੋ ਜੀ ਦਾ ਗੁਰੂ ਦੇ ਪਾਸੇ ਵਲੋਂ ਸੀ। ਇਹ ਵਰਤਾਰਾ ਸਮਾਜ ਵਿਚ ਆਮ ਸੀ।)

੨. ਰਾਇਪੁਰ ਅੰਬਾਲੇ ਦੇ ਨੇੜੇ ਹੈ। ਰਾਇਪੁਰ ਦੇ ਕਿਲ੍ਹੇ ਵਿਚ ਉਸ ਸਥਾਨ ਤੇ ਗੁਰਦੁਆਰਾ ਬਣਿਆ ਹੋਇਆ ਹੈ ਜਿਥੇ ਗੁਰੂ ਜੀ ਨੇ ਰਾਣੀ ਦੇ ਮਹਿਮਾਨ ਦੇ ਤੌਰ ਤੇ ਪ੍ਰਸ਼ਾਦਿ ਛਕਿਆ। ਕਿਲ੍ਹੇ ਤੋਂ ਬਾਹਰ ਵੀ ਇਕ ਗੁਰਦੁਆਰਾ ਹੈ ਜਿਥੇ ਗੁਰੂ ਜੀ ਦਾ ਤੰਬੂ ਲੱਗਾ ਸੀ।

੩. ਬਵੰਜਾ ਕਵੀ ਤਾਂ ਗੁਰੂ ਜੀ ਦੀ ਪੱਕੀ ਨੌਕਰੀ ਵਿਚ ਸਨ ਪਰ ਇਹ ਗਿਣਤੀ ਇਕ ਸਮੇਂ ਵਧਕੇ ੯੪ ਹੋ ਗਈ ਸੀ।

੪. ਕਈ ਕਹਿੰਦੇ ਹਨ ਕਿ ਤੀਜੀ ਵਾਰ ਹਿੰਮਤ ਚੰਦ ਅਗੇ ਆਇਆ ਸੀ ਅਤੇ ਮੋਹਕਮ ਚੰਦ ਚੌਥਾ ਸਿਖ ਸੀ।

੫. ਅਸਲ ਵਿਚ ਅਨੰਦਪੁਰ ਸੰਨ ੧੬੮੯ ਵਿਚ ਪੰਜ ਕਿਲ੍ਹੇ ਬਣਾਏ ਗਏ ਸਨ। ਇਹ ਸਨ : ਅਨੰਦਗੜ੍ਹ, ਲੋਹਗੜ੍ਹ, ਫਤਹਿਗੜ੍ਹ, ਕੇਸਗੜ੍ਹ ਅਤੇ ਹੋਲਗੜ੍ਹ।

੬. ਬਚਿਤਰ ਸਿੰਘ ਬੜੇ ਵਡੇ ਸਰੀਰ ਵਾਲਾ ਨਹੀਂ ਸੀ ਅਤੇ ਇਸ ਦੇ ਬਰਛੇ ਦਾ ਵਜ਼ਨ ੨੦ ਕੁ ਸੇਰ ਸੀ। ਇਹ ਅਨੰਦਪੁਰ ਦੇ ਕਿਲ੍ਹੇ ਵਿਚ ਅਜੇ ਭੀ ਹੈ।

੭. ਗੁਰੂ ਜੀ ਉਸ ਸਮੇਂ ਮਾਲਵੇ ਦੇ ਸਿਖਾਂ ਦੀ ਸੈਨਾ ਆਉਣ ਦੀ ਆਸ ਕਰ ਰਹੇ ਸੀ ਅਤੇ ਇਸੇ ਕਾਰਨ ਉਹ ਸਿਖਾਂ ਨੂੰ ਰੁਕ ਜਾਣ

ਲਈ ਕਹਿ ਰਹੇ ਸੀ। ਅਸਲ ਵਿਚ ਸੈਨਾ ਪਹੁੰਚੀ ਤਾਂ ਸੀ ਪਰ ਅਨੰਦਪੁਰ ਦੀ ਰੱਖਿਆ ਕਰਨ ਲਈ ਬਹੁਤ ਪਛੜ ਕੇ।

੮. ਕਈ ਲੇਖਕ ਦਸਦੇ ਹਨ ਕਿ ਗੁਰੂ ਜੀ ਦੇ ਪਿਛੇ ਆ ਰਹੇ ੧੫੦੦ ਸਿਖ ਸਨ।

੯. ਇਹ ਭਾਈ ਜੈਤਾ ਜੋ ਗੁਰੂ ਤੇਗ ਬਹਾਦਰ ਜੀ ਦਾ ਸੀਸ ਦਿਲੀ ਤੋਂ ਲਿਆਇਆ ਸੀ, ਅੰਮ੍ਰਿਤ ਛਕਣ ਤੋਂ ਬਾਦ ਰਖਿਆ ਨਾਮ ਸੀ।

੧੦. ਇਹ ਥਾਂ ਰੋਪੜ ਤੋਂ ਦਸ ਕੁ ਮੀਲ ਪਰ ਹੈ।

੧੧. ਕਈ ਲੇਖਕ ਕਹਿੰਦੇ ਹਨ ਕਿ ਉਸ ਵੇਲੇ ਗੜ੍ਹੀ ਵਿਚ ਬਾਰਾਂ ਸਿਖ ਪਿਛੇ ਰਹੇ ਸਨ।

੧੨. ਇਸ ਸਥਾਨ ਤੇ ਤਾੜੀ ਸਾਹਿਬ ਨਾਮ ਦਾ ਗੁਰਦਵਾਰਾ ਹੈ ਜਿਥੇ ਗੁਰੂ ਜੀ ਨੇ ਤਾੜੀ ਵਜਾਈ ਸੀ। ਚਮਕੌਰ ਸਾਹਿਬ ਵਿਚ ਚਾਰ ਗੁਰਦਵਾਰੇ ਹਨ। ਪਹਿਲਾ, ਦਮਦਮਾ ਸਾਹਿਬ, ਜਿਥੇ ਗੁਰੂ ਜੀ ਨੇ ਗੜ੍ਹੀ ਵਿਚ ਜਾਣ ਤੋਂ ਪਹਿਲਾਂ ਆਰਾਮ ਕੀਤਾ। ਦੂਜਾ ਗੜ੍ਹੀ ਸਾਹਿਬ, ਤੀਜਾ ਕਤਲ ਗੜ੍ਹ ਸਾਹਿਬ ਜਿਥੇ ਸਾਹਿਬਜ਼ਾਦਿਆਂ ਦਾ ਸਸਕਾਰ ਕੀਤਾ ਗਿਆ ਅਤੇ ਚੌਥਾ ਤਾੜੀ ਸਾਹਿਬ।

੧੩. ਇਹ ਮੋਰ ਪੰਖ ਇਕੱਠੇ ਕਰਕੇ ਬਣਾਈ ਸਨਮਾਨ ਵਲੋਂ ਗੁਰੂ ਜੀ ਦੇ ਸੀਸ ਉਤੇ ਝਲਾਈ ਜਾ ਰਹੀ ਸੀ।

੧੪. 'ਉਚ ਦਾ ਪੀਰ' ਤੋਂ ਭਾਵ ਸੀ ਉਤਰ-ਪੱਛਮੀ ਪੰਜਾਬ ਦੇ ਉਚ ਨਾਮੀ ਨਗਰ ਦਾ ਮੁਸਲਮਾਨ ਦਰਵੇਸ਼ ਅਰਥਾਤ ਫ਼ਕੀਰ।

੧੫. ਇਹ ਭੀ ਕਿਹਾ ਜਾਂਦਾ ਹੈ ਕਿ ਗੁਰੂ ਜੀ ਭਾਈ ਮਨੀ ਸਿੰਘ ਦੇ ਵਡੇ ਭਰਾਤਾ ਨਗਾਹੀਆ ਸਿੰਘ ਨੂੰ ਮਿਲੇ। ਉਹ ਅਤੇ ਉਸਦਾ ਪੁਤਰ ਘੋੜਿਆਂ ਦੇ ਵਪਾਰੀ ਸਨ ਅਤੇ ਇਹ ਘੋੜਾ ਉਨ੍ਹਾਂ ਨੇ ਗੁਰੂ ਜੀ ਦੀ ਭੇਟਾ ਕੀਤਾ ਸੀ।

੧੬. 'ਸੂਰਾਜ ਪ੍ਰਕਾਸ਼' ਵਿਚ ਲਿਖਿਆ ਹੈ ਕਿ ਮਹਿਰਾਜ ਦੇ ਬਾਬਾ ਫੂਲ ਦੇ ਦੋ ਬੇਟਿਆਂ, ਤਿਲੋਕ ਸਿੰਘ ਅਤੇ ਰਾਮ ਸਿੰਘ, ਜੋ ਉਸ ਸਮੇਂ ਸਰਹਿੰਦ ਵਿਚ ਸਨ, ਨੇ ਇਨ੍ਹਾਂ ਦੋਹਾਂ ਦਾ ਸੰਸਕਾਰ ਕੀਤਾ ਸੀ।

੧੭. ਗੁਰੂ ਨਾਨਕ ਦੇਵ ਜੀ ਨੇ ਮੁਗਲ ਬਾਦਸ਼ਾਹ ਬਾਬਰ ਨੂੰ ਉਸਦੀ ਵੰਸ ਦੇ ਲੰਮੇ ਰਾਜ ਦੀ ਬਖਸ਼ਸ਼ ਕੀਤੀ ਸੀ। ਕਿਉਂਕਿ ਮੁਗਲ ਬਾਦਸ਼ਾਹ ਅਨਿਆਂ, ਝੂਠ, ਧੋਖਾ, ਜ਼ੁਲਮ ਅਤੇ ਜਬਰ ਕਰਨ ਲਗੇ ਸਨ, ਉਹਨਾਂ ਦੇ ਰਾਜ ਦੇ ਅੰਤ ਦੀ ਲੋੜ ਸੀ। ਝਾੜੀ ਦੀਆਂ ਜੜ੍ਹਾਂ ਪੁਟਦਿਆਂ ਗੁਰੂ ਜੀ ਅਸਲ ਵਿਚ ਮੁਗਲ ਰਾਜ ਦੀਆਂ ਜੜ੍ਹਾਂ ਪੁਟ ਰਹੇ ਸਨ, ਜੋ ਉਸ ਪਿਛੋਂ ਅੰਤ ਹੋ ਗਿਆ।

੧੮. ਇਸ ਜ਼ੁਲਮ ਤੋਂ ਤਿੰਨ ਵਰ੍ਹੇ ਪਿਛੋਂ ਬੰਦਾ ਸਿੰਘ ਬਹਾਦਰ ਨੇ ਸਰਹਿੰਦ ਨੂੰ ਬਰਬਾਦ ਕਰਕੇ ਵੈਰੀ ਦਾ ਪੂਰਾ ਨਾਸ ਕਰ ਦਿਤਾ।

੧੯. 'ਜ਼ਫ਼ਰ' ਦਾ ਭਾਵ ਹੈ 'ਫਤਹਿ'। ਇਹ ਬਾਦਸ਼ਾਹ ਨੂੰ ਫਾਰਸੀ ਕਵਿਤਾ ਵਿਚ ਲਿਖਿਆ ਪੱਤਰ ਸੀ। ਇਹ ਫਾਰਸੀ ਬੋਲੀ ਦਾ ਸ਼ਾਹਕਾਰ ਕਰਕੇ ਵੀ ਪ੍ਰਸਿਧ ਹੈ।

੨੦. ਇਸ ਬੀੜ ਦੇ ਉਤਾਰੇ ਪਿਛੋਂ ਤਿਆਰ ਕੀਤੇ ਗਏ ਸਨ।

੨੧. ਕੋਇਰ ਸਿੰਘ- ਗੁਰਬਿਲਾਸ ਪਾ.੧੦: ''ਹਰੇਕ ਦਿਨ ਗੁਰੂ ਜੀ ਸੋਨੇ ਅਤੇ ਚਾਂਦੀ ਦੀਆਂ ਮੁਹਰਾਂ ਵੰਡਦੇ ਸਨ ਜਿਸ ਕਾਰਨ ਅਨਗਿਣਤ ਫੌਜੀ ਇਸ ਅਸਥਾਨ ਵੱਲ ਖਿਚੇ ਆਉਂਦੇ ਸਨ।

੨੨. ਕਈ ਲੇਖਕ ਕਹਿੰਦੇ ਹਨ ਕਿ ਬਹਾਦਰ ਸ਼ਾਹ ਤੇ ਕਈ ਬੰਦੇ ਗੁਰੂ ਜੀ ਪਾਸ ਭੇਜੇ।

੨੩. ਗਿਆਨੀ ਗਿਆਨ ਸਿੰਘ - ਸ੍ਰੀ ਗੁਰੂ ਪੰਥ ਪ੍ਰਕਾਸ਼ ਪੰਨਾ ੧੭੧੯